ਤਿਮਾਹੀ

# ਸਾਂਝ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ !



ਅਪ੍ਰੈਲ,ਮਈ,ਜੂਨ-2007

# ਸਾਂਝ

ਅੰਕ-1, ਅਪ੍ਰੈਲ 2007


**ਮੈਨੇਜਿੰਗ ਐਡੀਟਰ**
ਸਫ਼ੀਰ ਰਾਮਾਹ

**ਐਡੀਟਰ**
ਡਾ. ਮਨੁ ਸ਼ਰਮਾ ਸੋਹਲ
ਡਾ. ਜਗਤਾਰ ਧੀਮਾਨ (ਆਨਰੇਰੀ)
ਜਾਵੇਦ ਬੂਟਾ
ਅਨੰਤ ਕੌਰ

**ਸਹਿਯੋਗੀ**
ਮੁਹੰਮਦ ਆਸਿਫ਼ ਰਜ਼ਾ
ਸਾਜਿਦ ਨਦੀਮ

**ਮੁੱਖ ਚਿੱਤਰ**
ਸਾਬਿਰ ਨਜ਼ਰ

**ਜਿਲਦਸਾਜ਼ੀ**
ਆਰਟਕੇਵ, ਲੁਧਿਆਣਾ 141004, ਪੰਜਾਬ (ਭਾਰਤ)

**ਵੈਬ ਪੇਜ**
www.apnaorg.com

**ਮੁੱਲ**
ਭਾਰਤ ਵਿਚ
ਪ੍ਰਤਿ ਅੰਕ : 75 ਰੁਪਏ
ਸਲਾਨਾ : 250 ਰੁਪਏ
ਸੰਸਥਾਵਾਂ ਲਈ
ਸਲਾਨਾ : 400 ਰੁਪਏ

ਵਿਦੇਸ਼ਾਂ ਵਿਚ (ਹਵਾਈ ਡਾਕ ਰਾਹੀਂ)
ਪ੍ਰਤਿ ਅੰਕ : US$ 10
ਸਲਾਨਾ : US$ 50
ਸੰਸਥਾਵਾਂ ਲਈ : US$ 100

ਲੁਧਿਆਣਾ ਤੋਂ ਬਾਹਰਲੇ ਚੈਕ ਵਿਚ 25 ਰੁਪਏ ਜੋੜੇ ਜਾਣ ਜੀ



**ਰਾਬਤੇ ਲਈ**
ਫੋਨ :
098152-98772, 098156-59837
email :
rammah@apnaorg.com
smvedswar@yahoo.com
jagdhiman@rediffmail.com





**ਮਿਲਣ ਦਾ ਪਤਾ:**
ਈ 589, ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ - 141 004, ਪੰਜਾਬ (ਭਾਰਤ)
ਫੋਨ : 0161-4618772, 098152-98772



**ਛਾਪਾਖਾਨਾ :**
ਆਰਟਕੇਵ ਪ੍ਰਿੰਟਰਜ਼, 1978/2, ਮਹਾਰਾਜ ਨਗਰ,
ਫਿਰੋਜ਼ਪੁਰ ਰੋਡ, ਲੁਧਿਆਣਾ - 141 004,
ਪੰਜਾਬ (ਭਾਰਤ)
ਫੋਨ : 0161-2774236, 98766-68999



**ਰਿਸਾਲੇ ਵਿਚ ਛਪੇ ਲੇਖਾਂ ਨਾਲ ਐਡੀਟਰਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

ਸਾਂਝ

## ਵੇਰਵਾ

**ਗੱਲਬਾਤ** 3

**ਦੋਹਾਂ ਪੰਜਾਬਾਂ ਦੀ ਗੱਲ**
ਦੋ ਪੰਜਾਬ – ਜਨੂਬੀ ਏਸ਼ੀਆ ਵਿਚ ਅਮਨ ਦਾ ਸਕਾਫ਼ਤੀ ਰਾਹ: ਆਲੀਸਾ ਅਇਰਜ਼ 4

**ਮਾਂ ਬੋਲੀ**
ਕਨੇਡਾ ਦਾ ਪੰਜਾਬੀ ਅਦਬ–ਇਕ ਝਾਤ : ਸਾਧੂ ਬਿਨਿੰਗ 14
ਕਤਰ ਵਿੱਚ ਸੱਜਣਾਂ ਨਾਲ ਮੁਲਾਕਾਤ : ਰਾਜਾ ਮੁਹੰਮਦ ਅਹਿਮਦ 20

**ਤਵਾਰੀਖ਼**
ਮੁੜ ਸਿਕੰਦਰ ਹਾਰਿਆ : ਮੁਹਮਦ ਆਸਫ਼ ਰਜਾ (ਰੂਪਕਾਰ) 27

**ਸ਼ਾਇਰੀ** 33-45
ਨਜਮ ਹੁਸੈਨ ਸਯੱਦ, ਸਲੀਮ ਸ਼ਹਿਜ਼ਾਦ, ਅਮਰਜੀਤ ਚੰਦਨ,
ਸਰਵਤ ਮੁਹੀਉੱਦੀਨ, ਹਰਸ਼ ਕੁਮਾਰ 'ਹਰਸ਼', ਮੁਹੰਮਦ ਅਲੀ ਮੁਜ਼ਤਰ,
ਤਨਵੀਰ ਬੁਖ਼ਾਰੀ, ਤੁਫ਼ੈਲ ਖ਼ਲਿਸ਼, ਮਸਊਦ ਮੁਨੱਵਰ

**ਕਹਾਣੀਆਂ**
ਬੱਟ ਸਾਹਿਬ : ਇਜਾਜ਼ ਸਈਅਦ 46
ਪੂਰਾ ਅਧੂਰਾ : ਜ਼ੁਬੈਰ ਅਹਿਮਦ 59
ਜੀਵਨ ਜ਼ਹਿਰ ਪਿਆਲਾ : ਅਮਰ ਜਲੀਲ 62
ਆਪਨਾ ਖ਼ੂਨ : ਡਾ. ਫ਼ਕੀਰ ਚੰਦ ਸ਼ੁਕਲਾ 68
ਮਿੱਟੀ ਦਾ ਮੋਹ : ਪਰਮਜੀਤ ਕੌਰ ਨਿੱਝਰ 74

**ਸ਼ਾਇਰੀ** 79-87
ਕਲੀਮ ਸ਼ਹਿਜ਼ਾਦ, ਸਲੀਮ ਕਾਸ਼ਰ, ਅਬਦੁਲ ਕਰੀਮ ਕੁਦਸੀ,
ਮੁਹੰਮਦ ਅਫ਼ਜ਼ਲ ਸ਼ਾਹਿਦ, ਸ਼ਗੁਫ਼ਤਾ ਨਾਜ਼ਲੀ,
ਸੁਲਤਾਨ ਖਾਰਵੀ, ਸਮੀਨਾ ਅਸਮਾਅ, ਸਫ਼ਦਰ ਹੁਸੈਨ ਬਰਕ,
ਜੀਤ ਔਲਖ, ਅਫ਼ਜ਼ਲ ਸਾਹਿਰ, ਰੂਹੀ ਕੁੰਜਾਹੀ

**ਬੰਨ੍ਹੇ ਭਾਰ ਮੁਸਾਫ਼ਰਾਂ**
ਪਾਕਿਸਤਾਨ ਯਾਤਰਾ : ਸਿੱਧੂ ਸਾਹਿਬ (ਰੂਪਕਾਰ) 88

**ਨਹੀਂ ਲੱਭਣੇ ਲਾਲ ਗਵਾਚੇ**
ਕੱਦ ਕਿਸੇ ਜਗਰਾਤੇ ਕੱਟਣੇ: ਡਾ. ਅਜ਼ਹਰ ਮਹਿਮੂਦ ਚੌਧਰੀ 96
ਮਰਣ ਦਾ ਸ਼ੌਕੀਨ–ਮੁਨੀਰ ਨਿਆਜ਼ੀ : ਮਸਊਦ ਮੁਨੱਵਰ 103
ਜਾਵੇਦ ਜ਼ਕੀ ਦੀ ਯਾਦ ਵਿੱਚ : ਜਮਸ਼ੇਦ ਉੱਪਲ 109

# ਗੱਲ ਬਾਤ

ਬਹੁਤ ਚਿਰ ਤੋਂ ਸਾਡਾ ਖ਼ਿਆਲ ਸੀ ਕਿ 'ਅਪਨਾ' ਦੇ ਮੈਂਬਰਾਂ ਲਈ ਇਕ ਪੰਜਾਬੀ ਰਿਸਾਲਾ ਸ਼ੁਰੂ ਕੀਤਾ ਜਾਏ ਤੇ ਪੰਜਾਬੀ ਦੀਆਂ ਨਵੀਆਂ ਲਿਖਤਾਂ ਉਨ੍ਹਾਂ ਤੀਕ ਅਪੜਾਈਆਂ ਜਾਣ। ਇਕ ਹੋਰ ਗੱਲ ਜਿਹੜੀ ਅਸਾਂ ਮਹਿਸੂਸ ਕੀਤੀ ਇਹ ਸੀ ਕਿ ਪੰਜਾਬੀ ਵਿੱਚ ਵੱਖੋ ਵੱਖ ਲਿਪੀਆਂ ਪੜ੍ਹਨ ਹਾਰਾਂ ਲਈ ਇੱਕ ਵੱਡੀ ਔਕੜ ਏ। ਤੇ ਲਹਿੰਦੇ ਤੇ ਚੜ੍ਹਦੇ ਪੰਜਾਬ ਵਿੱਚ ਛਪਣ ਵਾਲੀਆਂ ਲਿਖਤਾਂ ਵੇਲ਼ੇ ਸਿਰ ਇਕ ਦੂਜੇ ਤੀਕ ਨਹੀਂ ਅੱਪੜਦੀਆਂ। 'ਅਪਨਾ' ਦੇ ਚਾਰ ਹਜ਼ਾਰ ਤੋਂ ਵੱਧ ਮੈਂਬਰਾਂ ਵਿੱਚੋਂ ਬਹੁਤ ਥੋੜ੍ਹੀ ਗਿਣਤੀ ਵਿੱਚ ਅਜਿਹੇ ਨੇ ਜਿਹੜੇ ਸ਼ਾਹਮੁਖੀ ਤੇ ਗੁਰਮੁਖੀ ਦੋਵੇਂ ਲਿੱਪੀਆਂ ਪੜ੍ਹ ਸਕਦੇ ਨੇਂ। ਇਸ ਔਕੜ ਨੂੰ ਮੁੱਖ ਰੱਖ ਕੇ ਦੋਹਾਂ ਲਿੱਪੀਆਂ ਵਿੱਚ ਰਿਸਾਲਾ ਛਾਪਣ ਦਾ ਆਹਰ ਕੀਤਾ ਏ। ਇਸ ਲੋੜ ਨੂੰ ਵੀ ਮੁੱਖ ਰੱਖਿਆ ਗਿਆ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਤੋਂ ਅੱਡ, ਬਾਕੀ ਜੱਗ (ਤੀਜੇ ਪੰਜਾਬ) ਵਿੱਚ ਵਸਦੇ ਲਿਖਾਰੀਆਂ ਦੀਆਂ ਲਿਖਤਾਂ ਵੀ ਛਾਪੀਆਂ ਜਾਣ ਤੇ ਇਹ ਰਿਸਾਲਾ ਛੜਾ 'ਅਪਨਾ' ਦੇ ਮੈਂਬਰਾਂ ਲਈ ਹੀ ਨਹੀਂ, ਸਾਰੇ ਪੰਜਾਬੀਆਂ ਲਈ ਹੋਵੇ ਤੇ ਪੰਜਾਬੀਆਂ ਵਿੱਚ ਸਾਂਝ ਵਧਾਣ ਦੇ ਓਸ ਕੰਮ ਨੂੰ ਅੱਗੇ ਟੋਰੇ ਜਿਹੜਾ 'ਅਪਨਾ' ਦਾ ਮੁੱਢਲਾ ਮਕਸਦ ਏ। 'ਸਾਂਝ' ਦਾ ਪਹਿਲਾ ਪਰਾਗਾ ਹਾਜ਼ਿਰ ਏ। ਅਸੀਂ 'ਸਾਂਝ' ਨੂੰ ਇੰਨ ਬਿੰਨ ਦੋਹਾਂ ਬੰਨੇ, ਚੜ੍ਹਦੇ ਪੰਜਾਬ ਵਿੱਚ ਗੁਰਮੁਖੀ ਤੇ ਲਹਿੰਦੇ ਪੰਜਾਬ ਵਿੱਚ ਸ਼ਾਹਮੁਖੀ ਲਿਪੀ ਵਿੱਚ, ਇੱਕੋ ਵੇਲ਼ੇ ਛਾਪਣ ਦਾ ਆਹਰ ਕੀਤਾ ਏ। ਸਾਡੇ ਭਾਣੇ ਇਹ ਨਵੀਂ ਰੀਤ ਦਾ ਮੁੱਢ ਏ। ਸਾਡਾ ਕੀਤਾ ਕਰਾਇਆ ਤੁਹਾਡੇ ਹੱਥ ਏ, ਤੇ ਸਾਨੂੰ ਹੱਲਾਸ਼ੇਰੀ ਦੀ ਆਸ ਰਹੇਗੀ।

■

ਦੋਹਾਂ ਪੰਜਾਬਾਂ ਦੀ ਗੱਲ

# ਦੋ ਪੰਜਾਬ : ਜਨੂਬੀ ਏਸ਼ੀਆ ਵਿੱਚ ਅਮਨ ਦਾ ਸਕਾਫ਼ਤੀ ਰਾਹ

ਤਹਿਰੀਰ:
**ਅਲੀਸਾ ਅਇਰਜ਼**

ਤਰਜੁਮਾ:
**ਡਾ. ਜ਼ਫ਼ਰ ਇਕਬਾਲ ਮੁਹਸਿਨ**

*(ਬੀਬੀ ਅਲੀਸਾ ਅਇਰਜ਼ ਯੂਨੀਵਰਸਿਟੀ ਆਫ਼ ਪੈਨਸਲਵੇਨੀਆਂ ਵਿੱਚ ਸੈਂਟਰ ਆਫ ਐਡਵਾਂਸ ਸਟੱਡੀ ਆਫ ਇੰਡੀਆ ਦੀ ਡਿਪਟੀ ਡਾਇਰੈਕਟਰ ਨੇ ਤੇ 'ਇੰਡੀਆ ਰਿਵਿਊ' ਦੀ ਮੈਨੇਜਿੰਗ ਐਡੀਟਰ ਨੇਂ)*

ਵਰ੍ਹੇ 2005 ਵਿੱਚ ਪਾਕਿਸਤਾਨੀ ਕ੍ਰਿਕਟ ਟੀਮ ਅਪਣੇ ਢਾਈ ਮਹੀਨਿਆਂ ਦੇ ਭਾਰਤ ਦੌਰੇ ਤੇ ਸੀ। ਇਹ ਉਹਦਾ ਪਿਛਲੇ ਛੇ ਵਰ੍ਹਿਆਂ ਮਗਰੋਂ ਪਹਿਲਾ ਦੌਰਾ ਸੀ। ਪਾਕਿਸਤਾਨ ਦਾ ਪਹਿਲਾ ਮੈਚ ਭਾਰਤੀ ਪੰਜਾਬ ਦੇ ਇਕ ਛੋਟੇ ਸ਼ਹਿਰ ਮੁਹਾਲੀ ਵਿੱਚ ਸੀ ਤੇ ਵੇਖਣਹਾਰਾਂ ਦਾ ਚੋਖਾ ਰਸ਼ ਸੀ। ਪਰ ਇਹ ਪਹਿਲੇ ਦੀ ਤਰ੍ਹਾਂ ਸਿਰਫ਼ ਭਾਰਤੀ ਵੇਖਣਹਾਰਾਂ ਦਾ ਈ ਇਕੱਠ ਨਹੀਂ ਸੀ। ਹਿੰਦੁਸਤਾਨੀ ਹਕੂਮਤ ਨੇ ਪਾਕਿਸਤਾਨੀਆਂ ਨੂੰ ਵੀ ਮੈਚ ਵੇਖਣ ਦੀ ਇਜਾਜ਼ਤ ਦਿੱਤੀ ਤੇ ਘੱਟੋ ਘੱਟ ਤਰੈ ਹਜ਼ਾਰ ਪਾਕਿਸਤਾਨੀ ਮੈਚ ਵੇਖਣ ਲਈ ਆਏ। ਦੋ ਦਿਨਾਂ ਵਿੱਚ ਪਾਕਿਸਤਾਨੀ ਪੰਜਾਬ ਤੋਂ ਤਮਾਸ਼ਾਈਆਂ ਨਾਲ ਭਰੀਆਂ ਅਠੱਤੀ (38) ਲਾਰੀਆਂ ਸਰਹੱਦ ਪਾਰ ਕਰਕੇ ਹਿੰਦੁਸਤਾਨ ਪਹੁੰਚੀਆਂ। ਜਦੋਂ ਹੋਟਲਾਂ ਵਿੱਚ ਵੀ ਜਗ੍ਹਾ ਘੱਟ ਪੈ ਗਈ ਤਾਂ ਪੰਜਾਬੀਆਂ ਨੇ ਮਹਿਮਾਨਾਂ ਲਈ ਆਪਣੇ ਘਰਾਂ ਦੇ ਬੂਹੇ ਖੋਲ੍ਹ ਦਿੱਤੇ। ਇਥੋਂ ਤੀਕ ਪਈ ਪੰਜਾਬੀਆਂ ਦੇ ਭਾਈਚਾਰੇ ਦੇ ਜਜ਼ਬਾਤੀ ਕਿੱਸਿਆਂ ਨਾਲ ਉਥੋਂ ਦੇ ਅਖ਼ਬਾਰਾਂ ਦੇ ਵਰਕੇ ਭਰ ਗਏ। ਇਕ ਪਾਕਿਸਤਾਨੀ ਕੁੜੀ ਨੇ, ਜਿਹੜੀ ਹਿੰਦੁਸਤਾਨੀ ਖ਼ਾਨਦਾਨ ਦੇ ਨਾਲ ਠਹਿਰੀ ਹੋਈ ਸੀ, ਅਖ਼ਬਾਰੀ ਰਿਪੋਰਟਰਾਂ ਨੂੰ ਦੱਸਿਆ ਕਿ ਇਹ ਲੋਕ ਇੰਨੇ ਗਰਮਜੋਸ਼ ਤੇ ਚੰਗੇ ਨੇਂ ਕਿ ਉਸ ਦਾ ਜੀ ਕਰਦਾ ਏ ਕਿ ਉਹ ਉੱਕਾ ਪੁੱਕਾ ਇਥੇ ਈ ਰਹਿ ਜਾਵੇ।

ਚੜ੍ਹਦੇ ਪੰਜਾਬ ਦੇ ਦੁਕਾਨਦਾਰਾਂ ਨੇ ਆਪਣੇ

ਮਹਿਮਾਨਾਂ ਨੂੰ ਚੀਜ਼ਾਂ ਰਿਆਇਤੀ ਕੀਮਤਾਂ ਦੇ ਨਾਲ ਨਾਲ, ਸਗੋਂ ਕੁਝ ਨੇ ਤਾਂ, ਮੁਫ਼ਤ ਵੀ ਵਰਤਾਈਆਂ। ਦੋਸਤੀ ਦੀ ਇਹ ਲੈਅ ਇੰਨੀ ਉੱਚੀ ਸੀ ਕਿ ਕੁਝ ਤਮਾਸ਼ਾਈਆਂ ਨੇ ਦੋਹਾਂ ਟੀਮਾਂ ਨਾਲ ਆਪਣੀ ਯਕਜਿਹਤੀ ਦਾ ਇਜ਼ਹਾਰ ਕੀਤਾ। ਸ਼ੌਰੇ ਇਹ ਪਹਿਲੀ ਵਾਰੀ ਹੋ ਰਿਹਾ ਸੀ। ਪੰਜ ਦਿਨਾਂ ਦੇ ਟੈਸਟ ਮੈਚ ਦੀਆਂ ਜਿਹੜੀਆਂ ਤਸਵੀਰਾਂ ਨਸ਼ਰ ਕੀਤੀਆਂ ਗਈਆਂ ਉਹਨਾਂ ਵਿੱਚ ਕਈ ਨੌਜਵਾਨਾਂ ਦੇ ਮੂੰਹ ਦੇ ਇਕ ਪਾਸੇ ਭਾਰਤੀ ਤੇ ਦੂਜੇ ਪਾਸੇ ਪਾਕਿਸਤਾਨੀ ਝੰਡੇ ਬਣੇ ਹੋਏ ਵਿਖਾਏ ਗਏ।

ਸਿਰਫ਼ ਤਰੈ ਵਰ੍ਹੇ ਪਹਿਲਾਂ ਦੋਵੇਂ ਮੁਲਕ ਸਾਹਮਣੇ ਸਾਹਮਣੇ ਜੰਗ ਲਈ ਖਲੋਤੇ ਸਨ। ਪਰ ਹੁਣ ਗੂੜ੍ਹੇ ਸਕਾਫ਼ਤੀ ਰੰਗ ਦਾ, ਅਮਨ ਤੇ ਸਲਾਮਤੀ ਦਾ ਇਕ ਨਵਾਂ ਜਜ਼ਬਾ ਸਾਹਮਣੇ ਆ ਰਿਹਾ ਏ। ਪਾਕਿਸਤਾਨੀ ਵਜ਼ੀਰੇਆਲਾ ਤੋਂ ਜਦ ਇਸ ਜਜ਼ਬਾਤੀ ਇਜ਼ਹਾਰ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਆਖਿਆ: "ਇਹਦੇ ਤੋਂ ਪੰਜਾਬੀਆਂ ਦੇ ਉਸ ਜਜ਼ਬੇ ਦਾ ਪਤਾ ਚਲਦਾ ਏ ਜਿਹੜਾ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਆਪਸ ਵਿੱਚ ਜੋੜਦਾ ਏ। ਇਹੋ ਜਿਹੇ ਮੇਲ ਮਿਲਾਪ ਨਾਲ ਦੋਹਾਂ ਪਾਸਿਆਂ ਦੀਆਂ ਹਕੂਮਤਾਂ ਨੂੰ ਵੀ ਫ਼ੈਸਲੇ ਦੀ ਤਾਕਤ ਮਿਲੇਗੀ ਕਿਉਂ ਜੋ ਇਹਦੇ ਨਾਲ ਪਤਾ ਚਲਦਾ ਏ ਕਿ ਲੋਕ ਕਿਹੜੇ ਪਾਸੇ ਜਾਣਾ ਚਾਹੁੰਦੇ ਨੇਂ"।

ਦੋ ਪੰਜਾਬ ਜਿਨ੍ਹਾਂ ਵੱਲ ਵਜ਼ੀਰੇਆਲਾ ਹੋਰਾਂ ਇਸ਼ਾਰਾ ਕੀਤਾ, ਅੰਗਰੇਜ਼ ਰਾਜ ਵੇਲੇ ਇਕੋ ਈ ਸਨ। 1947 ਵਿੱਚ ਉਸ ਵੇਲੇ ਦਾ ਪੰਜਾਬ ਤਿੰਨ ਕਰੋੜ ਅਬਾਦੀ ਵਾਲਾ ਸਭ ਤੋਂ ਵੱਡਾ ਸੂਬਾ ਸੀ, ਜਿਹਨੂੰ ਅੰਗਰੇਜ਼ਾਂ ਮਜ਼ਹਬੀ ਬੁਨਿਆਦਾਂ 'ਤੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮੁਸਲਮਾਨਾਂ ਦੀ ਬਹੁਤੀ ਅਬਾਦੀ ਵਾਲ਼ਾ ਲਹਿੰਦਾ ਹਿੱਸਾ ਪਾਕਿਸਤਾਨ ਤੇ ਹਿੰਦੂਆਂ ਤੇ ਸਿੱਖਾਂ ਦੀ ਬਹੁਤੀ ਅਬਾਦੀ ਵਾਲਾ ਚੜ੍ਹਦਾ ਹਿੱਸਾ ਭਾਰਤ ਵਿੱਚ ਸ਼ਾਮਲ ਕੀਤਾ ਗਿਆ। ਪੈਂਹਠ ਤੇ ਇਕੱਤਰ ਦੀਆਂ ਜੰਗਾਂ ਤੇ ਅੱਸੀ ਦੀ ਦਹਾਈ ਵਿੱਚ ਭਾਰਤੀ ਪੰਜਾਬ ਵਿੱਚ ਸਿੱਖਾਂ ਦੇ ਫ਼ਸਾਦਾਤ ਤੋਂ ਵੱਖ ਪਿਛਲੇ ਸੱਠ ਵਰ੍ਹਿਆਂ ਤੋਂ ਦੋਵੇਂ ਪੰਜਾਬ ਬੈਨੁਲ ਅਕਵਾਮੀ ਹੱਦਬੰਦੀ ਦੇ ਆਰ ਪਾਰ ਇਕ ਦੂਜੇ ਤੋਂ ਦੂਰ ਈ ਰਹੇ। ਪਰ ਹੁਣ ਬਰਫ਼ ਪਿਘਲ ਰਹੀ ਏ ਤੇ ਇਹਦੀ ਗੂੰਜ ਦੋਹਾਂ ਪਾਸੇ ਸੁਣੀਂਦੀ ਪਈ ਏ।

2004 ਤੋਂ ਲੈ ਕੇ ਹੁਣ ਤਾਈਂ ਦੋਵੇਂ ਮੁਲਕ ਕਈ ਮੁਸ਼ਕਲ ਮਸਲਿਆਂ 'ਤੇ ਗੱਲਬਾਤ ਕਰ ਰਹੇ ਨੇਂ। ਇਨ੍ਹਾਂ ਵਿੱਚ ਮੁਤਨਾਜ਼ਿਆ ਕਸ਼ਮੀਰ ਦੀ ਹੈਸੀਅਤ ਤੇ ਐਟਮੀ ਹਥਿਆਰ ਸ਼ਾਮਲ ਨੇਂ ਤੇ ਦੁਨੀਆ ਦੀ ਤਵੱਜੋ ਇਸ ਗੱਲਬਾਤ 'ਤੇ ਇਹਨਾਂ ਕੋਸ਼ਿਸ਼ਾਂ ਵੱਲ ਕਾਫ਼ੀ ਏ। ਪਰ ਇਸ ਮਰਕਜ਼ ਤੋਂ ਜ਼ਰਾ ਹੱਟ ਕੇ, ਦਿੱਲੀ ਤੇ ਇਸਲਾਮਾਬਾਦ ਤੋਂ ਵੱਖ ਅੰਮ੍ਰਿਤਸਰ ਤੇ ਫ਼ੈਸਲਾਬਾਦ, ਲਾਹੌਰ ਤੇ ਲੁਧਿਆਣਾ ਵਿੱਚ ਹੋਣ ਵਾਲੀਆਂ ਤਬਦੀਲੀਆਂ ਦੋਹਾਂ ਦੇਸਾਂ ਦੇ ਆਪਸੀ ਰਿਸ਼ਤਿਆਂ ਦੀ ਨੌਈਅਤ ਈ ਬਦਲ ਕੇ ਰੱਖ ਸਕਦੀਆਂ ਨੇਂ। ਇਹੋ ਜਿਹੀਆਂ ਥਾਂਵਾਂ 'ਤੇ ਦੋਹਾਂ ਬੰਨ੍ਹੇ ਦੇ ਪੰਜਾਬੀਆਂ ਦੇ ਮਿਲਣ ਦੇ ਨਾਲ ਨਿਯੂਕਲਿਆਈ ਗਵਾਂਢੀਆਂ ਦੇ ਦਰਮਿਆਨ ਪੁਰਾਣੀ ਦੁਸ਼ਮਣੀ ਦੋਸਤੀ ਵਿੱਚ ਬਦਲ ਸਕਦੀ ਏ। ਇਸ ਕੋਸ਼ਿਸ਼ ਦਾ ਸਰਕਾਰੀ ਨਾਅਰਾ ਏ – "ਪੰਜਾਬ, ਪੰਜਾਬੀਆਂ ਤੇ ਪੰਜਾਬੀਅਤ ਦੇ ਜਜ਼ਬਿਆਂ ਨੂੰ ਫ਼ੇਰ ਤੋਂ ਜ਼ਿੰਦਾ ਕਰਨਾ।"

ਪੰਜਾਬੀਆਂ ਦੇ ਇਸ ਨਵੇਂ ਰਿਸ਼ਤਿਆਂ ਨੂੰ ਕੁਝ ਲੋਕ ਸਿਰਫ਼ 'ਜਜ਼ਬਾਤੀਅਤ' ਕਹਿ ਕੇ ਝੁਠਲਾ ਦੇਂਦੇ ਨੇਂ। ਸੱਚ ਤੇ ਇਹ ਏ ਪਈ ਉਹ ਮਸਲੇ ਜਿਨ੍ਹਾਂ ਨੇ ਦੋਹਾਂ ਮੁਲਕਾਂ ਵਿਚਾਲੇ ਅਮਨ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ (ਜਿਨ੍ਹਾਂ ਵਿੱਚੋਂ ਦਹਿਸ਼ਤਗਰਦਾਂ ਦੇ ਹਮਲੇ ਇਕ ਮਿਸਾਲ ਏ) ਅਮਨ ਦੀਆਂ ਕੋਸ਼ਿਸ਼ਾਂ ਨੂੰ ਨੀਵਿਆਂ ਕਰ ਸਕਦੇ ਨੇਂ।

ਭਾਰਤ ਅੰਦਰ ਸਿੱਖ ਫ਼ਸਾਦਾਂ ਵਾਲੇ ਫੱਟ ਅਜੇ ਤੀਕ ਸੱਜਰੇ ਨੇਂ, ਇਸ ਤਹਿਰੀਕ ਦੇ ਮਿਲੇ-ਜੁਲੇ ਅਸਰਾਤ ਸਾਹਮਣੇ ਆ ਰਹੇ ਨੇਂ। ਪਰ ਇਸ ਕਿਸਮ ਦੇ ਸ਼ੱਕ-ਸ਼ੁਭੇ ਦੇ ਨਾਲ ਸਾਨੂੰ ਸਕਾਫ਼ਤੀ

ਸਫ਼ਾਰਤਕਾਰੀ ਦੇ ਮਖ਼ਫ਼ੀ ਖ਼ਜ਼ਾਨੇ ਵੱਲੋਂ ਅੱਖਾਂ ਬੰਦ ਨਹੀਂ ਕਰਨੀਆਂ ਚਾਹੀਦੀਆਂ। ਦੋਵੇਂ ਪੰਜਾਬ ਆਪਣੇ ਆਪਣੇ ਮੁਲਕਾਂ ਵਿੱਚ ਜਿਹੜਾ ਅਸਰ ਰੱਖਦੇ ਨੇਂ ਉਹ ਬਹੁਤ ਡੂੰਘਾ ਏ, ਤੇ ਇਹ ਦੋਵੇਂ ਮਗ਼ਰਬ ਵਿੱਚ ਫੈਲਣ ਵਾਲੀ ਪੰਜਾਬੀ ਵੱਸੋਂ ਦੀ ਖ਼ੁਸ਼ਹਾਲੀ ਤੇ ਸਕਾਫ਼ਤੀ ਤਰੱਕੀ ਲਈ ਬਹੁਤ ਕੁਝ ਕਰ ਸਕਦੇ ਨੇਂ, ਜਿੱਥੇ ਪੰਜਾਬੀ ਮੌਸੀਕੀ ਤੇ ਦੂਜੇ ਸਕਾਫ਼ਤੀ ਤਹਿਵਾਰਾਂ ਦੀ ਵੱਧਦੀ ਹੋਈ ਸ਼ੁਹਰਤ, ਇਹਨਾਂ ਮੁਲਕਾਂ ਦੇ ਵਿੱਚ ਪਾਈ ਜਾਣ ਵਾਲੀ ਪੰਜਾਬ ਦੀ ਵੰਡ ਤੇ ਤਸੱਵਰ ਤੋਂ ਉੱਚੀ ਏ। ਸਭ ਤੋਂ ਚੰਗੀ ਗੱਲ ਤੇ ਇਹ ਪਈ ਦੋਵਾਂ ਪੰਜਾਬਾਂ ਦੇ ਲੋਕਾਂ ਦੇ ਦਰਮਿਆਨ ਸ਼ੁਰੂ ਹੋਣ ਵਾਲਾ ਰਾਬਤਾ, ਇਹਨਾਂ ਮੁਲਕਾਂ ਦੇ ਸਭ ਤੋਂ ਵੱਡੇ ਮਸਲੇ ਮਤਲਬ ਇਕ ਦੂਏ ਤੇ ਇਤਮਾਦ ਨਾ ਕਰਣ ਨੂੰ ਖ਼ਤਮ ਕਰਣ ਵਿੱਚ ਮਦਦ ਦੇਵੇਗਾ।

## ਸਭ ਤੋਂ ਵੱਡੀ ਵੰਡ:

ਪੰਜਾਬੀਆਂ ਦੇ ਭਾਈਚਾਰੇ ਦੀ ਗੱਲ ਸ਼ਾਇਦ ਉਹਨਾਂ ਲੋਕਾਂ ਨੂੰ ਅਜੀਬ ਲੱਗੇ ਜਿਨ੍ਹਾਂ ਦੀਆਂ ਬੱਰੇ ਸਗ਼ੀਰ ਦੇ ਬਾਰੇ ਵਿੱਚ ਮਾਲੂਮਾਤ ਦੀ ਬੁਨਿਆਦ ਰਿਚਰਡ ਈਟਨਬਰੋ ਦੀ ਫਿਲਮ "ਗਾਂਧੀ" ਏ। ਇਸ ਫਿਲਮ ਦੇ ਅਖ਼ੀਰਲੇ ਦ੍ਰਿਸ਼ ਵਿੱਚ ਪਨਾਹਗੀਰਾਂ ਦੇ ਦੋ ਵੱਖੋ ਵੱਖ ਧੜੇ ਮੁਖ਼ਤਲਿਫ਼ ਪਾਸਿਆਂ ਨੂੰ ਜਾਂਦੇ ਵਿਖਾਏ ਗਏ ਨੇਂ ਜਿਹੜਾ ਵੰਡ ਦੇ ਹੋਣ ਵਾਲੇ ਬਹੁਤ ਵੱਡੇ ਇਨਸਾਨੀ ਅਖਾੜ ਪਿਛਾੜ ਨੂੰ ਜ਼ਾਹਿਰ ਕਰਦਾ ਏ।

ਪੰਜਾਬ ਦੀ ਇਸ ਵੱਢ ਟੁੱਕ ਦਾ ਵੱਡਾ ਅਸਰ ਇਸ ਵਾਸਤੇ ਹੋਇਆ ਕਿਉਂ ਜੇ ਬੰਗਾਲ ਦੇ ਵਾਂਗੂੰ ਪੰਜਾਬ ਵੀ ਰਲੀ ਮਿਲੀ ਮਜ਼ਹਬੀ ਅਬਾਦੀ ਵਾਲਾ ਸੂਬਾ ਸੀ ਜਿਹਦੇ ਵਿੱਚ ਮੁਸਲਮਾਨਾਂ ਦੀ ਤਾਦਾਦ ਬਹੁਤੀ ਸੀ। 1947 ਦੇ ਪੰਜਾਬ ਵਿੱਚ 54 ਫ਼ੀਸਦੀ ਅਬਾਦੀ ਮੁਸਲਮਾਨਾਂ ਦੀ ਸੀ ਤੇ ਬਾਕੀ ਹਿੰਦੂ ਤੇ ਸਿੱਖ ਸਨ। ਜਦੋਂ ਅੰਗਰੇਜ਼ ਇਥੋਂ ਜਾਣ ਲੱਗੇ ਤੇ ਉਹਨਾਂ ਨੇ ਪੰਜਾਬ ਤੇ ਬੰਗਾਲ ਦਾ ਭਾਰਤ ਤੇ ਨਵੇਂ ਮੁਲਕ ਪਾਕਿਸਤਾਨ ਵਿੱਚ ਬਟਵਾਰਾ ਕਰ ਦਿੱਤਾ। ਇਸ ਵੰਡ ਦਾ ਮਕਸਦ ਦੋਵਾਂ ਕੌਮਾਂ ਦੀਆਂ ਤਹਿਰੀਕਾਂ ਹਿੰਦੁਸਤਾਨ ਦੀ ਅਜ਼ਾਦੀ ਦੀ ਤਹਿਰੀਕ ਤੇ ਤਹਿਰੀਕੇ ਪਾਕਿਸਤਾਨ ਦੇ ਵੱਖਰੇ ਵੱਖਰੇ ਤਸੱਵਰ ਨੂੰ ਹਵਾ ਦੇਣ ਦੀ ਕੋਸ਼ਿਸ਼ ਸੀ।

ਮਹਾਤਮਾ ਗਾਂਧੀ ਦੀ ਇੰਡੀਅਨ ਨੈਸ਼ਨਲ ਕਾਂਗਰਸ ਬਰਤਾਨਵੀ ਸਾਮਰਾਜੀ ਨਿਜ਼ਾਮ ਤੋਂ ਅਜ਼ਾਦੀ ਦੀ ਜੰਗ ਲੜ ਰਹੀ ਸੀ ਤੇ ਇਹੋ ਈ ਕੰਮ ਮੁਹੰਮਦ ਅਲੀ ਜਿਨਾਹ ਦੀ ਮੁਸਲਿਮ ਲੀਗ ਵੀ ਕਰ ਰਹੀ ਸੀ। ਪਰ ਕਾਂਗਰਸ ਸਾਰੇ ਮਜ਼ਹਬਾਂ ਵਾਲੀ, ਸੈਕੂਲਰ ਰਿਆਸਤ ਬਣਾਉਣ ਦੀ ਕੋਸ਼ਿਸ਼ ਵਿੱਚ ਸੀ ਜਦੋਂ ਕਿ ਲੀਗ ਦਾ ਮੁਤਾਲਬਾ ਇਕ ਵੱਖਰੇ ਮੁਲਕ ਦਾ ਸੀ ਜਿਹੜਾ ਕਿ ਉਹਨਾਂ ਦੇ ਖਿਆਲ ਵਿੱਚ ਬੱਰੇ ਸਗ਼ੀਰ ਵਿੱਚ ਮੁਸਲਮਾਨਾਂ ਦੇ ਸਿਆਸੀ ਮੁਫ਼ਾਦਾਤ ਨੂੰ ਬਚਾਉਣ ਦਾ ਇਕੋ ਈ ਰਸਤਾ ਸੀ। ਮੁਸਲਮ ਲੀਗ ਇਸਲਾਮ ਨੂੰ ਈ ਆਪਣੀ ਕੌਮੀਅਤ ਦੀ ਬੁਨਿਆਦ ਸਮਝਦੀ ਸੀ ਤੇ ਉਹਦੇ ਪਰਧਾਨਾਂ ਦਾ ਖਿਆਲ ਸੀ ਪਈ ਜੇ ਉਹ ਹਿੰਦੁਸਤਾਨ ਵਿੱਚ ਅਕਲੀਅਤ ਬਣ ਕੇ ਰਹਿਣਗੇ ਤੇ ਉਹਨਾਂ ਦੀ ਕੌਮੀਅਤ ਨੂੰ ਖ਼ਤਰਾ ਰਹੇਗਾ। ਇਸ ਤਰ੍ਹਾਂ ਬਟਵਾਰੇ ਤੇ ਅਸਲ ਵਿੱਚ ਕੌਮੀਅਤਾਂ ਦੇ ਮੁਫ਼ਾਦਾਤ ਦਾ ਗੂੜ੍ਹਾ ਅਸਰ ਸੀ।

ਅੰਗਰੇਜ਼ਾਂ ਨੇ ਜਾਣ ਤੋਂ ਪਹਿਲਾਂ ਪੰਜਾਬ ਨੂੰ ਜ਼ਿਲ੍ਹੇ ਦੀ ਸਤ੍ਹਾ ਤੇ ਵੰਡ ਦਿੱਤਾ। ਮੁਸਲਮਾਨਾਂ ਹਿੰਦੂਆਂ ਤੇ ਸਿੱਖਾਂ ਨੂੰ ਘਰ ਤੋਂ ਬੇਘਰ ਹੋਣ ਤੇ ਮਜਬੂਰ ਕਰ ਦਿੱਤਾ ਗਿਆ ਤੇ ਵੰਡ ਦੀ ਖ਼ੂਨੀ ਖੇਡ ਨੇ ਪੰਜਾਬ ਨੂੰ ਟੋਟੇ ਟੋਟੇ ਕਰ ਦਿੱਤਾ ਤੇ ਗੁਆਂਢੀ, ਗੁਆਂਢੀਆਂ ਕੋਲੋਂ ਵਿੱਛੜ ਗਏ। ਉਂਜ ਕੱਲੇ ਪੰਜਾਬ ਦੇ ਆਦਾਦੋ ਸ਼ੁਮਾਰ ਦਾ ਪਤਾ ਨਹੀਂ ਪਰ ਦੱਸ ਲੱਖ ਤੋਂ ਵੱਧ ਲੋਕ ਮਾਰੇ ਗਏ ਤੇ ਇਕ ਕਰੋੜ ਤੇ 20 ਤੋਂ 80 ਲੱਖ ਲੋਕੀ ਬੇਘਰ ਹੋ ਗਏ। ਕਈ ਔਰਤਾਂ ਨਾਲ ਜ਼ਿਆਦਤੀ ਹੋਈ, ਬੇਸ਼ੁਮਾਰ ਲੋਕੀ ਜ਼ਖ਼ਮੀ ਹੋਏ ਤੇ ਕਈ ਕਤਲ ਹੋਏ। ਇਹ ਜ਼ਖ਼ਮ ਇਸ ਇਲਾਕੇ ਦੇ

ਸਾਂਝੇ ਹਾਫ਼ਜ਼ੇ ਵਿੱਚ ਸੜ ਕੇ ਰਾਖ ਹੋ ਗਏ।

ਦੁਖ ਭਰੇ ਉਹਨਾਂ ਦਿਨਾਂ ਵਿੱਚ ਅੰਮ੍ਰਿਤਾ ਪ੍ਰੀਤਮ ਨੇ ਨਵੇਂ ਪੰਜਾਬੀ ਅਦਬ ਦੀ ਆਪਣੀ ਇਕ ਮਸ਼ਹੂਰ ਨਜ਼ਮ ਵਿੱਚ ਲਿਖਿਆ:

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਵੇ ਦਰਦਮੰਦਾਂ ਦਿਆ ਦਰਦੀਆ! ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ
ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ
ਵੇਹ ਵਲੇਸੀ ਵਾ ਫਿਰ ਵਣ ਵਣ ਵੱਗੀ ਜਾ
ਉਹਨੇ ਹਰ ਇਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ, ਮੰਤਰ ਗਏ ਗਵਾਚ
ਦੂਜੇ ਡੰਗ ਦੀ ਲੱਗ ਗਈ ਜਣੇ ਖਣੇ ਨੂੰ ਲਾਗ
ਲਾਗਾਂ ਕੀਲੇ ਲੋਕ ਮੂੰਹ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ
ਗਲਿਓਂ ਟੁੱਟੇ ਗੀਤ ਫਿਰ ਤ੍ਰੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ, ਚਰਖ਼ੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ
ਜਿੱਥੇ ਵਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁਲ ਗਏ ਉਹਦੀ ਜਾਚ
ਧਰਤੀ ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ
ਅੱਜ ਸਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ
ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ–ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

## ਪੁਰਾਣੀਆਂ ਨਫ਼ਰਤਾਂ ਤੋਂ ਪੁਰਾਣੇ ਰਿਸ਼ਤਿਆਂ ਵੱਲ:

ਇਹਨਾਂ ਵਰ੍ਹਿਆਂ ਵਿੱਚ ਇਹ ਹਕੀਕਤ ਪਈ ਵੰਡ ਨਾਲ ਪੰਜਾਬ ਦੀ ਮਜ਼ਹਬੀ ਤੇ ਨਸਲੀ ਸ਼ਕਲ ਤਬਾਹ ਹੋਈ, ਲੋਕਾਂ ਨੂੰ ਭੁਲ ਗਈ ਤੇ ਇਹ ਸਮਝ ਲਿਆ ਗਿਆ ਪਈ ਦੋਵੇਂ ਕੌਮਾਂ ਕੁਦਰਤੀ ਤੌਰ 'ਤੇ ਦੋਹਾਂ ਪੰਜਾਬਾਂ ਵਿੱਚ, ਯਾਨੀ ਮੁਸਲਮਾਨ ਪਾਕਿਸਤਾਨੀ ਪੰਜਾਬ ਵਿੱਚ ਤੇ ਹਿੰਦੂ ਤੇ ਸਿੱਖ ਭਾਰਤੀ ਪੰਜਾਬ ਵਿੱਚ, ਵੱਸ ਰਹੀਆਂ ਨੇਂ। ਪਰ ਪੰਜਾਬੀ ਸਕਾਫ਼ਤ ਤੇ ਸਿਆਸੀ ਤਾਰੀਖ਼ ਦੇ ਤਨਾਜ਼ੁਰ ਵਿੱਚ ਵੇਖੀਏ ਤਾਂ ਵੰਡ ਠੀਕ ਨਹੀਂ ਸੀ। ਵੰਡ ਵੇਲੇ ਪੰਜਾਬ ਵਿੱਚ ਮਜ਼ਹਬੀ ਤਸ਼ੱਦਦ ਬਹੁਤ ਸ਼ਦੀਦ ਸੀ ਕਿਉਂਕਿ ਮਜ਼ਹਬੀ ਤੌਰ 'ਤੇ ਇਹ ਲੋਕ ਪਹਿਲੋਂ ਇਕੱਠੇ ਰਹਿੰਦੇ ਸਨ। ਕਿਉਂ ਜੇ ਤਰੈਵੇ ਕੌਮਾਂ ਮੁਸਲਮਾਨ, ਹਿੰਦੂ ਤੇ ਸਿੱਖ ਆਪਸ ਵਿੱਚ ਇੰਨੇ ਕੋਲ ਕੋਲ ਸਨ ਪਈ ਇਹਨਾਂ ਨੂੰ ਅਲੱਗ ਵੀ ਛੁਰੀ ਨਾਲ ਈ ਕੀਤਾ ਜਾ ਸਕਦਾ ਸੀ।

ਵੰਡ ਤੋਂ ਪਹਿਲਾਂ ਦਾ ਪੰਜਾਬ, ਖ਼ਾਸ ਤੌਰ 'ਤੇ 1920 ਤੋਂ ਲੈ ਕੇ 1947 ਤਕ ਜਦੋਂ ਇਥੇ ਥੋੜ੍ਹੇ ਬਹੁਤ ਮਜ਼ਹਬੀ ਮਤਭੇਦ ਵੀ ਸਨ, ਉਸ ਵੇਲੇ ਦੀ ਤਾਰੀਖ਼ ਨੂੰ ਮਜ਼ਹਬੀ ਫ਼ਿਰਕਾਂ ਦੀ ਥਾਂ ਸਕਾਫ਼ਤੀ ਰਿਸ਼ਤਿਆਂ ਦੀ ਨਜ਼ਰ ਨਾਲ ਵੇਖਿਆ ਜਾ ਸਕਦਾ ਏ। 1946 ਤੀਕਰ ਪੰਜਾਬੀਆਂ ਨੇ ਆਪਣੀਆਂ ਵਫ਼ਾਦਾਰੀਆਂ ਮੁਖ਼ਤਲਿਫ਼ ਕੌਮੀਅਤਾਂ ਵਾਲੀ ਯੂਨੀਅਨਿਸਟ ਪਾਰਟੀ ਨਾਲ ਰੱਖੀ। ਯੂਨੀਅਨਿਸਟ ਪਾਰਟੀ ਦੀ ਮੁਜੱਵਜ਼ਾ ਪਾਕਿਸਤਾਨ ਵਿੱਚ ਕੋਈ ਦਿਲਚਸਪੀ ਇਸ ਵਾਸਤੇ ਨਹੀਂ ਸੀ ਕਿ ਇਹਦਾ ਮਤਲਬ ਪੰਜਾਬ ਦੀ ਵੰਡ ਸੀ। ਪਰ ਉਹ ਇੰਡੀਅਨ ਕਾਂਗਰਸ ਦੇ ਥੱਲੇ ਬਣਨ ਵਾਲੇ ਮੁਤਹਿਦਾ ਹਿੰਦੁਸਤਾਨ ਦੇ ਨਾਲ ਵੀ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ।ਪੰਜਾਬ ਦੀ ਯੂਨੀਅਨਿਸਟ ਪਾਰਟੀ ਪੰਜਾਬ ਦੀ ਇਕ ਵੱਖਰੀ ਰਿਆਸਤ ਦੇ ਹੱਕ ਵਿੱਚ ਸੀ ਜਿਹਦਾ ਆਪਣਾ ਵੱਖਰਾ ਵਜ਼ੀਰੇਆਜ਼ਮ ਹੋਵੇ। ਪੰਜਾਬ ਦੀ ਤਾਰੀਖ਼ ਦੇ ਇਸ ਹਿੱਸੇ ਨੂੰ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰੀ ਤੇ ਸਿਆਸੀ ਤਾਰੀਖ਼ਾਂ ਵਿੱਚ ਬਹੁਤ ਘਟਾ ਕੇ ਵਿਖਾਇਆ ਗਿਆ ਏ।

ਵੀਹਵੀਂ ਸਦੀ ਦੇ ਅੱਧ ਤੋਂ ਪਹਿਲਾਂ ਵਾਲੇ ਪੰਜਾਬ ਦੇ ਲੋਕਾਂ ਵਿੱਚ ਮਜ਼ਹਬੀ ਰਵਾਦਾਰੀ ਦੀਆਂ ਬਹੁਤੀਆਂ ਨਿਸ਼ਾਨੀਆਂ ਵੇਖਣ ਨੂੰ ਮਿਲਦੀਆਂ ਨੇਂ। ਇਸ ਇਲਾਕੇ ਦੇ ਵਿੱਚ ਮੌਜੂਦ ਸੂਫ਼ੀਇਜ਼ਮ ਦੀ ਮਜ਼ਬੂਤ ਰੀਤ ਇਕ ਚੰਗੀ ਮਿਸਾਲ ਏ। ਸੂਫ਼ੀਇਜ਼ਮ ਇਨਸਾਨ ਦਾ ਖ਼ੁਦਾ ਦੇ ਨਾਲ ਸਿੱਧਾ ਤਅੱਲੁਕ ਜੋੜਨ 'ਤੇ ਜ਼ੋਰ ਦੇਂਦਾ ਏ। ਇਸ ਦੀ ਮੁਰਾਕਬੇ ਦੀ ਰੀਤ ਇਸ ਇਲਾਕੇ ਦਿਆਂ ਮੁਹਾਵਰਿਆਂ ਤੇ ਤਸ਼ਬੀਹਾਂ ਉੱਤੇ ਵੱਡਾ ਅਸਰ ਛੱਡਦੀਆਂ ਨੇਂ ਤੇ ਸਕਾਫ਼ਤੀ ਲਿਹਾਜ਼ ਨਾਲ ਉਹ ਬਹੁਤ ਡੂੰਘੀਆਂ ਨੇਂ।

ਇਸ ਦੇਸ਼ ਦੇ ਮੁਕਾਮੀ ਮਜ਼ਹਬ ਸਿੱਖਇਜ਼ਮ ਨੇ ਇਸਲਾਮ ਦੇ ਇਕ ਖ਼ੁਦਾ ਦੇ ਤਸੱਵਰ ਨਾਲ ਹਿੰਦੂਆਂ ਦੇ ਅਵਗੌਣ ਤੇ ਇਸ ਹਯਾਤੀ ਦੇ ਤਜਰਬਿਆਂ ਦੇ ਗ਼ੈਰ ਹਕੀਕੀ ਹੋਣ ਦੇ ਫ਼ਲਸਫ਼ਿਆਂ ਨੂੰ ਮਿਲਾ ਲਿਆ। ਖ਼ੌਰੇ ਸਭ ਤੋਂ ਅਹਿਮ ਗੱਲ ਇਹ ਏ ਪਈ ਸਿੱਖਇਜ਼ਮ ਦੇ ਬਾਨੀ ਨੇ ਇਸਲਾਮ ਤੇ ਹਿੰਦੂਇਜ਼ਮ ਦੇ ਇਕੱਠ 'ਤੇ ਜ਼ੋਰ ਦਿੱਤਾ ਤੇ ਆਪਣੇ ਨਵੇਂ ਦੀਨ ਦੀ ਬੁਨਿਆਦ ਦੋਹਾਂ ਮਜ਼੍ਹਬਾਂ ਨੂੰ ਮਿਲਾ ਕੇ ਰੱਖੀ। ਪੰਜਾਬੀਅਤ ਦੀ ਤਹਿਰੀਕ ਇਸ ਈ ਤਾਰੀਖ਼ੀ ਵਿਰਸੇ ਤੇ ਜ਼ੋਰ ਪਾਉਂਦੀ ਏ ਜਿਹਦੇ ਵਿੱਚ ਕਿਸੇ ਦੀ ਵੱਖਰੀ ਕੋਈ ਪਛਾਣ ਨਾ ਹੋਵੇ। ਇਸ ਤਹਿਰੀਕ ਵੱਲ ਸੱਦਣ ਵਾਲੀ ਚੀਜ਼ ਪੰਜਾਬੀ ਅਦਬ ਏ ਜਿਹੜਾ ਏਕਾ, ਮੇਲ ਮਿਲਾਪ ਤੇ ਇਕੱਠੇ ਰਹਿਣ ਤੇ ਜ਼ੋਰ ਦੇਂਦਾ ਏ। ਇੰਝ ਇਹ ਲੋਕਾਂ ਨੂੰ ਵੰਡ ਤੋਂ ਉਤਾਂਹ ਹੋ ਕੇ ਆਪਣੀ ਸਾਂਝੀ ਸਕਾਫ਼ਤ ਵੱਲ ਫ਼ੇਰ ਤੋਂ ਮੁੜ ਜਾਣ ਦੀ ਰਾਹ ਵਿਖਾਉਂਦਾ ਏ।

ਪੰਜਾਬੀ ਆਪਣੇ ਅਦਬ ਨੂੰ ਬਹੁਤ ਸੰਜੀਦਗੀ ਦੇ ਨਾਲ ਲੈਂਦੇ ਨੇਂ। ਸਗੋਂ ਬੜਾ ਮੁਕੱਦਸ ਸਮਝਦੇ ਨੇਂ ਤੇ ਇਹਦਾ, ਖ਼ਾਸ ਕਰ ਕੁਝ ਪੁਰਾਣੀ ਮਜ਼ਹਬੀ ਰਿਵਾਇਤਾਂ ਦਾ ਅਸਰ, ਮਜ਼ਹਬੀ ਇਖ਼ਤਲਾਫ਼ਾਂ ਨੂੰ

ਖ਼ਤਮ ਕਰਦਾ ਏ। ਪੰਜਾਬੀਅਤ ਦੇ ਇਸ ਤਰ੍ਹਾਂ ਦੇ ਸਲੂਕ ਪਿਆਰ ਦੀ ਇਕ ਇਹੋ ਜਿਹੀ ਮਿਸਾਲ ਜਿਹੜੀ ਅਕਸਰ ਦਿੱਤੀ ਜਾਂਦੀ ਏ, ਉਹ ਊਧਮ ਸਿੰਘ ਦੀ ਕਹਾਣੀ ਏ। ਅੱਜ ਵੀ ਭਾਰਤ ਵਿੱਚ ਊਧਮ ਸਿੰਘ ਨੂੰ ਅੰਗਰੇਜ਼ ਰਾਜ ਦੇ ਖ਼ਿਲਾਫ਼ ਜੱਦੋਜਹਿਦ ਕਰਣ ਵਾਲੇ ਅਜ਼ਾਦੀ ਦੇ ਮੁਜਾਹਿਦ ਦੇ ਤੌਰ ਉੱਤੇ ਯਾਦ ਕੀਤਾ ਜਾਂਦਾ ਏ। ਊਧਮ ਸਿੰਘ ਦੇ ਉੱਤੇ ਪੰਜਾਬ ਦੇ ਬਰਤਾਨਵੀ ਲੈਫ਼ਟੀਨੈਂਟ ਗਵਰਨਰ ਮਾਈਕਲ ਐਡਵਾਇਰ ਦੇ ਕਤਲ ਦਾ ਮੁਕੱਦਮਾ ਚਲ ਰਿਹਾ ਸੀ। ਮਾਈਕਲ ਐਡਵਾਇਰ ਨੇ 1919 ਵਿੱਚ ਹੋਣ ਵਾਲੇ ਬਦਨਾਮੇ-ਜ਼ਮਾਨਾ ਜਲ੍ਹਿਆਂ ਵਾਲਾ ਬਾਗ਼ ਦੇ ਵਾਕਿਏ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਸੀ ਜਿਹਦੇ ਵਿੱਚ ਅੰਗਰੇਜ਼ ਫ਼ੌਜੀਆਂ ਨੇ ਅੰਮ੍ਰਿਤਸਰ ਦੇ ਵਿੱਚ ਇਹਤਜਾਜ ਕਰਣ ਵਾਲੇ ਬੇਗੁਨਾਹ ਤੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾ ਦਿੱਤੀਆਂ ਸਨ। ਇਹਦੇ ਨਤੀਜੇ ਵਿੱਚ ਘੱਟ ਤੋ ਘੱਟ ਚਾਰ ਸੌ ਆਦਮੀ ਔਰਤਾਂ ਤੇ ਨਿਆਣੇ ਮਾਰੇ ਗਏ ਸਨ। ਅਦਾਲਤ ਦੇ ਕਟਹਿਰੇ ਵਿੱਚ ਊਧਮ ਸਿੰਘ ਨੇ ਆਪਣਾ ਅਸਲੀ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ। ਇਹਦੀ ਥਾਂ ਉਹਨੇ ਅਪਣਾ ਨਾਂ "ਰਾਮ ਮੁਹੰਮਦ ਸਿੰਘ" ਅਖਵਾਇਆ ਜਿਹਦਾ ਮਕਸਦ ਇਕੱਠੇ ਪੰਜਾਬ ਦੇ ਤਿੰਨਾਂ ਮਜ਼੍ਹਬਾਂ ਦਾ ਨਾਂ ਲੈਣਾ ਸੀ।

ਇਸ ਤੋਂ ਵੀ ਅੱਗੇ ਉਹਨੇ ਕੁਰਾਨ, ਭਗਵਤ ਗੀਤਾ, ਜਾਂ ਸਿੱਖਾਂ ਦੀ ਮੁਕੱਦਸ ਕਿਤਾਬ 'ਤੇ ਹੱਥ ਰੱਖ ਕੇ ਕਸਮ ਖਾਣ ਤੋਂ ਇਨਕਾਰ ਕਰ ਦਿੱਤਾ ਤੇ ਅਠਾਰਵੀਂ ਸਦੀ ਦੀ ਵਾਰਿਸ ਸ਼ਾਹ ਦੀ ਇਸ਼ਕੀਆ ਦਾਸਤਾਨ 'ਹੀਰ ਰਾਂਝਾ' ਨੂੰ ਆਪਣੇ ਵਾਸਤੇ ਮੁਕੱਦਸ ਕਰਾਰ ਦਿੱਤਾ। ਹੀਰ ਰਾਂਝਾ ਦੋ ਵੱਖੋ ਵੱਖ ਕਬੀਲਿਆਂ ਦੇ ਕੁੜੀ ਮੁੰਡੇ ਦੀ ਦਰਦਨਾਕ ਇਸ਼ਕੀਆ ਕਹਾਣੀ ਏ। ਇਸ ਕਹਾਣੀ ਦਾ ਹੀਰੋ ਰਾਂਝਾ ਜਿਹੜੀਆਂ ਮਜ਼ਹਬੀ ਇਬਾਦਤਾਂ ਕਰਦਾ ਏ ਉਹ ਇਸਲਾਮੀ ਵੀ ਨੇਂ ਤੇ ਹਿੰਦੂਆਂ ਦੀਆਂ ਵੀ। ਸਭ ਤੋਂ ਵੱਡੀ ਗਲ ਇਹ ਏ ਪਈ ਇਹ ਕਹਾਣੀ ਸਾਰੇ ਮਜ਼ਹਬਾਂ ਨੂੰ ਮੰਨਣ ਵਾਲੇ ਲੋਕਾਂ ਵਿੱਚ ਖ਼ਾਸ ਪੰਜਾਬੀ ਕਹਾਣੀ ਦੇ ਤੌਰ 'ਤੇ ਮਸ਼ਹੂਰ ਏ। ਜਦੋਂ ਪੰਜਾਬੀ ਇਸ ਕਹਾਣੀ ਨੂੰ ਯਾਦ ਕਰਦੇ ਨੇਂ ਤੇ ਉਹ ਪੁਰਾਣੀਆਂ ਨਫ਼ਰਤਾਂ ਦੀ ਥਾਂ ਪੁਰਾਣੇ ਰਿਸ਼ਤਿਆਂ ਨੂੰ ਯਾਦ ਕਰਦੇ ਨੇਂ।

## ਪੰਜਾਬੀਅਤ ਦਾ ਨਵਾਂ ਜਜ਼ਬਾ:

ਇਸ ਸਾਂਝ ਦੀ ਪੁਰਾਣੀ ਤਾਰੀਖ਼ ਦੇ ਸਹਾਰੇ ਦੋਹਾਂ ਪਾਸਿਆਂ ਦੇ ਨਾ ਸਿਰਫ਼ ਦਾਨਿਸ਼ਵਰ ਤੇ ਕਰਤਾ-ਧਰਤਾ ਲੋਕ, ਸਗੋਂ ਵਿਦੇਸ਼ ਵੱਸਦੇ ਪੰਜਾਬੀ ਵੀ, ਪੰਜਾਬੀਅਤ ਦੇ ਨਵੇਂ ਜਜ਼ਬੇ ਨੂੰ ਅੱਗੇ ਵਧਾ ਰਹੇ ਨੇਂ। ਉਹਨਾਂ ਦੀਆਂ ਕੋਸ਼ਿਸ਼ਾਂ ਵਿੱਚ ਮੌਸੀਕੀ, ਅਦਬ, ਡਰਾਮੇ, ਤੇ ਖੇਡਾਂ ਦੇ ਤਬਾਦਲੇ ਦੇ ਨਾਲ ਨਾਲ ਆਪਸੀ ਸਾਬਤਿਆਂ ਤੇ ਤਿਜਾਰਤ ਦੇ ਮੌਕਿਆਂ ਦਾ ਜਾਇਜ਼ਾ ਲੈਣਾ ਸ਼ਾਮਿਲ ਏ। ਇਹਨਾਂ ਵਿਚੋਂ ਕੁਝ ਕੋਸ਼ਿਸ਼ਾਂ ਨੂੰ ਦੋਹਾਂ ਪਾਸਿਆਂ ਦੀਆਂ ਹਕੂਮਤਾਂ ਵੱਲੋਂ ਸੂਬਾਈ ਸਤ੍ਹਾ ਤੇ ਤਆਵਨ ਵੀ ਮਿਲਿਆ ਏ। ਇਕੱਠਿਆਂ ਮਿਲ ਕੇ ਉਹ ਹੌਲੀ ਹੌਲੀ ਸਕਾਫ਼ਤੀ ਇਕੱਠ ਦੇ ਇਹੋ ਜਿਹੇ ਪੁਲ ਬਣਾ ਰਹੇ ਨੇਂ ਜਿਹੜੇ ਚੋਖੇ ਅਰਸੇ ਤੋਂ ਪੱਕੇ ਸਮਝੇ ਜਾਣ ਵਾਲੇ ਮਜ਼ਹਬੀ ਤਫ਼ੱਰਕਿਆਂ ਨੂੰ ਖ਼ਤਮ ਕਰਣਗੇ। 1970 ਦੀ ਦਿਹਾਈ ਦੇ ਬੈਨੁਲ ਅਕਵਾਮੀ ਪਿੰਗ ਪੌਂਗ ਖੇਡ ਦੀ ਤਰ੍ਹਾਂ ਪੰਜਾਬੀਅਤ ਦੇ ਨਾਂ ਤੇ ਸ਼ੁਰੂ ਹੋਣ ਵਾਲੇ ਇਹ ਚੰਗੇ ਤਅੱਲਕਾਤ, ਆਉਣ ਵਾਲੇ ਇਸ ਤੋਂ ਵੀ ਚੰਗੇ ਵਕਤ ਦੀ ਨਿਸ਼ਾਨਦੇਹੀ ਕਰਦੇ ਨੇਂ।

ਰਲਦੀਆਂ ਮਿਲਦੀਆਂ ਦਿਲਚਸਪੀਆਂ ਦਾ ਇਕ ਅਹਿਮ ਸ਼ੁਅਬਾ ਇਲਾਕੇ ਦੀ ਜ਼ਰਈ ਮਈਸ਼ਤ ਤੇ ਤਰੱਕੀਆਤੀ ਜ਼ਰੂਰਤਾਂ ਨੇਂ। ਪੰਜਾਬ ਜਿਹੜੀ ਪੰਜ ਦਰਿਆਵਾਂ ਦੀ ਕੁਦਰਤੀ ਜ਼ਰਖ਼ੇਜ਼ ਧਰਤੀ ਏ, ਬੜੇ ਅਰਸੇ ਤੋਂ ਬੱਰੇ-ਸਗ਼ੀਰ ਨੂੰ ਗ਼ਿਜ਼ਾ ਦੀ ਫ਼ਰਾਹਮੀ ਲਈ ਮਸ਼ਹੂਰ ਏ। ਵੰਡ ਤੋਂ ਬਾਅਦ ਵੀ ਦੋਵੇਂ ਪੰਜਾਬ ਆਪਣੇ ਆਪਣੇ ਮੁਲਕਾਂ ਵਿੱਚ ਜ਼ਰਾਅਤ ਦੇ ਮੁੱਢ ਸਮਝੇ ਜਾਂਦੇ ਨੇਂ।

ਪਾਕਿਸਤਾਨੀ ਪੰਜਾਬ ਦੇ ਮਰਕਜ਼ ਲਾਹੌਰ ਵਿੱਚ ਯੂਨੀਵਰਸਿਟੀ ਆਫ਼ ਮੈਨੇਜਮੈਂਟ ਤੇ ਭਾਰਤੀ

ਪੰਜਾਬ ਦੇ ਮਰਕਜ਼ ਚੰਡੀਗੜ੍ਹ ਵਿੱਚ ਸੈਂਟਰ ਫ਼ਾਰ ਰੀਸਰਚ ਐਂਡ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਨੇ ਦੋਹਾਂ ਪੰਜਾਬਾਂ ਦੇ ਵਿਚਾਲੇ ਮੁਮਕਿਨਾ ਤਿਜਾਰਤ ਤੇ ਜ਼ਰਾਅਤ, ਸਿਹਤ ਤੇ ਸਨਅਤ ਤੇ ਮਵਾਸਲਾਤ ਦੀ ਤਰੱਕੀ ਤੇ ਮੁਸ਼ਤਰਕਾ ਤਹਿਕੀਕ ਕਰਣ ਦਾ ਮਨਸੂਬਾ ਬਣਾਇਆ ਏ। ਇਹਨੇ ਇਹ ਵੀ ਮਨਸੂਬਾ ਬਣਾਇਆ ਏ ਪਈ ਸਕਾਫ਼ਤੀ ਤੇ ਅਦਬੀ ਸਰਗਰਮੀਆਂ ਦੀ ਮਾਲੀ ਇਮਦਾਦ ਕੀਤੀ ਜਾਵੇ ਤਾਂ ਜੋ ਦੋਹਾਂ ਪਾਸੇ ਜ਼ਰਈ ਤੇ ਤਿਜਾਰਤੀ ਗੱਲਬਾਤ ਲਈ ਸਾਂਝੀ ਬੁਨਿਆਦ ਬਣਾਈ ਜਾਵੇ। ਇਸ ਮਨਸੂਬੇ ਨੂੰ ਦੋਹਾਂ ਪਾਸਿਆਂ ਦੀ ਸੂਬਾਈ ਹਕੂਮਤਾਂ ਦਾ ਤੇ ਫ਼ੋਰਡ ਫ਼ਾਊਂਡੇਸ਼ਨ ਦਾ ਮਾਲੀ ਤਆਵਨ ਹਾਸਿਲ ਏ।

ਇਕ ਦੂਜਾ ਇਦਾਰਾ 'ਦੀ ਵਰਲਡ ਪੰਜਾਬ ਸੈਂਟਰ' ਦੇ ਨਾਂ ਤੋਂ ਭਾਰਤੀ ਸ਼ਹਿਰ ਪਟਿਆਲਾ ਵਿੱਚ ਬਣਾਇਆ ਗਿਆ ਏ ਜਿਹਦਾ ਮਕਸਦ ਪੰਜਾਬੀ ਸਕਾਫ਼ਤ ਦਾ ਵਾਧਾ ਏ। ਫ਼ਰਵਰੀ ਵਿੱਚ ਇਸ ਇਦਾਰੇ ਦੇ ਇਫ਼ਤਤਾਹ ਵੇਲ਼ੇ, ਇਸ ਇਦਾਰੇ ਦੇ ਕਾਰੀ ਕਰਤਾਵਾਂ ਨੇ ਕੰਪੀਊਟਰ ਦੇ ਇਕ ਨਵੇਂ ਪ੍ਰੋਗਰਾਮ ਦੀ ਨੁਮਾਇਸ਼ ਵੀ ਕੀਤੀ ਜਿਹੜਾ ਇਕ ਪੰਜਾਬੀ ਰਸਮੁਲਖ਼ੱਤ ਨੂੰ ਦੂਜੀਆਂ ਵਿੱਚ ਬਦਲਦਾ ਏ। (ਪਾਕਿਸਤਾਨ ਵਿੱਚ ਲਿਖੀ ਜਾਣ ਵਾਲੀ ਪੰਜਾਬੀ ਫਾਰਸੀ ਰਸਮੁਲਖ਼ੱਤ ਵਿੱਚ ਜਦੋਂ ਕਿ ਭਾਰਤ ਵਿੱਚ ਲਿਖੀ ਜਾਣ ਵਾਲੀ ਪੰਜਾਬੀ ਗੁਰਮੁਖੀ ਰਸਮੁਲਖ਼ੱਤ ਵਿੱਚ ਲਿਖੀ ਜਾਂਦੀ ਏ। ਦੋਵੇਂ ਰਸਮੁਲਖ਼ੱਤ ਲਿਖਣ ਵਿੱਚ ਇਕ ਦੂਸਰੇ ਨਾਲੋਂ ਮੁਖ਼ਤਲਿਫ਼ ਨੇਂ ਪਰ ਬੋਲਣ ਵਿੱਚ ਇਕੋ ਜਹੇ ਨੇਂ।)

ਦੋਹਾਂ ਪੰਜਾਬਾਂ ਦੀਆਂ ਦੋ ਦੋ ਯੂਨੀਵਰਸਿਟੀਆਂ ਤੇ ਜ਼ਰਈ ਕਾਲਜਾਂ ਦੇ ਇਕ ਜੋੜੇ ਦੇ ਤਾਲੀਮੀ ਤਬਾਦਲੇ ਦੇ ਪ੍ਰੋਗਰਾਮ ਸ਼ੁਰੂ ਕਰਣ 'ਤੇ ਗੱਲਬਾਤ ਵੀ ਹੋ ਰਹੀ ਏ। ਇਸ ਤਰ੍ਹਾਂ ਦੇ ਤਬਾਦਲਿਆਂ ਵਿੱਚ ਫ਼ੰਨ ਵੀ ਅਹਿਮ ਕਿਰਦਾਰ ਅਦਾ ਕਰ ਰਿਹਾ ਏ। ਫ਼ਨਕਾਰ ਪੰਜਾਬ ਦੇ ਵਿਰਸੇ ਨੂੰ ਮਹਿਫ਼ੂਜ਼ ਕਰਨ ਤੇ ਮਜ਼੍ਹਬ ਤੋਂ ਉਤਾਂਹ ਹੋ ਕੇ ਇਲਾਕੇ ਦੀਆਂ ਰਿਵੈਤਾਂ ਤੇ ਜ਼ੋਰ ਦੇ ਰਹੇ ਨੇਂ। ਪਾਕਿਸਤਾਨੀ ਥਿਏਟਰ ਗਰੁੱਪ 'ਅਜੋਕਾ' ਅਠਾਰਵੀਂ ਸਦੀ ਦੇ ਮਸ਼ਹੂਰ ਸ਼ਾਇਰ ਬੁੱਲ੍ਹੇ ਸ਼ਾਹ, ਜਿਹੜੇ ਮਜ਼ਹਬੀ ਰਵਾਦਾਰੀ ਦੇ ਆਪਣੇ ਫ਼ਲਸਫ਼ੇ ਦੀ ਵਜਹ ਨਾਲ ਮਸ਼ਹੂਰ ਨੇਂ, ਉਹਨਾਂ ਦੇ ਕੰਮ ਨੂੰ ਪੇਸ਼ ਕਰ ਚੁੱਕੇ ਨੇਂ ਤੇ ਇਹੋ ਈ ਭਾਰਤ ਦੇ ਉੱਭਰਦੇ ਹੋਏ ਪੱਪ ਗੁਲੂਕਾਰ ਰੱਬੀ ਸ਼ੇਰਗਿਲ ਵੀ ਕਰ ਰਹੇ ਨੇਂ। 'ਅਜੋਕਾ' ਨੇ ਪਹਿਲੀ ਵਾਰੀ 2003 ਵਿੱਚ ਭਾਰਤ ਵਿੱਚ ਆਪਣੇ ਫ਼ੰਨ ਦਾ ਮੁਜ਼ਾਹਿਰਾ ਕੀਤਾ ਤੇ ਦੂਜੀ ਵਾਰੀ ਇਸ ਜੂਨ ਵਿੱਚ। ਪਿਛਲੇ ਮਾਰਚ ਵਿੱਚ, ਪਾਕਿਸਤਾਨੀ ਤੇ ਭਾਰਤੀ ਗਰੁੱਪਾਂ ਨੇ ਮਿਲ ਕੇ ਪਾਕਿਸਤਾਨ ਵਿੱਚ ਇਕ ਹਫ਼ਤੇ ਦਾ ਪੰਜਾਬੀ ਡਰਾਮਿਆਂ ਦਾ ਮੇਲਾ ਮਨਾਇਆ।

ਭਾਰਤੀ ਪੱਪ ਸਟਾਰ ਦਲੇਰ ਮਹਿੰਦੀ ਵੀ ਪਾਕਿਸਤਾਨੀ ਪੰਜਾਬ ਵਿੱਚ ਆਪਣਾ ਫ਼ਨ ਵਿਖਾ ਕੇ ਪਾਕਿਸਤਾਨੀਆਂ ਦਾ ਦਿਲ ਜਿੱਤ ਚੁੱਕੇ ਨੇਂ। ਪਾਕਿਸਤਾਨ ਦੇ ਦਾਨਿਸ਼ਵਰ ਤੇ ਸਿਆਸਤਦਾਨ ਜਨਾਬ ਫ਼ਖ਼ਰ ਜ਼ਮਾਨ ਹੋਰਾਂ ਦੀ ਤਨਜ਼ੀਮ 'ਆਲਮੀ ਪੰਜਾਬੀ ਕਾਂਗਰਸ' ਭਾਰਤ, ਪਾਕਿਸਤਾਨ ਤੇ ਪੂਰੀ ਦੁਨੀਆ ਵਿੱਚ ਬਹੁਤ ਸਾਰੇ ਪੰਜਾਬੀ ਦੇ ਅਦਬੀ ਪ੍ਰੋਗਰਾਮ ਮੁਨੱਕਿਦ ਕਰਾ ਚੁਕੀ ਏ ਜਿਹਦੇ ਵਿੱਚ ਲੋਕਾਂ ਦੀ ਵੱਡੀ ਤਾਦਾਦ ਨੇ ਸ਼ਿਰਕਤ ਕੀਤੀ। 1996 ਵਿੱਚ ਇਹਦੀ ਪਹਿਲੀ ਕਾਨਫ੍ਰੰਸ ਹੋਣ ਤੋਂ ਬਾਅਦ 'ਆਲਮੀ ਪੰਜਾਬੀ ਕਾਨਫ੍ਰੰਸ' ਦੀਆਂ ਸਰਗਰਮੀਆਂ ਵਿੱਚ ਚੋਖਾ ਵਾਧਾ ਹੋ ਗਿਆ ਏ ਤੇ ਹੁਣ ਇਹ ਹਰ ਵਰ੍ਹੇ ਕਈ ਪ੍ਰੋਗਰਾਮਾਂ ਦੀ ਮਾਲੀ ਮਦਦ ਵੀ ਕਰਦੀ ਏ। ਕੱਲੇ ਪਿਛਲੇ ਵਰ੍ਹੇ ਇੰਨੇ ਪਾਕਿਸਤਾਨ ਵਿੱਚ ਇਕ ਕਾਨਫ੍ਰੰਸ ਮਈ ਦੇ, ਦੂਸਰੀ ਜੁਲਾਈ ਵਿੱਚ ਵਾਰਿਸ ਸ਼ਾਹ ਹੋਰਾਂ ਦੀ ਯਾਦ ਵਿੱਚ ਤੇ ਤੀਸਰੀ ਸਤੰਬਰ ਦੇ ਮਹੀਨੇ ਵਿੱਚ ਭਾਰਤ ਵਿੱਚ ਕਰਵਾਈ।

ਫ਼ਿਲਮ ਸਾਜ਼ਾਂ ਨੇ ਵੀ ਪੰਜਾਬੀਅਤ ਦੇ ਜਜ਼ਬੇ ਨੂੰ ਫੜ ਲਿਆ ਏ। ਕੁਝ ਈ ਵਰ੍ਹਿਆਂ ਪਹਿਲੇ ਬੋਲੀਵੁਡ ਵਿੱਚ ਕਸ਼ਮੀਰ ਦੇ ਮੌਜ਼ੂ ਤੇ ਫ਼ਿਲਮਾਂ

ਬਣਾਈਆਂ ਜਾ ਰਹੀਆਂ ਸਨ ਜਿਨ੍ਹਾਂ ਵਿੱਚ ਪਾਕਿਸਤਾਨੀਆਂ ਨੂੰ ਦੁਸ਼ਮਣ ਵਿਖਾਇਆ ਜਾ ਰਿਹਾ ਸੀ। ਜਦੋਂ ਕਿ ਹੁਣੇ ਜਿਹੇ ਬਣਨ ਵਾਲੀ ਫ਼ਿਲਮ 'ਵੀਰਜ਼ਾਰਾ' ਵਿੱਚ ਇਕ ਭਾਰਤੀ ਪੰਜਾਬ ਦੇ ਮੁੰਡੇ ਦਾ ਇਕ ਪਾਕਿਸਤਾਨੀ ਪੰਜਾਬੀ ਕੁੜੀ ਨਾਲ ਪਿਆਰ ਵਿਖਾਇਆ ਗਿਆ ਏ। ਹੁਣੇ ਜਿਹੇ ਪਾਕਿਸਤਾਨ ਵਿੱਚ ਬਣਨ ਵਾਲੀ ਇਕ ਫ਼ਿਲਮ 'ਖ਼ਾਮੋਸ਼ ਪਾਣੀ' ਵਿੱਚ ਪੰਜਾਬ ਦੀ ਵੰਡ ਦੀ ਦਰਦਨਾਕ ਹੋਣੀ ਨੂੰ ਵਿਖਾਇਆ ਗਿਆ ਏ। ਤੇ ਇਹਦੇ ਵਿੱਚ ਮੁਸਲਮਾਨ ਤੇ ਸਿੱਖ ਕਿਰਦਾਰ ਅਪਣੇ ਸਾਂਝੇ ਮਾਜ਼ੀ ਦੇ ਬਾਰੇ ਸਵਾਲਾਂ ਦੇ ਜਵਾਬ ਤਲਾਸ਼ ਕਰਦੇ ਨਜ਼ਰ ਆਂਦੇ ਨੇਂ।

ਇਹ ਨਵਾਂ ਜਜ਼ਬਾ ਖੇਡਾਂ ਦੇ ਮੈਦਾਨ ਤੱਕ ਵੀ ਜਾਂਦਾ ਏ। ਦਸੰਬਰ 2004 ਵਿੱਚ ਨਵੀਂ ਸਤ੍ਹਾ ਦੇ ਉਲੰਪਿਕ ਵਾਂਗੂੰ 'ਪੰਜਾਬ ਗੇਮਜ਼' ਹੋਈਆਂ ਜਿਨ੍ਹਾਂ ਵਿੱਚ ਕਬੱਡੀ ਸਮੇਤ ਬਾਰਾਂ ਖੇਡਾਂ ਵਿੱਚ ਦੋਹਾਂ ਪੰਜਾਬਾਂ ਦੇ ਖਿਲਾੜੀਆਂ ਨੇ ਹਿੱਸਾ ਲਿਆ। 'ਇੰਡੀਅਨ ਉਲੰਪਿਕ ਐਸੋਸੀਏਸ਼ਨ' ਨੇ ਹੁਣ ਖੇਡਾਂ ਦਾ ਮੁਸਤਕਲ ਮਰਕਜ਼ ਕਾਇਮ ਕਰ ਦਿੱਤਾ ਏ ਤੇ ਇਹਦਾ ਦੂਜਾ ਹਿੱਸਾ ਲਾਹੌਰ, ਪਾਕਿਸਤਾਨ ਵਿੱਚ ਆਉਣ ਵਾਲੀ ਫ਼ਰਵਰੀ ਨੂੰ ਹੋਵੇਗਾ। ਇਸ ਈ ਦੌਰਾਨ ਭਾਰਤ ਵਿੱਚ 'ਪੰਜਾਬ ਕ੍ਰਿਕਟ ਐਸੋਸੀਏਸ਼ਨ' ਨੇ ਸਾਬਕ ਪਾਕਿਸਤਾਨੀ ਬਾੱਲਰ ਤੇ ਕਪਤਾਨ ਇੰਤਖ਼ਾਬ ਆਲਮ ਨੂੰ ਭਾਰਤੀ ਪੰਜਾਬ ਦੀ ਕ੍ਰਿਕਟ ਟੀਮ ਦਾ ਕੋਚ ਮੁਕੱਰਰ ਕੀਤਾ ਏ। ਜਦੋਂ ਇੰਤਖ਼ਾਬ ਆਲਮ ਹੋਰਾਂ ਨੂੰ ਉਹਨਾਂ ਦੇ ਇਸ ਤਜਰਬੇ ਦੇ ਬਾਰੇ ਵਿੱਚ ਪੁਛਿਆ ਗਿਆ ਤੇ ਉਹਨਾਂ ਨੇ ਆਖਿਆ ਪਈ ਉਹ ਇਥੇ ਆਪਣੇ ਆਪ ਨੂੰ ਗ਼ੈਰ ਮਹਿਸੂਸ ਨਹੀਂ ਕਰਦੇ ਕਿਉਂ ਜੋ ਉਹਨਾਂ ਦੀ ਜੰਮ ਪਲ ਵੀ ਭਾਰਤੀ ਸ਼ਹਿਰ ਹੁਸ਼ਿਆਰਪੁਰ ਦੀ ਏ। "ਮੁੱਢੋਂ ਮੈਂ ਇਕ ਪੰਜਾਬੀ ਆਂ ਤੇ ਸਾਡੀ ਬੋਲੀ, ਸਾਡਾ ਖਾਣਾ-ਪੀਣਾ ਤੇ ਰਸਮੋ-ਰਿਵਾਜ ਇਕੋ ਜਿਹੇ ਨੇਂ।"

ਦੋਹਾਂ ਪੰਜਾਬਾਂ ਦੇ ਸ਼ਹਿਰਾਂ ਤਕ ਦੋਵੇਂ ਦੇਸ ਬੱਸ-ਸਰਵਿਸ ਚਲਾਣ ਉੱਤੇ ਵੀ ਰਾਜ਼ੀ ਹੋ ਗਏ ਨੇਂ। ਪਹਿਲੀ ਸਰਵਿਸ ਜਿਹੜੀ ਜਨਵਰੀ ਵਿੱਚ ਸ਼ੁਰੂ ਹੋਵੇਗੀ, ਭਾਰਤੀ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਤੇ ਪਾਕਿਸਤਾਨੀ ਪੰਜਾਬ ਦੇ ਸ਼ਹਿਰ ਲਾਹੌਰ ਦੇ ਦਰਮਿਆਨ ਹੋਵੇਗੀ। ਲਾਹੌਰ ਤੇ ਅੰਮ੍ਰਿਤਸਰ ਜਿਹੜੇ ਇਕ ਦੂਜੇ ਤੋਂ ਸਿਰਫ਼ 25 ਕਿਲੋਮੀਟਰ ਦੂਰ ਨੇਂ, ਕਦੀ ਜੁੜਵਾਂ ਸ਼ਹਿਰ ਅਖਵਾਉਂਦੇ ਸਨ। ਪਰ ਪਿਛਲੇ ਸੱਠ ਵਰ੍ਹਿਆਂ ਤੋਂ ਸਰਹੱਦਾਂ ਨੇ ਇਹਨਾਂ ਨੂੰ ਇਕ ਦੂਜੇ ਤੋਂ ਦੂਰ ਕੀਤਾ ਹੋਇਆ ਸੀ। ਇਕ ਵਾਰੀ ਹੋਟਲ ਬਣ ਜਾਣ ਤੇ ਸੜਕਾਂ ਚੌੜੀਆਂ ਹੋ ਜਾਵਣ ਤੇ ਦੂਜੀ ਬੱਸ ਸਰਵਿਸ ਪੰਜਾਬ ਦੇ ਮੁਕੱਦਸ ਸ਼ਹਿਰ ਅਮ੍ਰਿਤਸਰ ਤੋਂ ਬਾਬਾ ਗੁਰੂ ਨਾਨਕ ਜੀ ਹੋਰਾਂ ਦੇ ਜੰਮਣ-ਅਸਥਾਨ ਨਨਕਾਣਾ ਸਾਹਿਬ ਤਕ ਚਲਾਈ ਜਾਵੇਗੀ।

## ਕੀ ਦੋਵੇਂ ਪੰਜਾਬ ਇਵੇਂ ਕਰ ਸਕਸਨ?

ਸ਼ੱਕੀ ਮਿਜ਼ਾਜ ਲੋਕੀ ਆਖਦੇ ਨੇਂ ਪਈ ਭਾਵੇਂ ਦੋਹਾਂ ਪੰਜਾਬਾਂ ਨੇ ਚੰਗੇ ਰਿਸ਼ਤਿਆਂ ਨੂੰ ਸ਼ੁਰੂ ਕੀਤਾ ਏ ਪਰ ਉਹਨਾਂ ਦੋਹਾਂ ਦੀ ਆਪਣੇ ਆਪਣੇ ਇਲਾਕੇ ਤੇ ਤਵੱਜੋ ਇੰਨੀ ਵੱਖਰੀ ਏ ਪਈ ਇਹ ਦੋਹੀਂ ਪਾਕਿਸਤਾਨ ਤੇ ਭਾਰਤ ਦੇ ਤਅੱਲਕਾਤ 'ਤੇ ਬਹੁਤਾ ਡੂੰਘਾ ਅਸਰ ਨਹੀਂ ਪਾ ਸਕਦੇ। ਅਦਬੀ ਇਕੱਠ ਤੇ ਚੰਗੀਆਂ ਲੱਗਣ ਵਾਲੀਆਂ ਖੇਡਾਂ ਕਿਸ ਤਰ੍ਹਾਂ ਦੋਹਾਂ ਮੁਲਕਾਂ ਦੇ ਰਿਸ਼ਤਿਆਂ ਨੂੰ ਬਿਹਤਰੀ ਵੱਲ ਲੈ ਕੇ ਜਾ ਸਕਦੇ ਨੇਂ? ਸੱਚੀ ਗੱਲ ਤੇ ਇਹ ਏ ਪਈ ਜਦੋਂ ਵੀ ਸਰਹੱਦੀ ਤੇ ਅਮਨੋ ਅਮਾਨ ਦੇ ਮਸਲੇ ਸਾਹਮਣੇ ਆਉਂਦੇ ਨੇਂ ਤੇ ਸਕਾਫ਼ਤੀ ਸਿਫ਼ਾਰਤਕਾਰੀ ਹਮੇਸ਼ਾ ਈ ਰਿਵੈਤੀ ਸਿਫ਼ਾਰਤਕਾਰੀ ਤੋਂ ਪਿੱਛੇ ਰਹਿੰਦੀ ਏ। ਇਸ ਲਈ ਇਹ ਕਿਸੇ ਇਤਫ਼ਾਕ ਦੀ ਗੱਲ ਨਹੀਂ ਪਈ ਦੋਹਾਂ ਪੰਜਾਬਾਂ ਦੇ ਵਿਚਕਾਰ ਰਿਸ਼ਤੇ ਉਦੋਂ ਈ ਫ਼ੇਰ ਤੋਂ ਵਧਣੇ ਸ਼ੁਰੂ ਹੋਏ ਜਦੋਂ ਨਵੀਂ ਦਿੱਲੀ ਤੇ ਇਸਲਾਮਾਬਾਦ ਨੇ ਆਪਸੀ ਰਿਸ਼ਤਿਆਂ ਨੂੰ ਸ਼ੁਰੂ ਕੀਤਾ। ਪਰ ਇਸ ਦੇ ਬਾਵਜੂਦ ਵੀ, ਪੰਜਾਬੀਅਤ ਦੀ ਤਹਿਰੀਕ ਬਾਰੇ ਆਉਣ ਵਾਲੇ ਚੰਗੇ ਵਕਤ ਦੀ

ਆਸ ਲਾਣ ਲਈ ਸਾਡੇ ਕੋਲ ਕਾਫ਼ੀ ਵਜੂਹਾਤ ਨੇਂ। ਇਹ ਤਹਿਰੀਕ ਸਿੱਧੇ ਤਰੀਕੇ ਨਾਲ ਫ਼ਰਕੋ ਫ਼ਰਕੀ ਕੌਮਾਂ ਦੇ ਮਸਲਿਆਂ ਨੂੰ ਹੱਲ ਕਰਣ ਦੀ ਕੋਸ਼ਿਸ਼ ਕਰਦੀ ਏ। ਇਹ ਪੰਜਾਬੀ ਆਪਣੇ ਆਪਣੇ ਮੁਲਕਾਂ ਵਿੱਚ ਫ਼ੈਸਲਿਆਂ ਤੇ ਅਸਰ-ਅੰਦਾਜ਼ ਹੁੰਦੇ ਨੇਂ। ਇਹਨਾਂ ਕੋਸ਼ਿਸ਼ਾਂ ਦੇ ਸਾਫ਼ ਨਤੀਜੇ ਵੀ ਸਾਹਮਣੇ ਆ ਰਹੇ ਨੇਂ ਤੇ ਦੋਹਾਂ ਪਾਸੇ ਉਹਨਾਂ ਹਲਕਿਆਂ ਦੀ ਤਾਦਾਦ ਵੱਧ ਰਹੀ ਏ ਜਿਹੜੇ ਮਸਲਿਆਂ ਦਾ ਹੱਲ ਅਮਨ ਦੀ ਰਾਹੀਂ ਚਾਹੁੰਦੇ ਨੇਂ।

ਜਿਵੇਂ ਕਿ ਇੰਡੀਆਨਾ ਯੂਨੀਵਰਸਿਟੀ ਦੀ ਸੁਮਿਤ ਗਾਂਗੁਲੀ ਹੋਰਾਂ ਆਖਿਆ ਏ ਪਈ ਭਾਰਤ ਤੇ ਪਾਕਿਸਤਾਨ ਦੇ ਤਨਾਜ਼ੇਆਂ ਵਿਚੋਂ ਵੱਡਾ ਮਸਲਾ ਫ਼ਰਕੋ ਫ਼ਰਕੀ ਕੌਮਾਂ ਦਾ ਏ। ਜਿਨ੍ਹਾਂ ਵਿਚੋਂ ਇਕ ਨਾਨ ਸੈਕਟੇਰੀਅਨ ਤੇ ਦੂਜੀ ਇਸਲਾਮੀ ਏ। ਸੱਚ ਪੁੱਛੋ ਤੇ ਮਸਲੇ ਸਿਰਫ਼ ਸਰਹੱਦਾਂ ਦੇ ਸਨ ਤੇ ਜੇ ਗੱਲਬਾਤ ਕਰਨ ਵਾਲੇ ਮਾਹਿਰ ਹੁੰਦੇ ਤੇ ਇਹਨਾਂ ਮਸਲਿਆਂ ਦਾ ਹੱਲ ਗੱਲੀਂ-ਬਾਤੀਂ ਹੀ ਨਿਕਲ ਸਕਦਾ ਸੀ। ਪਰ ਜੇ ਪਾਕਿਸਤਾਨ ਤੇ ਭਾਰਤ ਵਿੱਚ ਹਮੇਸ਼ਾ ਰਹਿਣ ਵਾਲਾ ਅਮਨ ਚਾਹੀਦਾ ਏ ਤਾਂ ਮੁਤਨਾਜ਼ਾ ਸਰਹੱਦਾਂ ਤੇ ਪਾਣੀ ਦੇ ਹੱਕ ਦੇ ਨਾਲ ਨਾਲ ਕੌਮੀਅਤਾਂ ਦੇ ਮਸਲਿਆਂ ਦਾ ਵੀ ਹੱਲ ਕੱਢਣਾ ਪਏਗਾ, ਜਿਹੜਾ ਨਾ ਮੁੱਕਣ ਵਾਲੀ ਲੜਾਈ ਦਾ ਮੁੱਢ ਏ। ਭਾਵੇਂ ਛੋਟੇ ਪੈਮਾਨੇ 'ਤੇ ਈ ਸਹੀ, ਪਰ ਦੋਹਾਂ ਪੰਜਾਬਾਂ ਨੇ ਇਹੋ ਕੁਝ ਕਰਣ ਦੀ ਕੋਸ਼ਿਸ਼ ਕੀਤੀ ਏ।

ਵੰਡ ਨੂੰ ਪਾਸੇ ਕਰਣ ਯਾ ਮਿਟਾਵਣ ਦੀ ਕੋਈ ਜ਼ਰੂਰਤ ਨਹੀਂ। ਪੰਜਾਬੀਅਤ ਤੇ ਦੋਹਾਂ ਦਾ ਇਕੋ ਜਿਹਾ ਹੱਕ ਏ ਤੇ ਦੋਹਾਂ ਦਾ ਮਾਜ਼ੀ ਇਕੱਠਾ ਏ ਜਿਹਦੇ ਨਾਲ ਇਕੱਠੇ ਰਹਿਣ ਦਾ ਐਸਾ ਕੁਦਰਤੀ ਤਰੀਕਾ ਇਖ਼ਤਿਆਰ ਕੀਤਾ ਜਾ ਸਕਦਾ ਏ ਪਈ ਜਿਹਦੇ ਹੁੰਦਿਆਂ ਦੋਹਾਂ ਮੁਲਕਾਂ ਦੇ ਪੰਜਾਬੀਆਂ ਨੂੰ ਆਪਣੇ ਆਪਣੇ ਮੁਲਕਾਂ ਦੇ ਨਾਲ ਵਫ਼ਾਦਾਰੀ ਵੀ ਬਦਲਣ ਦੀ ਕੋਈ ਜ਼ਰੂਰਤ ਨਹੀਂ। ਜਿਹੜੇ ਲੋਕੀ ਪੰਜਾਬੀਅਤ ਦੀਆਂ ਇਲਾਕਾਈ ਮਜਬੂਰੀਆਂ ਦਾ ਜ਼ਿਕਰ ਕਰਦੇ ਨੇਂ, ਅਸਲ ਵਿੱਚ ਉਹ ਇਹ ਮਹਿਸੂਸ ਨਹੀਂ ਕਰ ਸਕਦੇ ਕਿ ਦੋਵੇਂ ਪੰਜਾਬ ਆਪਣੇ ਆਪਣੇ ਮੁਲਕਾਂ ਵਿੱਚ ਕਿੰਨਾਂ ਜ਼ਿਆਦਾ ਅਸਰ ਰਖਦੇ ਨੇਂ। ਪੰਜਾਬੀ, ਪਾਕਿਸਤਾਨ ਦੀ ਅਬਾਦੀ ਦਾ ਤਕਰੀਬਨ 50% ਹਿੱਸਾ ਨੇਂ ਤੇ ਪਾਕਿਸਤਾਨੀ ਫ਼ੌਜ ਵਿੱਚ ਉਹਨਾਂ ਦੀ ਇਕ ਬਹੁਤ ਵੱਡੀ ਤਾਦਾਦ ਏ। ਬਰੁਕਿੰਗਜ਼ ਇੰਸਟੀਟੀਊਟ ਦੇ ਸਟੀਫ਼ਨ ਕੋਹਨ ਕਹਿੰਦੇ ਨੇਂ ਪਈ (ਪਾਕਿਸਤਾਨ ਦੀ ਫ਼ੌਜ ਦਾ) 75% ਹਿੱਸਾ ਪੰਜਾਬ ਦੇ ਤਰੈ, ਤੇ ਸ਼ਮਾਲ ਮਗ਼ਰਬੀ ਸਰਹੱਦੀ ਸੂਬੇ ਦੇ ਦੋ ਜ਼ਿਲਿਆਂ ਵਿਚੋਂ ਹੋਂਦਾ ਏ। ਜਦੋਂ ਕਿ ਫ਼ੌਜੀ ਅਫ਼ਸਰਾਂ ਦੀ ਬਹੁਤ ਵੱਡੀ ਤਾਦਾਦ ਦਾ ਤਅੱਲੁਕ ਵੀ ਪੰਜਾਬ ਦੇ ਮੁਖ਼ਤਲਿਫ਼ ਸ਼ਹਿਰਾਂ ਨਾਲ ਹੋਂਦਾ ਨੇ।

ਸਮਾਜੀ ਹਲਕਿਆਂ ਵਿੱਚ ਵੀ ਪੰਜਾਬ ਦੇ ਸਿਆਸਤਦਾਨ ਤੇ ਕਾਰੋਬਾਰੀ ਲੋਕ ਛਾਏ ਹੋਏ ਨੇਂ। ਭਾਵੇਂ ਦੂਜੇ ਪਾਸੇ, ਪੰਜਾਬ ਭਾਰਤ ਦੀਆਂ ਅਠਾਈ ਰਿਆਸਤਾਂ ਵਿਚੋਂ ਇਕ ਏ ਪਰ ਭਾਰਤ ਦੀ ਇਸ ਵੇਲੇ ਦੀ ਸਿਆਸੀ ਹਾਲਤ ਦੀ ਵਜਾ ਨਾਲ ਇਹਦਾ ਅਸਰ ਚੋਖਾ ਬਹੁਤਾ ਏ। ਇਸ ਵੇਲੇ ਵਜ਼ੀਰੇ ਆਜ਼ਮ, ਆਰਮੀ ਚੀਫ਼ ਤੇ ਪਲੈਨਿੰਗ ਕਮਿਸ਼ਨ ਦੇ ਡਿਪਟੀ ਡਾਇਰੈਕਟਰ (ਜਿਨ੍ਹਾਂ ਨੂੰ ਤਾਕਤਵਰ ਤਰੀਨ ਆਦਮੀ ਸਮਝਿਆ ਜਾਂਦਾ ਏ) ਤਿੰਨੋਂ ਪੰਜਾਬ ਤੋਂ ਤਅੱਲੁਕ ਰਖਦੇ ਨੇਂ। ਇਸ ਤੋਂ ਇਲਾਵਾ ਪੰਜਾਬੀਅਤ ਦੀ ਤਹਿਰੀਕ ਦੇ ਬਹੁਤ ਸਾਰੇ ਕਾਰੀ-ਕਰਤਾਵਾਂ ਦੇ ਭਾਰਤੀ ਸਿਆਸਤ ਦੇ ਪਰਧਾਨ ਲੋਕਾਂ ਨਾਲ ਬੜੇ ਚੰਗੇ ਤਅੱਲਕਾਤ ਨੇਂ। ਇਹਦੀ ਸਿਰਫ਼ ਇਕੋ ਮਿਸਾਲ ਕਾਫ਼ੀ ਏ। ਸੈਂਟਰ ਫ਼ਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ ਦੇ ਮੈਂਬਰਾਂ ਤੇ ਇਹਦੇ ਸਲਾਹਕਾਰਾਂ ਵਿੱਚ ਵਜ਼ੀਰੇ-ਆਜ਼ਮ, ਵਜ਼ੀਰੇ-ਖ਼ਾਰਜਾ, ਇਕ ਮੰਨਿਆ ਪਰਮੰਨਿਆ ਭਾਰਤੀ ਸਨਅਤਕਾਰ ਤੇ ਇਕ ਮੰਨਿਆ ਪਰਮੰਨਿਆ ਭਾਰਤੀ ਮਈਸ਼ਤ ਦਾਨ ਸ਼ਾਮਿਲ ਹੋਂਦੇ ਨੇ।

ਅਮਰੀਕਾ, ਬਰਤਾਨੀਆ ਤੇ ਕੈਨੇਡਾ ਵਿੱਚ ਪੰਜਾਬੀ ਬਾਹਰ ਵੱਸਦੀ ਇਕ ਵੱਡੀ ਵੱਸੋਂ ਅਬਾਦ ਏ

ਤੇ ਉਹ ਸਕਾਫ਼ਤੀ ਤੌਰ 'ਤੇ ਬੜੀ ਮੁਤਹੱਰਕ ਏ। ਅਕੈਡਮੀ ਆਫ਼ ਪੰਜਾਬ ਇਨ ਨਾਰਥ ਅਮਰੀਕਾ (ਅਪਨਾ) ਤੇ ਇਹਦੇ ਨਾਲ ਮਿਲਦੀ ਪੰਜਾਬ ਹੈਰੀਟੇਜ ਫ਼ਾਉਂਡੇਸ਼ਨ ਨੇ ਦੋਹਾਂ ਪੰਜਾਬਾਂ ਨੂੰ ਕੋਲ ਲਿਆਉਣ ਵਾਸਤੇ ਕੁਝ ਨਜ਼ਰੀਆਤੀ ਮਨਸੂਬੇ ਸ਼ੁਰੂ ਕੀਤੇ ਨੇਂ(ਪੰਜਾਬੀ ਅਦਬ ਦੇ ਇਕ ਰਸਮੁਲ-ਖ਼ਤ ਨੂੰ ਦੂਜਿਆਂ ਵਿੱਚ ਤਰਜਮਾ ਕਰਨਾ)। ਇਹਨਾਂ ਨੇ ਪੰਜਾਬੀ ਸਕਾਫ਼ਤ ਤੇ ਅਦਬ ਨੂੰ ਉਜਾਗਰ ਕਰਨ ਵਾਸਤੇ ਤੇ ਦੋਹਾਂ ਪੰਜਾਬਾਂ ਦੀਆਂ ਇਕੋ ਜਿਹੀਆਂ ਚੀਜ਼ਾਂ ਨੂੰ ਸਾਹਮਣੇ ਲਿਆਉਣ ਵਾਸਤੇ ਕਈ ਕਾਨਫ੍ਰੰਸਾਂ ਵੀ ਮੁਨੱਕਿਦ ਕੀਤੀਆਂ ਨੇਂ।2001 ਵਿੱਚ "ਅਪਨਾ" ਨੇ ਪਹਿਲੀ ਵਾਰੀ ਪਾਕਿਸਤਾਨ ਵਿੱਚ ਸਿੱਖਾਂ ਦੀ ਇਕ ਮਜ਼ਹਬੀ ਕਿਤਾਬ ਦਾ ਪੰਜਾਬੀ ਦੇ ਫਾਰਸੀ ਰਸਮੁਲ-ਖ਼ਤ ਵਿੱਚ ਤਰਜਮਾ ਕਰ ਕੇ ਸ਼ਾਇਆ ਕੀਤਾ ਏ।

ਪੰਜਾਬੀਅਤ ਦੀ ਇਸ ਤਹਿਰੀਕ ਦਾ ਪਾਕਿਸਤਾਨ ਤੇ ਭਾਰਤ ਦੇ ਦੂਜੇ ਇਲਾਕਿਆਂ ਤੇ ਵੀ ਅਸਰ ਹੋ ਰਿਹਾ ਏ ਜਿਹਦੇ ਨਤੀਜੇ ਵਿੱਚ ਦੋਹਾਂ ਮੁਲਕਾਂ ਦੇ ਬਹੁਤ ਸਾਰੇ ਸ਼ਹਿਰੀ ਆਪਸੀ ਮੁਲਾਕਾਤਾਂ ਕਰ ਰਹੇ ਨੇਂ। ਭਾਰਤੀ ਸ਼ਹਿਰ ਮੁੰਬਈ ਵਿੱਚ ਰਹਿਣ ਵਾਲੇ ਸਿੰਧੀਆਂ ਦੇ ਪਾਕਿਸਤਾਨੀ ਸੂਬੇ ਸਿੰਧ ਦੇ ਨਾਲ ਗੂੜ੍ਹੇ ਸਕਾਫ਼ਤੀ ਰਿਸ਼ਤੇ ਨੇਂ।ਪੰਜਾਬੀਆਂ ਹਾਰ, ਸਿੰਧੀ ਜ਼ਬਾਨ ਦਾ ਵੀ ਬਹੁਤ ਵੱਡਾ ਅਦਬੀ ਵਿਰਸਾ ਏ ਜਿਹਦਾ ਤਅੱਲੁਕ ਉਥੋਂ ਦੀ ਸੂਫ਼ੀ ਰਿਵਾਇਤ ਦੇ ਨਾਲ ਏ। ਸਿੰਧੀ ਸ਼ਾਇਰਾਂ ਦੀ ਰੂਹਾਨੀ ਸ਼ਾਇਰੀ, ਸਿੰਧੀ ਮੁਸਲਮਾਨਾਂ ਤੇ ਹਿੰਦੂਆਂ ਲਈ ਬੜੀ ਤਾਸੀਰ ਰਖਦੀ ਏ। ਇਹੋ ਜਿਹੇ ਰਿਸ਼ਤੇ ਮਗ਼ਰਬੀ ਬੰਗਾਲ ਤੇ ਬੰਗਲਾਦੇਸ਼ ਦੇ ਦਰਮਿਆਨ ਵੀ ਤਲਾਸ਼ ਕੀਤੇ ਜਾ ਸਕਦੇ ਨੇਂ।

ਜੇ ਪਾਕਿਸਤਾਨ ਤੇ ਭਾਰਤ ਨੇ ਚੰਗੇ ਤਅੱਲਕਾਤ ਬਣਾਉਣੇ ਨੇਂ ਤੇ ਸਰਹੱਦ ਦੇ ਦੋਹਾਂ ਪਾਸੇ ਅਮਨ ਨਾਲ ਇਕੱਠੇ ਰਹਿਣ ਦੀ ਵਾਜ ਉੱਚੀ ਕਰਣ ਵਾਲੇ ਹਲਕਿਆਂ ਦੀ ਚੰਗੀ ਵੱਡੀ ਤਾਦਾਦ ਹੋਣੀ ਚਾਹੀਦੀ ਏ। ਹੁਣ ਤਕ ਪਾਕਿਸਤਾਨ ਤੇ ਭਾਰਤ ਦੇ ਅਮਨ ਪਸੰਦ ਲੋਕ ਮਰਕਜ਼ੀ ਧਾਰੇ ਤੋਂ ਪਰੇ ਸਨ ਪਰ ਹੁਣ ਸੂਰਤ ਹਾਲ ਬਦਲ ਰਹੀ ਏ। ਭਾਰਤ ਵਿੱਚ, ਖ਼ਾਰਜਾ ਪਾਲੀਸੀ ਬਣਾਉਣ ਵਾਲੇ ਕੁਝ ਲੋਕ ਪਹਿਲੋਂ ਪਾਕਿਸਤਾਨ ਬਾਰੇ ਚੰਗਾ ਖ਼ਿਆਲ ਨਹੀਂ ਸੀ ਰਖਦੇ। ਜਿਵੇਂ ਕਿ ਇਕ ਮੰਨੇ ਪਰਮੰਨੇ ਪਾਲੀਸੀ ਤਜਜ਼ੀਆਕਾਰ ਸੀ. ਰਾਜਾ ਮੋਹਨ ਦਾ ਹੁਣ ਖ਼ਿਆਲ ਇਹ ਏ ਪਈ ਪੰਜਾਬੀਅਤ ਦੋਹਾਂ ਮੁਲਕਾਂ ਵਿੱਚ ਚੰਗੇ ਰਿਸ਼ਤਿਆਂ ਦੀ ਵਜਾ ਬਣ ਸਕਦੀ ਏ। ਅਮਨ ਲਈ ਪਾਕਿਸਤਾਨ ਦੇ ਕਿਰਦਾਰ ਦਾ ਜਾਇਜ਼ਾ ਲਵੋ ਤੇ ਫ਼ੌਜ ਦੇ ਕਿਰਦਾਰ ਦੀ ਵਜਾ ਨਾਲ ਉਹਦੀ ਸੂਰਤ ਹਾਲ ਕਾਫ਼ੀ ਮੁਸ਼ਕਲ ਵਿਖਾਈ ਦਿੰਦੀ ਏ ਜਿੱਥੇ ਫ਼ੌਜ ਨੇ ਭਾਰਤ ਨੂੰ ਆਪਣੇ ਲਈ ਮੁਸਤਕਿਲ ਖ਼ਤਰਾ ਕਰਾਰ ਦਿੰਦਿਆਂ ਹੋਇਆਂ ਸਿਆਸਤ ਵਿੱਚ ਦਖ਼ਲ ਦਿੱਤਾ ਹੋਇਆ ਏ। ਪਰ ਫ਼ੌਜ ਵਿੱਚ ਪੰਜਾਬੀਆਂ ਦੀ ਬਹੁਤੀ ਤਾਦਾਦ ਨਾਲ ਇਹ ਉਮੀਦ ਪੈਦਾ ਹੋਂਦੀ ਪਈ ਏ ਪਈ ਪੰਜਾਬੀਅਤ ਪਾਕਿਸਤਾਨੀ ਫ਼ੌਜ ਤਕ ਵੀ ਆਪਣਾ ਅਸਰ ਵਧਾਵੇਗੀ।

ਇਕੱਠੇ ਪੰਜਾਬੀ ਵਿਰਸੇ ਨੂੰ ਬੁਨਿਆਦ ਬਣਾਉਂਦਿਆਂ ਹੋਇਆਂ ਪੰਜਾਬੀਅਤ ਦੀ ਤਹਿਰੀਕ ਦੇ ਵਿੱਚ 1990 ਦੇ ਅਖ਼ੀਰ ਤੋਂ ਹੌਲੀ ਹੌਲੀ ਵਾਧਾ ਹੋ ਰਿਹਾ ਏ।ਪੰਜਾਬੀਅਤ ਸਰਹੱਦ ਦੇ ਦੋਹਾਂ ਪਾਸੇ ਦੇ ਪੰਜਾਬੀਆਂ ਵਿੱਚ ਪਿਆਰ ਦੇ ਜਜ਼ਬਿਆਂ ਨੂੰ ਅੱਗੇ ਵਧਾਣ ਵਿੱਚ ਕਾਮਯਾਬ ਰਹੀ ਏ ਕਿਉਂ ਜੋ ਇਹਦੇ ਕਰਤਾ ਧਰਤਾ ਲੋਕਾਂ ਉੱਤੇ ਪਾਕਿਸਤਾਨ ਤੇ ਭਾਰਤ ਦੇ ਤਨਾਜ਼ਿਆਂ ਦਾ ਹਲ ਕੱਢਣ ਦਾ ਕੋਈ ਦਬਾਓ ਨਹੀਂ। ਭਾਵੇਂ ਦੋਹਾਂ ਪੰਜਾਬਾਂ ਦੇ ਲੋਕਾਂ ਦੇ ਦਰਮਿਆਨ ਕੱਲੇ ਮੇਲ ਮਿਲਾਪ ਨਾਲ ਪਾਕਿਸਤਾਨ ਤੇ ਭਾਰਤ ਦੇ ਮਸਲਿਆਂ ਦਾ ਹਲ ਦੀ ਕੋਈ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਪਰ ਫ਼ੇਰ ਵੀ ਦੋਹਾਂ ਮੁਲਕਾਂ ਦੇ ਦਰਮਿਆਨ ਲੰਮੇ ਚਿਰ ਤਨਾਜ਼ਿਆਂ ਦਾ ਹਲ ਉਸ ਈ ਸੂਰਤ ਵਿੱਚ ਮੁਮਕਿਨ ਹੋਵੇਗਾ ਜੇ ਬਹੁਤੇ ਤੋਂ ਬਹੁਤੇ ਆਮ ਲੋਕੀ ਸਰਹੱਦਾਂ ਤੋਂ ਪਾਰ ਦੁਸ਼ਮਣਾਂ ਦੀ ਬਜਾਏ ਪੁਰਾਣੇ ਰਿਸ਼ਤਿਆਂ ਵੱਲ ਵੇਖਣ।

■

ਮਾਂ ਬੋਲੀ

# ਕਨੇਡਾ ਦਾ ਪੰਜਾਬੀ ਅਦਬ - ਇਕ ਝਾਤ*

**ਸਾਧੂ ਬਿਨਿੰਗ**

ਪੰਜਾਬੀ ਰੂਪਕਾਰ:
**ਯਾਸਿਰ ਜ਼ਵਾਦ**

ਇਸ ਲਿਖਤ 'ਚ ਕਨੇਡਾ ਵਿੱਚ ਪੰਜਾਬੀ ਅਦਬ ਦੀ ਤਾਰੀਖ਼ ਦਾ, ਤੇ ਲਿਖਾਰੀਆਂ ਨੂੰ ਪੇਸ਼ ਆਉਣ ਵਾਲੇ ਮਸਲਿਆਂ ਦਾ ਜਾਇਜ਼ਾ ਲਿਆ ਗਿਆ ਏ। ਕਨੇਡਾ ਦੇ ਪੰਜਾਬੀ ਲਿਖਾਰੀ ਇਕ ਪਾਸੇ ਕਨੇਡਾ ਦੀ ਪੰਜਾਬੀ ਬਰਾਦਰੀ ਦੀ ਬੇਪਰਵਾਈ ਅਤੇ ਦੂਜੇ ਪਾਸੇ ਪੰਜਾਬ ਵਿੱਚ ਖੋਜਕਾਰਾਂ ਵੱਲੋਂ ਕੁਝ ਕਰਨ ਦੀ ਆਸ ਵਿਚਕਾਰ ਫੱਸੇ ਹੋਏ ਸਨ। ਇਹਨਾਂ ਲੇਖਕਾਂ ਨੇਂ ਆਪਣੀ ਮਿਹਨਤ ਨੂੰ ਮੂੰਹ ਮੱਥਾ ਦੇਵਣ ਲਈ ਬੜੀਆਂ ਔਕੜਾਂ ਦਾ ਸਾਹਮਣਾ ਕੀਤਾ ਏ। ਪਹਿਲੇ ਪਹਿਲ ਦੀਆਂ ਇਹਨਾਂ ਔਕੜਾਂ ਦੇ ਹੋਂਦਿਆਂ ਹੋਇਆਂ ਵੀ ਕਨੇਡਾ ਦਾ ਪੰਜਾਬੀ ਅਦਬ ਪਰਵਾਨ ਚੜ੍ਹਿਆ ਅਤੇ ਇਕ ਨਿੱਗਰ ਭਲਕ ਵੱਲ ਨਜ਼ਰਾਂ ਲਾਈ ਬੈਠਾ ਏ।

## ਤਆਰੁਫ਼:

ਕਨੇਡਾ ਵਿੱਚ ਪੰਜਾਬੀਆਂ ਦੀ ਤਾਰੀਖ਼ 20 ਵੀਂ ਸਦੀ ਨਾਲ ਈ ਸ਼ੁਰੂ ਹੋਈ। ਵੇਲਾ ਲੰਘਣ ਦੇ ਨਾਲ ਨਾਲ ਬਰਾਦਰੀ ਦਾ ਪਸਾਰਾ ਵਧਦਾ ਗਿਆ ਅਤੇ ਬਹੁਤ ਸਾਰੇ ਪੰਜਾਬੀਆਂ ਨੇਂ ਇਥੇ ਦੀ ਮੁਆਸ਼ੀ, ਸਿਆਸੀ ਅਤੇ ਸਮਾਜੀ ਹਯਾਤੀ 'ਚ ਵੱਡਾ ਨਾਓਂ ਕਮਾਇਆ। ਪੰਜਾਬੀ ਅਦਬ ਲਿਖਣ ਦੀ ਸ਼ੁਰੂਆਤ ਬਹੂੰ ਪਹਿਲਾਂ ਈ ਹੋ ਗਈ ਸੀ, ਪਰ ਪਿਛਲੀ ਸਦੀ ਦੇ ਵਿਚਕਾਰਲੇ ਦਹਾਕਿਆਂ ਵਿੱਚ ਕੁਛ ਚੁੱਪ-ਚਾਂ ਰਹੀ। ਕੁਝ ਈ ਵਰ੍ਹੇ ਪਹਿਲਾਂ ਵਧੀਕ ਲਿਖਾਰੀ ਸਾਹਮਣੇ ਆਏ ਨੇਂ ਅਤੇ ਉਹਨਾਂ ਦਾ ਸਭ ਨਾਲੋਂ ਉਚੇਰਾ ਸ਼ੌਕ ਉਹਨਾਂ ਔਕੜਾਂ ਬਾਰੇ ਲਿਖਣਾ ਲਗਦਾ ਏ ਜਿਹਨਾਂ ਨਾਲ ਵਤਨ ਛੱਡ ਕੇ ਆਏ ਨਵੇਂ ਲੋਕਾਂ ਨੂੰ ਨਵੀਂ ਧਰਤੀ ਵਿੱਚ ਜੜ੍ਹਾਂ ਫੜਨ ਤੇ ਪੁੰਗਰਨ ਲਈ ਨਜਿੱਠਣਾ ਪੈਂਦਾ ਏ।

ਕਨੇਡਾ ਦੇ ਪੰਜਾਬੀ ਅਦਬ ਦਾ ਮੁੱਲ ਭਾਅ ਲੱਭਣ ਦੀਆਂ ਅਸਲ ਕੋਸ਼ਿਸ਼ਾਂ 1970 ਦੇ ਦਹਾਕੇ ਦੇ ਅਖ਼ੀਰ 'ਚ ਸ਼ੁਰੂ ਹੋਈਆਂ। ਇਹ ਬਹਿਸਾਂ ਬਹੁਤਾ ਕਰਕੇ ਪੰਜਾਬੀ ਵਿੱਚ ਈ ਹੋਂਦੀਆਂ ਰਹੀਆਂ, ਅਤੇ ਆਮ ਤੌਰ 'ਤੇ ਇਹਨਾਂ ਰਾਹੀਂ ਕਿਸੇ ਲੇਖਕ ਦੀਆਂ ਲਿਖਤਾਂ ਵਿੱਚ ਓਪਰੇਪਨ, ਬੇਵਤਨੀ, ਦੇਸ਼ ਦੀ ਯਾਦ, ਨਸਲਪ੍ਰਸਤੀ, ਸਿਆਸੀ ਝੁਕਾਅ ਵਰਗੇ ਮੁੱਦਿਆਂ ਉੱਤੇ ਗੌਰ ਕਰਨ ਦੇ ਵੇਖੇ ਡਿੱਠੇ ਰਾਹਾਂ ਉੱਤੇ

*'ਜਰਨਲ ਆਫ਼ ਪੰਜਾਬ ਸਟਡੀਜ਼' ਜਿਲਦ 13, ਨੰ 1 ਤੇ 2 ਤੋਂ ਲਿਆ ਗਿਆ।*

ਈ ਪੰਧ ਕੀਤਾ ਗਿਆ, ਤੇ ਵਿਖਾਇਆ ਜਾਂਦਾ ਸੀ ਬਈ ਦੂਜਿਆਂ ਲੇਖਕਾਂ ਨੇਂ ਇਹ ਮੁੱਦੇ ਕਿਵੇਂ ਨਿਭਾਏ ਹਨ। ਅਸਾਂ ਸ਼ੁਰੂ ਦੇ ਪਨਾਹ-ਗੁਜ਼ੀਨਾਂ ਤੋਂ ਲੈ ਕੇ ਅਜੋਕੇ ਵੇਲੇ ਤੀਕਰ ਦੇ ਕਨੇਡਾ ਦੇ ਪੰਜਾਬੀ ਅਦਬ ਦੀ ਤਾਰੀਖ਼ ਉੱਤੇ ਇਕ ਝਾਤ ਪਾਉਣ ਦੀ ਕੋਸ਼ਿਸ਼ ਕੀਤੀ ਏ। ਨਾਲੋ ਨਾਲ ਕਨੇਡਾ ਦੇ ਮਾਹੌਲ ਨਾਲ ਕਨੇਡਾ ਦੇ ਪੰਜਾਬੀ ਅਦਬ ਦੀ ਜੁੜਤ ਅਤੇ ਪੰਜਾਬੀ ਅਦਬ ਦੇ ਵੱਡੇ ਧਾਰੇ 'ਚ ਇਹਦੀ ਪੱਧਰ ਉੱਤੇ ਵੀ ਚਾਨਣ ਪਾਇਆ ਗਿਆ ਏ।

## ਸ਼ੁਰੂ ਦੀਆਂ ਅਦਬੀ ਕੋਸ਼ਿਸ਼ਾਂ:

ਕਨੇਡਾ 'ਚ ਪੰਜਾਬੀ ਅਦਬ ਦੀ ਨੀਂਹ ਉਹਨਾਂ ਲੋਕਾਂ ਨੇਂ ਧਰੀ ਜਿਹੜੇ ਇਕ ਇਨਕਲਾਬੀ ਗਰੁੱਪ 'ਗ਼ਦਰ ਪਾਰਟੀ' ਨਾਲ ਤਅੱਲੁਕ ਰੱਖਦੇ ਸਨ। ਇਹ ਗਰੁੱਪ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਕੈਲੀਫੋਰਨੀਆ ਵਿੱਚ ਕਾਇਮ ਕੀਤਾ ਗਿਆ ਸੀ। ਮੁਨਸ਼ਾ ਸਿੰਘ ਦੁਖੀ, ਹਰਨਾਮ ਸਿੰਘ ਟੁੰਡੀਲਾਟ, ਭਗਵਾਨ ਸਿੰਘ ਅਤੇ ਭਾਈ ਦਲਜੀਤ ਸਿੰਘ ਇਹਨਾਂ ਵਿਚੋਂ ਕੁਝ ਪ੍ਰਸਿੱਧ ਨਾਮ ਨੇਂ। ਉਹ ਆਪਣੇ ਆਪ ਨੂੰ ਅਜਿਹੇ ਸਿੱਖ, ਪੰਜਾਬੀ ਅਤੇ ਹਿੰਦੁਸਤਾਨੀ ਸਮਝਦੇ ਸਨ ਜਿਹਨਾਂ ਦੇ ਸ਼ੁਮਾਲੀ ਅਮਰੀਕਾ ਆ ਵੱਸਣ ਦੇ ਅੱਡੋ-ਅੱਡ ਕਾਰਨ ਸਨ। ਉਹਨਾਂ ਨੇਂ ਉੱਥੇ ਪ੍ਰਚੱਲਤ ਨਸਲਪ੍ਰਸਤੀ ਨੂੰ ਕਬੂਲ ਨਾ ਕੀਤਾ ਤੇ ਇਨਕਲਾਬੀ ਬਣ ਗਏ।

ਉਹਨਾਂ ਦੇ ਰਚੇ ਹੋਏ ਅਦਬ ਦਾ ਵੱਡਾ ਅੰਗ ਦੋਹੜੇ, ਕੋਰੜਾ ਛੰਦ ਅਤੇ ਬੈਂਤ ਦੀਆਂ ਰਸਮੀ ਬਹਿਰਾਂ ਵਿੱਚ ਲਿਖੀ ਹੋਈ ਸ਼ਾਇਰੀ ਸੀ। ਇਹ ਸ਼ਾਇਰੀ ਜਲਸਿਆਂ ਵਿੱਚ ਪੜ੍ਹਨ ਲਈ ਲਿਖੀ ਗਈ। ਆਪਣੀ ਗੱਲ ਦੂਜਿਆਂ ਤੀਕਰ ਪੁਜਾਉਣ ਲਈ ਪ੍ਰਿੰਟਿੰਗ ਦਾ ਮੀਡੀਆ ਮੌਜੂਦ ਸੀ, ਅਤੇ ਕੁਝ ਇਕ ਨੇਂ 'ਗ਼ਦਰ' ਤੇ ਦੂਜੇ ਹਫ਼ਤਾਵਾਰ ਅਖ਼ਬਾਰਾਂ ਵਿੱਚ ਆਪਣੀ ਰਚਨਾ ਛਪਵਾਈ ਵੀ। ਇਹ ਸ਼ਾਇਰੀ ਸਿਆਸੀ ਰੰਗ ਵਿੱਚ ਰੰਗੀ ਹੋਈ ਸੀ। ਇਹਦੇ ਵਿੱਚ ਸਿੱਖ ਸ਼ਹੀਦਾਂ ਦੇ ਜੱਸ ਗਾਏ ਗਏ ਤਾਂ ਜੋ ਦੂਜਿਆਂ ਨੂੰ ਵੀ ਹਿੰਦੁਸਤਾਨ ਦੀ ਅਜ਼ਾਦੀ ਲਈ ਸ਼ਹੀਦ ਹੋਵਣ ਦੀ ਰਾਹ ਤੇ ਲਿਆਇਆ ਜਾ ਸਕੇ।

ਮਜ਼ੇ ਦੀ ਗੱਲ ਇਹ ਏ ਬਈ ਉੱਤਰੀ ਅਮਰੀਕਾ ਦੀ ਸਰਕਾਰ ਨਾਲ ਉਹਨਾਂ ਦੀ ਲੜਾਈ ਸ਼ਾਇਰੀ 'ਚ ਨਹੀਂ ਝਲਕਦੀ। ਇੰਝ ਕਿਉਂ ਹੋਇਆ? ਉਹ ਸਭੇ ਪੈਸਾ ਕਮਾਉਣ ਅਤੇ ਪੰਜਾਬ ਵਾਪਸ ਜਾਣ ਦੇ ਸੁਫ਼ਨੇ ਲੈ ਕੇ ਇਥੇ ਆਏ ਸਨ। ਆਪਣੇ ਸੁਫ਼ਨਿਆਂ ਨੂੰ ਸੱਚ ਕਰਨ ਲਈ ਉਹਨਾਂ ਅਕਸਰ "ਕੁਕ ਹਾਉਸਿਜ਼" ਵਿੱਚ ਰਲ ਮਿਲ ਕੇ ਜੀਵਨ ਬਿਤਾਇਆ ਜਿਹੜੇ ਉਹਨਾਂ ਦੀਆਂ ਮਿੱਲਾਂ (ਜਿਥੇ ਉਹ ਲੱਕੜ ਵੱਢਦੇ ਸੀ) ਦੇ ਨਾਲ ਈ ਬਣੇ ਹੋਏ ਸਨ। ਜਿਥੇ ਤੀਕਰ ਉਹਨਾਂ ਦੀਆਂ ਔਕੜਾਂ ਦਾ ਸੰਬੰਧ ਏ, ਉਹ ਇਹਨਾਂ ਨੂੰ ਹਿੰਦੁਸਤਾਨ ਦੀ ਗ਼ੁਲਾਮੀ ਦਾ ਸਿੱਟਾ ਸਮਝਦੇ ਸਨ। ਸੋ ਉਹਨਾਂ ਦੀ ਕਵਿਤਾ ਨਸਲਪ੍ਰਸਤੀ ਜਾਂ ਘਰ ਤੋਂ ਦੂਰੀ ਦਾ ਜ਼ਾਤੀ ਦਰਦ ਨਹੀਂ ਰਖਦੀ, ਸਗੋਂ ਆਪਣੀ ਇਸ ਹਾਲਤ ਪਿੱਛੇ ਖਿਆਲ ਕੀਤੇ ਗਏ ਅਸਲ ਕਾਰਨ ਦੀ ਦੱਸ ਪਾਉਂਦੀ ਏ। ਅਮਲੀ ਪੱਧਰ ਉੱਤੇ ਉਹਨਾਂ ਨੇਂ ਕਨੇਡਾ ਵਿੱਚ ਆਪਣਿਆਂ ਹੱਕਾਂ ਲਈ ਜੂਝਣ ਤੋਂ ਕਦੀ ਲਾਪਰਵਾਈ ਨਾ ਵਰਤੀ, ਜਦ ਕਿ ਕਵਿਤਾ ਵਿੱਚ ਉਹਨਾਂ ਨੇਂ ਆਪਣੇ ਮਸਲਿਆਂ ਨੂੰ ਹਿੰਦੁਸਤਾਨ ਦੇ ਮਸਲਿਆਂ ਨਾਲ ਨੱਥੀ ਕੀਤਾ ਅਤੇ ਇਕ ਨਵੇਕਲਾ ਜਵਾਬ ਭਾਲਿਆ, ਜਿਵੇਂ ਕਿ ਹੇਠ ਦਿੱਤੇ ਗਏ ਬੰਦ ਤੋਂ ਪਤਾ ਲਗਦਾ ਏ:

> ਕਰੋ ਨਾ ਮਿੰਨਤ, ਐਵੇਂ ਬਣੋ ਕਾਇਰ ਨਾ।
> ਫੜੋ ਤਲਵਾਰ, ਇਹਨਾਂ ਨਹੀਂ ਠਹਿਰਨਾ।
> ਅੱਗੇ ਵੀਰੋ ਅਰਜ਼ੀਆਂ ਨੇਂ ਕੀ ਬਣਾ ਲਿਆ?
> ਜ਼ਾਲਮ ਫ਼ਰੰਗੀਆਂ ਨੇਂ ਦੇਸ ਖਾ ਲਿਆ।

ਇਹਨਾਂ ਸ਼ੁਰੂ ਦਿਆਂ ਸ਼ਾਇਰਾਂ ਨੇਂ ਪੰਜਾਬੀ ਅਦਬੀ ਰੀਤ ਦੀ ਨੀਂਹ ਰੱਖੀ ਜੋ ਔੜਕ ਨੂੰ ਪੰਜਾਬ 'ਚ ਲਿਖੇ ਜਾ ਰਹੇ ਅਦਬ ਦੇ ਵੱਡੇ ਧਾਰੇ ਦਾ ਅਟੁੱਟ ਅੰਗ ਬਣ ਗਿਆ। ਬਹੁੁ ਸਾਰੇ ਸ਼ਾਇਰ ਪਿਛਾਂਹ ਪੰਜਾਬ ਨੂੰ ਪਰਤ ਗਏ ਅਤੇ ਮੁਨਸ਼ਾ ਸਿੰਘ ਦੁਖੀ ਵਰਗੇ ਲੇਖਕ ਉੱਥੇ ਵੀ ਲਿਖਦੇ ਰਹੇ।

ਕਨੇਡਾ ਵਿੱਚ ਦਾਖਲੇ ਉੱਤੇ ਲਾਈ ਗਈ ਪਾਬੰਦੀ ਪਾਰੋਂ 20 ਵੀਂ ਸਦੀ ਦੇ ਵਿਚਕਾਰਲੇ ਦਹਾਕਿਆਂ ਵਿੱਚ ਥੋੜ੍ਹੇ ਜਹੇ ਪੰਜਾਬੀ ਈ ਕਨੇਡਾ ਅੱਪੜ ਸਕੇ। ਗੁਰਦੇਵ ਸਿੰਘ ਢਿੱਲੋਂ, ਜਿਹਨੇ ਅਪਣੇ ਕਲਮੀ ਨਾਮ "ਯਕਦਮ" ਨਾਲ ਲਿਖਿਆ, 1931 ਵਿੱਚ ਵੈਨਕੂਵਰ ਆਇਆ। ਉਹਨੇ ਵੈਨਕੂਵਰ, ਵਿਕਟੋਰੀਆ ਅਤੇ ਹੋਰ ਸ਼ਹਿਰਾਂ ਦੇ ਗੁਰਦੁਆਰਿਆਂ 'ਚ ਆਪਣੀਆਂ ਕਵਿਤਾਵਾਂ ਪੜ੍ਹ

ਕੇ ਸੁਣਾਈਆਂ। 1932 ਵਿੱਚ ਲਿਖੀ ਗਈ ਉਹਦੀ ਇਕ ਨਜ਼ਮ ਚੋਂ ਲਈਆਂ ਗਈਆਂ ਇਹਨਾਂ ਲਾਇਨਾਂ ਤੋਂ ਥੋਹ ਲਗਦਾ ਏ ਬਈ ਉਹ ਕੁਝ ਦਹਾਕੇ ਪਹਿਲਾਂ ਵਾਂਗੂ ਆਪਣੇ ਹਮਵਤਨਾਂ ਦੇ ਹਥਿਆਰ ਨਾ ਚੁੱਕਣ ਉੱਤੇ ਕਹਿਰਵਾਨ ਹੋ ਰਿਹਾ ਏ:

ਸਾਈਆਂ! ਕਹਿਰ ਹੋਇਆ ਜਿਧਰ ਨਜ਼ਰ ਮਾਰਾਂ,
ਪਾਟੋ ਧਾੜ ਵਿੱਚ ਹੋਏ ਮਸ਼ਗੂਲ ਵਤਨੀ।
ਝੁਰਲੂ ਸਿਰਾਂ 'ਤੇ ਫੇਰਿਆ ਗਿਆ ਐਸਾ,
ਜਿਹਨੂੰ ਸਮਝਦੇ ਨਹੀਂ ਹੈਂ ਮੂਲ ਵਤਨੀ।
ਖ਼ਾਨਾ-ਜੰਗੀਆਂ ਨੇਂ ਬੇੜਾ ਗ਼ਰਕ ਕੀਤਾ,
ਚੁੱਕੀ ਫਿਰਨ ਗ਼ੁਲਾਮੀ ਦਾ ਜੂਲ ਵਤਨੀ।
ਮਾਂਸ ਜ਼ਾਤ ਸਾਂਝੀ, ਪਿਆਰਾ ਵਤਨ ਸਾਂਝਾ,
ਸੱਚਾ ਭੁਲ ਗਏ ਇਹੋ ਅਸੂਲ ਵਤਨੀ।

(ਵਤਨ, 1:1,1989)

## 1947 ਤੋਂ ਮਗਰੋਂ:

ਅੰਗਰੇਜ਼ਾਂ ਤੋਂ ਹਿੰਦੁਸਤਾਨ ਦੀ ਅਜ਼ਾਦੀ ਮਗਰੋਂ ਕਨੇਡਾ 'ਚ ਰਹਿਣ ਵਾਲੇ ਪੰਜਾਬੀਆਂ ਨੂੰ ਵੋਟ ਦਾ ਹੱਕ ਲੱਭ ਗਿਆ। ਮੁਲਕ ਛੱਡਣ ਉੱਤੇ ਪਾਬੰਦੀ ਵੀ ਕੁਝ ਨਰਮ ਹੋਈ ਤੇ 1950 ਦੇ ਦਹਾਕੇ ਦੇ ਸ਼ੁਰੂ ਵਿੱਚ ਇਕ ਨਿੱਕਾ ਜਿਹਾ ਸਾਲਵਾਰ ਕੋਟਾ ਵੀ ਦੇ ਦਿੱਤਾ ਗਿਆ। 1960 ਦੇ ਦਹਾਕੇ 'ਚ ਕਨੇਡਾ ਵਿੱਚ ਆਉਣ ਵਾਲੇ ਪੰਜਾਬੀਆਂ ਦੀ ਗਿਣਤੀ ਹੌਲੀ ਹੌਲੀ ਵੱਧਣ ਲਗੀ। ਪਰ 1970 ਦੇ ਦਹਾਕੇ ਦੇ ਸ਼ੁਰੂ 'ਚ ਇਕ ਅਚਰਜ ਵਾਧਾ ਹੋਇਆ ਜਿਹਨੇ ਪੰਜਾਬੀ ਬਰਾਦਰੀ ਦੀ ਬੁਣਤਰ ਈ ਬਦਲ ਕੇ ਰੱਖ ਦਿੱਤੀ।

ਵਤਨ ਛੱਡ ਕੇ ਆਉਣ ਵਾਲਿਆਂ (ਜਿਹਨਾਂ ਨੂੰ 'ਵਿਜ਼ਿਟਰਜ਼' ਆਖਿਆ ਜਾਂਦਾ ਸੀ) ਦੀ ਨਵੀਂ ਲਹਿਰ, ਵਿੱਚ ਬਹੁਤ ਸਾਰੇ ਪੜ੍ਹੇ ਲਿਖੇ ਜਵਾਨ ਵੀ ਸ਼ਾਮਲ ਸਨ। ਉਹਨਾਂ ਚੋਂ ਬਹੁਤਿਆਂ ਨੇਂ ਕੁਝ ਈ ਚਿਰ ਪਹਿਲਾਂ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਕੋਈ ਢੰਗ ਦਾ ਰੋਜ਼ਗਾਰ ਲੱਭਣ ਵਿੱਚ ਨਾਕਾਮ ਹੋਏ ਸਨ, ਜਾਂ ਫੇਰ ਉਹ ਪੜ੍ਹਾਈ ਵਿਚਕਾਰ ਈ ਛੱਡ ਕੇ ਕਨੇਡਾ ਆ ਗਏ। ਇਹ ਪੰਜਾਬੀ ਜਵਾਨ ਇਕ ਆਜ਼ਾਦ ਮੁਲਕ ਵਿੱਚ ਵੱਡੇ ਹੋਏ ਸਨ ਅਤੇ ਉਹਨਾਂ ਚੋਂ ਬਹੁੂ ਸਾਰਿਆਂ ਨੇਂ ਪੰਜਾਬ ਵਿੱਚ ਨਕਸਲਾਈਟ ਲਹਿਰ ਦਾ ਸਵਾਦ ਵੀ ਚੱਖਿਆ ਹੋਇਆ ਸੀ। ਇਹਨਾਂ ਲੋਕਾਂ ਦਾ ਆਪਣੇ ਆਪ ਉੱਤੇ ਵਿਸਾਹ ਤੇ ਮਾਣ ਆਪਣੇ ਤੋਂ ਪਹਿਲਾਂ ਆਏ ਹੋਏ ਪੰਜਾਬੀਆਂ ਤੋਂ ਵੱਖਰਾ ਸੀ। ਭਾਵੇਂ ਪੰਜਾਬੀ ਖ਼ਾਸ ਕਰਕੇ ਵੈਨਕੂਵਰ ਰਾਹੀਂ ਆਉਂਦੇ ਰਹੇ, ਪਰ ਉਹ ਟੋਰਾਂਟੋ ਤੇ ਮਾਂਟਰਿਆਲ ਵਰਗੇ ਮੈਟਰੋਪੁਲੀਟਨ ਮਰਕਜ਼ਾਂ ਵੱਲ ਵੀ ਗਏ। 1970 ਤੋਂ ਮਗਰੋਂ ਆਏ ਹੋਏ ਪੰਜਾਬੀਆਂ ਨੇਂ ਇਕ "ਨਵੀਂ ਬਿਰਾਦਰੀ" ਬਣਾਈ ਜਿਸਨੂੰ ਕਨੇਡਾ ਦੀ ਮਕਾਮੀ ਗੋਰੀ ਬਰਾਦਰੀ ਅਤੇ ਪੁਰਾਣੀ ਪੰਜਾਬੀ ਬਰਾਦਰੀ ਦੋਹਾਂ ਵਿੱਚ ਹੀ ਆਪਣੀ ਵੱਖਰੀ ਪਹਿਚਾਨ ਕਾਇਮ ਕਰਨੀ ਸੀ।

ਇਹਨਾਂ ਚੋਂ ਕੁਝ ਲੋਕੀਂ ਪਹਿਲੋਂ ਈ ਪੰਜਾਬੀ 'ਚ ਲਿਖ ਰਹੇ ਸਨ ਅਤੇ ਦੂਜੇ ਵੀ ਐਸਾ ਕਰਨਾ ਚਾਹੁੰਦੇ ਸਨ। ਜਿਵੇਂ ਗੁਰਚਰਨ ਰਾਮਪੁਰੀ 1964 'ਚ ਕਨੇਡਾ ਆਉਣ ਤੋਂ ਪਹਿਲਾਂ ਈ ਮੰਨਿਆ-ਪ੍ਰਮੰਨਿਆ ਲੇਖਕ ਸੀ। ਕੁਝ ਲੋਕੀ ਪੰਜਾਬ ਦੀ ਘਿਰਣਾਯੋਗ ਹਾਲਤ ਨੂੰ ਬਦਲਣ ਦੀ ਲੋੜ ਬਾਰੇ ਲਿਖਦੇ ਰਹੇ, ਜਦ ਕਿ ਹੋਰਾਂ ਨੇਂ ਹੌਲੀ ਹੌਲੀ ਕਨੇਡਾ ਵਿੱਚ ਬੇਵਤਨਾਂ ਦੇ ਤੌਰ ਤੇ ਆਪਣੇ ਤਜਰਬਿਆਂ ਨੂੰ ਲੇਖਾਂ ਦਾ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ।

ਪੰਜਾਬੀ ਲੇਖਕਾਂ ਦੀ ਗਿਣਤੀ ਵਧਣ ਪਾਰੋਂ ਵੈਨਕੂਵਰ ਵਿੱਚ ਅਤੇ ਆਲੇ ਦੁਆਲੇ ਕਲਚਰਲ ਤੇ ਅਦਬੀ ਸੰਗਤਾਂ ਬਣੀਆਂ। 1971 ਵਿੱਚ ਵੈਨਕੂਵਰ ਦੀ ਪੰਜਾਬੀ ਕਲਚਰਲ ਐਸੋਸੀਏਸ਼ਨ ਬਣੀ, ਤੇ ਇਹਨੇ ਦਸੰਬਰ 1972 ਵਿੱਚ ਆਪਣਾ ਪਹਿਲਾ ਕਲਚਰਲ ਪ੍ਰੋਗਰਾਮ ਕੀਤਾ। ਇਹ ਕਨੇਡਾ ਵਿੱਚ ਪੰਜਾਬੀਆਂ ਲਈ ਇਕ ਨਵੀਂ ਕਿਸਮ ਦੀ ਸਰਗਰਮੀ ਸੀ। ਉਸੇ ਵਰ੍ਹੇ ਇਕ ਅਦਬੀ ਰਿਸਾਲਾ "ਜੀਵਨ ਸਾਂਝਾਂ" ਛਪਣਾ ਸ਼ੁਰੂ ਹੋਇਆ। ਅਗਲੇ ਵਰ੍ਹੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ, ਦੀ ਨੀਂਹ ਧਰੀ ਗਈ, ਅਤੇ ਮਹੀਨਾਵਾਰ ਅਦਬੀ ਰਿਸਾਲਾ 'ਵਤਨੋਂ ਦੂਰ' ਸ਼ੁਰੂ ਹੋਇਆ। ਕੁਛ ਈ ਚਿਰ ਵਿੱਚ ਵੈਨਕੂਵਰ ਪੰਜਾਬੀ ਅਦਬ ਦੇ ਨਕਸ਼ੇ ਉੱਤੇ ਦਿੱਸਣ ਲੱਗਾ।

## ਅਜੋਕਾ ਅਦਬ:

ਯੂ.ਕੇ. ਤੋਂ ਪਿੱਛੋਂ ਕਨੇਡਾ ਪੰਜਾਬ ਤੋਂ ਬਾਹਰ ਪੰਜਾਬੀ ਲਿਖਤਾਂ ਲਈ, ਦੂਜੀ, ਸਭ ਨਾਲੋਂ ਉੱਦਮ ਵਾਲੀ ਥਾਂ ਏ। ਵੈਨਕੂਵਰ ਅਜੇ ਵੀ ਪੰਜਾਬੀਆਂ ਦਾ ਇਕ ਗੜ੍ਹ ਏ, ਤੇ ਇਥੇ ਦਾ ਅਦਬੀ ਮਨਜ਼ਰ ਵੀ ਜ਼ਿਆਦਾ ਹਲਚਲ ਵਾਲਾ ਏ। ਜਦ ਕਿ ਟੋਰਾਂਟੋ

ਅਤੇ ਆਲੇ ਦੁਆਲੇ ਦੇ ਇਲਾਕੇ ਵੀ ਪੰਜਾਬੀ ਅਦਬੀ ਹਲਚਲ ਦਾ ਧੁਰਾ ਬਣ ਗਏ ਨੇਂ। ਐਡਮੰਟਨ, ਕੈਲਗਰੀ ਅਤੇ ਵਿਨੀਪੈਗ ਵਰਗੇ ਹੋਰ ਸ਼ਹਿਰਾਂ ਵਿੱਚ ਵੀ ਅਦਬੀ ਤਨਜ਼ੀਮਾਂ ਤੇ ਵੱਡੇ ਲੇਖਕ ਮੌਜੂਦ ਹਨ।

'ਕਨੇਡੀਅਨ ਪੰਜਾਬੀ ਕਵਿਤਾ' ਦੇ ਸਿਰਨਾਵੇਂ ਨਾਲ ਚੋਣਵੀਂ ਕਵਿਤਾ ਦਾ ਪਹਿਲਾ ਮਜਮੂਆ ਵੈਨਕੂਵਰ ਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਨੇਂ 1979 'ਚ ਛਾਪਿਆ ਜਿਹਦੇ ਵਿੱਚ ਸਾਰੇ ਮੁਲਕ ਦੇ 27 ਸ਼ਾਇਰਾਂ ਦੀ ਕਵਿਤਾ ਨੂੰ ਥਾਂ ਦਿੱਤੀ ਗਈ ਸੀ। ਤਦ ਤੋਂ ਈ ਸਾਰੇ ਕਨੇਡਾ ਵਿੱਚ ਅੱਡੋ ਅੱਡ ਤਨਜ਼ੀਮਾਂ ਤੇ ਬੰਦਿਆਂ ਨੇਂ ਵੱਡੀ ਗਿਣਤੀ ਵਿੱਚ ਹੋਰ ਚੋਣਵੇਂ ਮਜਮੂਏ ਵੀ ਛਾਪੇ। ਭਾਵੇਂ ਕਨੇਡਾ 'ਚ ਪੰਜਾਬੀ ਲੇਖਕਾਂ ਲਈ ਸ਼ਾਇਰੀ ਈ ਆਪਣੀ ਗੱਲ ਉਪਜਾਉਣ ਦਾ ਵੱਡਾ ਵਸੀਲਾ ਏ, ਪਰ ਕਹਾਣੀਆਂ ਦੇ ਬਹੂੰ ਸਾਰੇ ਮਜਮੂਏ ਅਤੇ ਨਾਵਲ ਵੀ ਛਾਪੇ ਗਏ ਨੇਂ। ਜਾਣੇ ਪਛਾਣੇ ਲਿਖਾਰੀ ਜਿਵੇਂ ਕਿ ਗੁਰਚਰਨ ਰਾਮਪੁਰੀ, ਨਵਤੇਜ ਭਾਰਤੀ, ਰਵਿੰਦਰ ਰਵੀ ਅਤੇ ਕਈ ਦੂਜੇ ਕਲਮਕਾਰ ਦਹਾਕਿਆਂ ਤੋਂ ਕਨੇਡਾ ਵਿੱਚ ਰਹਿ ਰਹੇ ਨੇਂ ਤੇ ਲਿਖ ਰਹੇ ਨੇਂ। ਉਹਨਾਂ ਨੂੰ ਪੰਜਾਬੀ ਅਦਬ ਵਿੱਚ ਆਦਰਯੋਗ ਥਾਂ ਹਾਸਿਲ ਏ।

ਪੰਜਾਬੀ ਪੜ੍ਹਨ ਵਾਲਿਆਂ ਤੇ ਸੂਝਵਾਨਾਂ ਨੇਂ ਪੰਜਾਬੀ-ਕਨੇਡੀਅਨ ਅਦਬ ਨੂੰ ਗੋਚਰਿਆ। ਪਿਆਰਾ ਸਿੰਘ ਭੋਗਲ 1979 ਵਿੱਚ ਆਪਣੇ ਮਜ਼ਮੂਨਾਂ ਰਾਹੀਂ ਸੂਝਵਾਨੀ ਦੇ ਇਸ ਖੇਤਰ ਦਾ ਮੋਢੀ ਬਣਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਨੇਂ ਵੀ ਪੰਜਾਬ ਤੋਂ ਬਾਹਰ ਰਚੇ ਗਏ ਪੰਜਾਬੀ ਅਦਬ ਉੱਤੇ ਕਾਨਫ਼ਰੰਸਾਂ ਕਰਵਾਈਆਂ। ਉੱਥੇ ਪੜ੍ਹੇ ਗਏ ਪੇਪਰ ਵੀ ਛਪੇ।

ਇਹਨਾਂ ਕਾਨਫ਼ਰੰਸਾਂ 'ਚ ਗੱਲਬਾਤ ਦਾ ਧੁਰਾ ਪੰਜਾਬ ਦੇ ਅੰਦਰ ਅਤੇ ਇਥੋਂ ਦੂਰ ਦੇ ਮੁਲਕਾਂ ਵਿੱਚ ਲਿਖੇ ਜਾ ਰਹੇ ਅਦਬ ਵਿਚਕਾਰ ਸੰਬੰਧ ਦਾ ਆਕਾਰ ਸੀ। ਸਮੁੰਦਰ ਪਾਰ ਦੇ ਅਦਬ ਨੂੰ ਅਕਸਰ ਪਰਦੇਸੀ, ਪਰਵਾਸੀ ਜਾਂ ਵਿਦੇਸ਼ੀ ਆਖਿਆ ਗਿਆ ਏ। ਭਾਵੇਂ ਪੰਜਾਬ ਤੋਂ ਬਾਹਰ ਦੇ ਬਹੁਤੇ ਲਿਖਣ ਵਾਲੇ ਉਹਨਾਂ ਦਾ ਇੰਝ ਹੌਸਲਾ ਵਧਾਨ ਨੂੰ ਪਸੰਦ ਕਰਦੇ ਨੇਂ, ਪਰ ਉਹਨਾਂ ਨੂੰ ਆਪਣੇ ਕੰਮ ਉੱਤੇ ਲਗੇ ਇਹ ਲੇਬਲ ਚੰਗੇ ਨਹੀਂ ਲਗਦੇ। ਉਹਨਾਂ ਨੂੰ ਲਗਦਾ ਏ ਬਈ ਪੰਜਾਬ ਨੂੰ ਕਸੌਟੀ ਮੰਨ ਕੇ ਕੀਤੀ ਹੋਈ ਦਰਜਾਬੰਦੀ ਉਹਨਾਂ ਦੀਆਂ ਲਿਖਤਾਂ ਨੂੰ ਘੱਟ ਦਰਜਾ ਦੇਂਦੀ ਏ, ਤੇ ਉਹ ਇਹਦੇ ਨਾਲ ਸਹਿਮਤ ਨਹੀਂ। ਇਹ ਬਹਿਸ ਅਗਾਂਹ ਵਧੇਗੀ ਅਤੇ ਪੰਜਾਬੀ ਅਦਬ ਲਿਖਣ ਤੇ ਪੜ੍ਹਨ ਵਾਲੇ ਔੜਕ ਨੂੰ ਸਮੁੰਦਰ ਪਾਰ ਅਤੇ ਵਤਨ ਵਿੱਚ ਲਿਖੇ ਜਾ ਰਹੇ ਪੰਜਾਬੀ ਅਦਬ ਵਿਚਕਾਰ ਸੰਬੰਧ ਲੱਭ ਲੈਣਗੇ।

ਪੰਜਾਬੀ ਅਦਬ ਦੇ ਵੱਡੇ ਧਾਰੇ ਨਾਲ ਕਨੇਡਾ ਦੇ ਪੰਜਾਬੀ ਅਦਬ ਦਾ ਸੰਬੰਧ ਇਕ ਹੋਰ ਮਨਮੋਹਣਾ ਚਿੱਤਰ ਵਿਖਾਉਂਦਾ ਏ। ਇਹਦੇ ਬਹੂੰ ਸਾਰੇ ਪਹਿਲੂ ਨੇਂ। ਸਭ ਤੋਂ ਪਹਿਲੀ ਗਲ ਇਹ ਏ ਬਈ ਕਨੇਡਾ ਦਾ ਅੰਗਰੇਜ਼ੀ ਅਦਬ ਅਜੇ ਵੀ ਆਪਣੇ ਆਪ ਨੂੰ ਇੰਗਲੈਂਡ ਤੇ ਅਮਰੀਕਾ ਵਿੱਚ ਲਿਖੇ ਜਾ ਰਹੇ ਅਦਬ ਨਾਲੋਂ ਵੱਖਰਾ ਕਰਨ ਲਈ ਜੂਝ ਰਿਹਾ ਏ। ਇਹ ਸੂਰਤਹਾਲ ਅੰਗਰੇਜ਼ੀ ਜਾਂ ਫ਼ਰਾਂਸੀਸੀ ਤੋਂ ਅੱਡ ਹੋਰਾਂ ਜ਼ਬਾਨਾਂ ਦੇ ਅਦਬ ਲਈ ਕਈ ਮਜ਼ੇ ਦੇ ਇਮਕਾਨ ਪੇਸ਼ ਕਰਦੀ ਏ। ਪਿਛਲੇ ਕੁਝ ਵਰ੍ਹਿਆਂ ਤੋਂ ਦੀ 'ਰਾਇਟਰਜ਼ ਯੂਨੀਅਨ ਆਫ਼ ਕਨੇਡਾ' ਵਿੱਚ ਰੁਝੇ ਹੋਏ ਅਜਮੇਰ ਰੋਡੇ, ਨਦੀਮ ਪਰਮਾਰ ਤੇ ਸਾਧੂ ਬਿਨਿੰਗ ਜਹੇ ਲੇਖਕਾਂ ਦੀਆਂ ਕੋਸ਼ਿਸ਼ਾਂ ਪਾਰੋਂ ਅਤੇ ਸੁਰਜੀਤ ਕਲਸੀ ਦੇ ਤਰਜਮਿਆਂ ਰਾਹੀਂ ਕਨੇਡੀਅਨ ਅਦਬੀ ਹਲਕਿਆਂ ਨੂੰ ਪੰਜਾਬੀ ਅਦਬ ਦੀਆਂ ਦੁਰਾਡੇ ਵੇਲਿਆਂ ਤੋਂ ਚਲੀਆਂ ਆ ਰਹੀਆਂ ਰੀਤਾਂ ਦਾ ਪਤਾ ਲਗਿਆ ਅਤੇ ਪੰਜਾਬੀ ਅਦਬ ਨੂੰ ਕੁਝ ਪਹਿਚਾਣ ਮਿਲੀ ਏ।

ਪਰ ਇਸ ਕਾਮਿਆਬੀ ਦਾ ਘੇਰਾ ਹਾਲੀ ਥੋੜ੍ਹਾ ਹੈ। ਟੋਰਾਂਟੋ ਜਾਂ ਵੈਨਕੂਵਰ ਵਿੱਚ ਵੱਡੀ ਪੱਧਰ ਦੇ ਲੇਖਕਾਂ ਲਈ ਪੰਜਾਬੀ-ਕਨੇਡੀਅਨ ਲੇਖਕ 'ਬਾਹਰੋਂ ਆਏ ਹੋਏ' ਜਾਂ 'ਗ਼ੈਰ' ਨੇਂ। ਹੋ ਸਕਦਾ ਏ ਉਹਨਾਂ ਨੂੰ ਇਥੇ ਦੇ ਚਲਾਅ ਦਾ ਪਤਾ ਤੇ ਹੋਵੇ, ਪਰ ਉਹਨਾਂ ਲਈ ਪੰਜਾਬੀ ਲਿਖਤਾਂ 'ਕਨੇਡੀਅਨ' ਨਹੀਂ। ਅੱਡੋ-ਅੱਡ ਅਦਬੀ ਕੰਮਾਂ ਨੂੰ ਮਦਦ ਦੇਵਣ ਵਾਲੀਆਂ ਸਰਕਾਰੀ ਇਜੈਂਸੀਆਂ ਪੰਜਾਬੀ ਅਦਬ ਲਈ ਕੋਈ ਫ਼ੰਡ ਨਹੀਂ ਰਖਦੀਆਂ।

**ਵੱਡੀਆਂ ਚਿੰਤਾਵਾਂ:**

ਕਨੇਡਾ ਦੀਆਂ ਪੰਜਾਬੀ ਲਿਖਤਾਂ ਦਾ ਮੁਢਲਾ ਸੰਬੰਧ ਕਿਸੇ ਖ਼ਾਸ ਵੇਲੇ 'ਚ ਪੰਜਾਬੀ ਬਰਾਦਰੀ

ਅੰਦਰ ਹੋਵਣ ਵਾਲੀਆਂ ਘਟਨਾਵਾਂ ਨਾਲ ਈ ਏ। ਲੇਖਕ ਇਹ ਸਾਰਾ ਬਿਆਨ ਕਰਨ ਲਈ ਵੱਖਰੇ ਵੱਖਰੇ ਢੰਗ ਵਰਤਦੇ ਨੇਂ, ਪਰ ਉਹ ਸਭੇ ਅਜਿਹੀਆਂ ਚੀਜ਼ਾਂ ਬਾਰੇ ਲਿਖਦੇ ਨੇਂ ਜੋ ਉਹਨਾਂ ਦੀ ਆਪਣੀ ਬਰਾਦਰੀ ਲਈ ਖ਼ਾਸ ਨੇਂ। ਸ਼ੁਰੂ ਦਿਆਂ ਪੰਜਾਬੀਆਂ ਨੇਂ ਸੋਚਿਆ ਸੀ ਬਈ ਕਨੇਡਾ ਵਿੱਚ ਉਹਨਾਂ ਦੀਆਂ ਸਾਰੀਆਂ ਔਕੜਾਂ ਹਿੰਦੁਸਤਾਨ ਉੱਤੇ ਅੰਗਰੇਜ਼ ਰਾਜ ਨਾਲ ਜੁੜੀਆਂ ਹੋਈਆਂ ਨੇਂ, ਤੇ ਉਹਨਾਂ ਵਿੱਚ ਸ਼ਾਮਿਲ ਕਵੀਆਂ ਨੇਂ ਉੱਥੇ ਇਕ ਇਨਕਲਾਬ ਲਿਆਉਣ ਲਈ ਗੀਤ ਗਾਏ।

ਸੱਤਰ ਦੇ ਦਹਾਕੇ ਦੇ ਮੁਢ ਵਿੱਚ ਆਉਣ ਵਾਲੇ ਅਤੇ ਪੰਜਾਬ ਦੀ ਸਿਆਸਤ ਦਾ ਅਸਰ ਕਬੂਲ ਕਰਨ ਵਾਲੇ ਲੋਕ ਇਥੇ ਆਪਣੇ ਇਮੀਗ੍ਰੇਸ਼ਨ ਦੇ ਕੇਸ ਲੜਦਿਆਂ ਹੋਇਆਂ ਵੀ ਉੱਥੇ ਦੀ ਸਿਆਸਤ ਨਾਲ ਜੁੜੇ ਰਹੇ। ਸੋ ਸੁਰਿੰਦਰ ਧੰਜਲ ਜਾਂ ਇਕਬਾਲ ਰਾਮੂਵਾਲੀਆ ਹਿੰਦੁਸਤਾਨ ਵਿੱਚ ਇਨਕਲਾਬ ਬਾਰੇ ਲਿਖਦੇ ਰਹੇ, ਜਦ ਕਿ ਦੂਜਿਆਂ ਨੇਂ 70 ਦੇ ਦਹਾਕੇ ਵਿੱਚ ਕਨੇਡਾ ਦੇ ਪੰਜਾਬੀਆਂ ਵਿੱਚ ਇਕ ਲੈਫ਼ਟਿਸਟ ਲਹਿਰ ਉਭਾਰਨ ਲਈ ਜ਼ੋਰ ਲਾਇਆ। ਇਸ ਲਹਿਰ ਦੇ ਇਕ ਅੰਗ ਨੇਂ ਤਾਂ ਗੁਰਦੁਆਰਿਆਂ ਨੂੰ ਵੀ ਕੰਟਰੋਲ ਵਿੱਚ ਲੈਣ ਦਾ ਵਾਹ ਲਾਇਆ ਕਿਉਂ ਜੋ ਇਹ ਗੁਰਦੁਆਰੇ ਬਰਾਦਰੀ ਦੀ ਤਾਕਤ ਦਾ ਧੁਰਾ ਸਨ। ਇਸ ਵਿੱਚ ਹਾਰ ਜਾਣ ਤੇ ਉਹਨਾਂ ਨੇਂ ਵੈਨਕੂਵਰ, ਵਿਨੀਪੈਗ ਤੇ ਹੈਮਿਲਟਨ ਵਿੱਚ "ਦੇਸ਼ ਭਗਤ ਮੰਦਰ" ਬਣਾਏ ਅਤੇ ਸਾਰੇ ਕਨੇਡਾ ਦੀ ਨਿੱਕੀ ਵੱਡੀ ਬਰਾਦਰੀ ਵਿੱਚ ਉਹਨਾਂ ਨੂੰ ਆਪਣੇ ਪਿਛਲਗ ਲੱਭ ਗਏ। ਇਹ ਸਭ ਕੁਝ ਕਨੇਡਾ ਦੇ ਪੰਜਾਬੀ ਅਦਬ ਦਾ ਅੰਗ ਸੀ।

ਅੱਸੀ ਦੇ ਦਹਾਕੇ ਵਿੱਚ ਸਾਰੀ ਦੁਨੀਆ ਦੇ ਪੰਜਾਬੀ, ਪੰਜਾਬ ਵਿੱਚ ਹੋ ਰਹੇ ਖ਼ੂਨ-ਖ਼ਰਾਬੇ ਪਾਰੋਂ ਬਹੁੰ ਪਰੇਸ਼ਾਨ ਹੋਏ। ਸ਼ਾਇਰੀ ਦੇ ਅਨੇਕ ਮਜਮੂਏ ਛਪੇ ਜਿਹਨਾਂ ਵਿੱਚ ਇਸ ਔਕੜ ਨਾਲ ਨਜਿੱਠਿਆ ਗਿਆ। ਸੁਰਿੰਦਰ ਧੰਜਲ ਦੀ 'ਜ਼ਖ਼ਮਾਂ ਦੀ ਫ਼ਸਲ' ਸੁਖਿੰਦਰ ਦੀ 'ਤੂਫ਼ਾਨ ਦੀਆਂ ਜੜ੍ਹਾਂ ਵਿੱਚ' ਇਕਬਾਲ ਰਾਮੂਵਾਲੀਆ ਦੀ "ਪਾਣੀ ਵਿੱਚ ਪਰਛਾਵਾਂ', ਗੁਰਚਰਨ ਰਾਮਪੁਰੀ ਦੀ 'ਕਤਲਗਾਹ' ਅਤੇ ਸੁਖਪਾਲ ਤੇ ਸਾਧੂ ਦੀ ਐਡਿਟ ਕੀਤੀ ਹੋਈ 'ਜੰਗਲ ਦੇ ਵਿਰੁੱਧ'। ਹਿੰਦੁਸਤਾਨ ਵਿੱਚ ਪੰਜਾਬ ਦੇ ਮਸਲੇ ਉੱਤੇ ਛਾਪੇ ਗਏ ਮਜਮੂਇਆਂ ਵਿੱਚ ਕਈ ਕਨੇਡੀਅਨ ਲੇਖਕ ਵੀ ਸ਼ਾਮਿਲ ਸਨ। ਸੂਫ਼ੀ ਅਮਰਜੀਤ ਨੇਂ ਆਪਣੀ ਕਿਤਾਬ 'ਪੰਜਾਬ ਸੰਕਟ : ਇਕ ਵਿਸ਼ਲੇਸ਼ਣ' ਵਿੱਚ ਪੰਜਾਬ ਦੇ ਮਸਲੇ ਦਾ ਨਿਖੇੜਾ ਕੀਤਾ। ਹਾਲਾਤ ਇਸ ਹੱਦ ਤੀਕ ਆਪਣੇ ਕਲਾਵੇ 'ਚ ਜਕੜ ਲੈਣ ਵਾਲੇ ਸੀ ਜੋ ਇਹਨੇ "ਆਲਮੀ ਸੂਰਤ ਦਾ ਪਰਚਾਰ ਕਰਨ ਵਾਲੇ ਅਤੇ ਆਮ ਹਯਾਤੀ ਦੀਆਂ ਘਟਨਾਵਾਂ ਤੋਂ ਉੱਤੇ ਹੋ ਕੇ ਲਿਖਣ ਵਾਲੇ ਲੇਖਕਾਂ ਨੂੰ ਵੀ ਇਸ ਮਸਲੇ ਬਾਰੇ ਲਿਖਣ ਵੱਲ ਹਿੱਕ ਦਿੱਤਾ।

ਵੰਡ ਮਗਰੋਂ ਦਾ ਕਨੇਡਾ ਦਾ ਪੰਜਾਬੀ ਅਦਬ 1984 ਦੀਆਂ ਖ਼ੌਫ਼ਨਾਕ ਘਟਨਾਵਾਂ ਤੀਕਰ ਪ੍ਰੋਗਰੈਸਿਵ ਜਾਂ ਮਾਰਕਸੀ ਸਿਆਸਤ ਦੇ ਡੂੰਘੇ ਪ੍ਰਭਾਵ ਹੇਠ ਰਿਹਾ। ਕਨੇਡਾ ਦੇ ਪੰਜਾਬੀ ਅਖ਼ਬਾਰਾਂ 'ਇੰਡੋਕੈਨੇਡੀਅਨ ਟਾਈਮਜ਼' ਤੇ 'ਚੜ੍ਹਦੀ ਕਲਾ' ਨੇਂ ਬਹੁੰ ਸਾਰੀਆਂ ਅਜਿਹੀਆਂ ਨਜ਼ਮਾਂ ਤੇ ਗੀਤ ਛਾਪੇ ਨੇਂ ਜਿਹਨਾਂ 'ਚ ਝਗੜੇ ਨਾਲ ਜੁੜੇ ਸਿੱਖ ਜਜ਼ਬੇ ਦਾ ਕਥ ਕੀਤਾ ਗਿਆ। ਭਾਵੇਂ ਇਹ ਲਿਖਤਾਂ ਅਜੇ ਤੀਕਰ ਇਕ ਵੀ ਅਜਿਹਾ ਸ਼ਾਇਰ ਪੈਦਾ ਨਹੀਂ ਕਰ ਸਕੀਆਂ ਜਿਹੜਾ ਪੰਜਾਬੀਆਂ ਦੇ ਮੁੱਖ ਧਾਰੇ ਦਾ ਧਿਆਨ ਆਪਣੇ ਵੱਲ ਕਰਾ ਸਕੇ।

ਇਸ ਤੋਂ ਅੱਡ ਪਿਛਲੇ ਵਰ੍ਹਿਆਂ 'ਚ ਪੰਜਾਬੀ ਕਨੇਡੀਅਨ ਬਰਾਦਰੀ ਦੇ ਸਾਹਮਣੇ ਆਉਣ ਵਾਲੇ ਮਸਲਿਆਂ ਵਿੱਚ ਨਸਲ ਪਰਸਤੀ, ਸਵਾਣੀਆਂ ਨਾਲ ਜ਼ੁਲਮ, ਆਪੇ ਪੰਜਾਬੀਆਂ ਦੇ ਹੱਥੋਂ ਮਜ਼ਦੂਰਾਂ ਦੀ ਲੁੱਟ, ਨਵੀਂ ਤੇ ਪੁਰਾਣੀ ਪੀੜ੍ਹੀ ਦੀਆਂ ਲੜਾਈਆਂ, ਵਸੇਬੀ ਟਕਰਾਅ, ਪੁਰਾਣੀਆਂ ਸਮਾਜੀ ਕਦਰਾਂ ਉੱਤੇ ਅੜੇ ਰਹਿਣਾ ਅਤੇ ਜ਼ਬਾਨ ਦੀ ਸਾਂਭ ਸੰਭਾਲ ਸ਼ਾਮਲ ਨੇਂ। ਬਹੁਤੇ ਕਨੇਡਾ ਦੇ ਪੰਜਾਬੀ ਲਿਖਾਰੀਆਂ ਨੇਂ ਇਹਨਾਂ ਮਸਲਿਆਂ ਉੱਤੇ ਈ ਲਿਖਿਆ ਏ।

ਸੋ ਕਨੇਡਾ ਦਾ ਪੰਜਾਬੀ ਅਦਬ ਪੰਜਾਬੀ ਬਰਾਦਰੀ ਦੇ ਮਸਲਿਆਂ ਨਾਲ ਸਿੱਧੇ ਤੇ ਗੂੜ੍ਹੇ ਸੰਬੰਧ ਤੀਕ ਈ ਸੀਮਤ ਏ। ਇਹ ਇਸ ਦੀ ਤਾਕਤ ਦੇ ਨਾਲ ਨਾਲ ਇਹਦੀ ਕਮਜ਼ੋਰੀ ਵੀ ਏ। ਬਰਾਦਰੀ ਨੂੰ ਤਗੜੇ ਸਾਂਗਿਆਂ 'ਚ ਬੰਨ੍ਹਣ ਲਈ ਇਹ ਹਾਲਾਤ ਨਵੇਂ ਵਿਚਾਰਾਂ ਦੀ ਪਰਾਪਤੀ ਲਈ ਉਹਨਾਂ ਦੀ ਰਾਹ ਅੱਗੇ ਵੀ ਡੱਕਾ ਲਾਉਂਦੀ ਏ। ਸੋ ਕਨੇਡਾ ਦੇ ਪੰਜਾਬੀ ਅਦਬ ਵਿੱਚ ਕਿਸੇ ਨਵੇਕਲੇਪਨ ਦਾ ਨਾ ਹੋਣਾ ਕੋਈ ਅਚਰਜ ਵਾਲੀ ਗੱਲ ਨਹੀਂ, ਨਾ ਸਾਇੰਸ ਫ਼ਿਕਸ਼ਨ,

ਨਾ ਅਪਰਾਧ ਦੀਆਂ ਕਹਾਣੀਆਂ, ਨਾ ਭੇਤ ਕਥਾ, ਨਿਰਾ ਵੱਡੀ ਕਨੇਡੀਅਨ ਬਰਾਦਰੀ ਤੀਕਰ ਈ ਸੀਮਤ ਇਕ ਸਾਂਗਾ ਏ।

ਇਹ ਚੀਜ਼ ਆਪਣੀਆਂ ਲਿਖਤਾਂ ਅਤੇ ਓਹਨਾਂ ਰਾਹੀਂ ਪੜ੍ਹਨ ਵਾਲਿਆਂ ਦੇ ਅਕਲੀ ਤੇ aesthetic ਪੱਧਰ ਨੂੰ ਉਚਿਆਉਣ ਦੀ ਕੋਸ਼ਿਸ਼ 'ਚ ਰੁੱਝੇ ਹੋਏ ਕਨੇਡਾ ਦੇ ਪੰਜਾਬੀ ਲਿਖਾਰੀਆਂ ਲਈ ਇਕ ਲਲਕਾਰ ਸਾਹਮਣੇ ਲਿਆ ਖਲ੍ਹਿਆਰਦੀ ਏ। ਉਹਨਾਂ ਨੇਂ ਚਿੱਤਰ ਚਿਤਰਾਏ ਨੇਂ, ਪੁਰਾਣੀ ਪੰਜਾਬੀ ਕਹਾਣੀਆਂ ਨਵੇਂ ਸਿਰਿਓਂ ਖੋਲ੍ਹ ਵਿਖਾਈਆਂ ਨੇ, ਅਤੇ ਸਾਨੂੰ ਮਾਈਗਰੇਸ਼ਨ ਦੀ ਭੋਗਣਾ ਦੀ ਗੰਭੀਰਤਾ ਦੀਆਂ ਸਾਰਾਂ ਵੀ ਕਰਾਈਆਂ ਨੇਂ। ਹੋ ਸਕਦਾ ਏ ਬਈ ਕਨੇਡਾ ਦੇ ਪੰਜਾਬੀ ਅਦਬ ਨੇਂ ਕੋਈ ਯਾਦ ਰੱਖਣ ਜੋਗ ਕਾਮਿਆਬੀ ਨਾ ਹਾਸਿਲ ਕੀਤੀ ਹੋਵੇ, ਪਰ ਇਹਨੇ ਇਕ ਅਜਿਹੀ ਤਗੜੀ ਨੀਂਹ ਧਰ ਦਿੱਤੀ ਏ ਜਿਹਦੇ ਉੱਤੇ ਆਉਣ ਵਾਲੀਆਂ ਨਸਲਾਂ ਆਪਣੀ ਰਚਨਾ ਦੀਆਂ ਉਸਾਰੀਆਂ ਉਸਾਰ ਸਕਦੀਆਂ ਨੇਂ।

**ਵਰਤੀਆਂ ਹੋਈਆਂ ਕਿਤਾਬਾਂ:**


ਨਵਤੇਜ ਭਾਰਤੀ ਅਤੇ ਅਜਮੇਰ ਰੋਡੇ "ਲੀਲਾ" ਵੈਨਕੂਵਰ, ਰੇਨਬੋ ਪ੍ਰੈੱਸ, 1999

ਸਾਧੂ ਬਿਨਿੰਗ "ਜੁਗਤੂ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2002

ਸੁਰਿੰਦਰ ਧੰਜਲ "ਜ਼ਖ਼ਮਾਂ ਦੀ ਫ਼ਸਲ" ਅੰਮ੍ਰਿਤਸਰ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ 1985

ਦਰਸ਼ਨ ਗਿੱਲ "ਨਜ਼ਮ ਦੀ ਤਲਾਸ਼ ਵਿੱਚ" ਲੁਧਿਆਣਾ, ਚੇਤਨਾ ਪ੍ਰਕਾਸ਼ਨ 2005

ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ, ਐਡੀਟਰ; "ਕਥਾ ਕਨੇਡਾ", ਲੁਧਿਆਣਾ: ਚੇਤਨਾ ਪ੍ਰਕਾਸ਼ਨ 2000

ਸੁਰਜੀਤ ਕਲਸੀ "ਔਰਤ ਸ਼ਬਦ ਤੇ ਸ਼ਕਤੀ" ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ 2000

ਨਦੀਮ ਪਰਮਾਰ "ਇੰਦਰ ਜਲ" ਦਿੱਲ੍ਹੀ, ਨਵਯੁਗ ਪਬਲਿਸ਼ਰਜ਼, 2004

ਗੁਰਚਰਨ ਰਾਮਪੁਰੀ "ਅੱਜ ਤੋਂ ਆਰੰਭ ਤਕ" ਅੰਮ੍ਰਿਤਸਰ, ਰਵੀ ਸਾਹਿਤ, 2001

ਇਕਬਾਲ ਰਾਮੂਵਾਲੀਆ "ਮੌਤ ਇਕ ਪਾਸਪੋਰਟ ਦੀ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005

ਰਵਿੰਦਰ ਰਵੀ "ਸਮੁੱਚੀ ਕਵਿਤਾ" ਦਿੱਲੀ, ਨੈਸ਼ਨਲ ਬੁਕ ਸ਼ਾਪ, 2005

ਅਜਮੇਰ ਰੋਡੇ "ਸ਼ੁਭਚਿੰਤਨ" ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 1993

ਅਮਨ ਪਾਲ ਸਾਰਾ "ਵੀਹਾਂ ਦਾ ਨੋਟ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005

ਹਰਪ੍ਰੀਤ ਸਿੰਘ ਸੇਖਾ "ਬੀਜੀ ਮੁਸਕਰਾ ਪਏ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006

ਜਰਨੈਲ ਸਿੰਘ ਸੇਖਾ "ਭਗੌੜਾ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003

ਜਰਨੈਲ ਸਿੰਘ "ਦੋ ਟਾਪੂ" ਲੁਧਿਆਣਾ, ਅਸਥੈਟਿਕ ਪਬਲੀਕੇਸ਼ੰਜ਼, 1999

ਸਾਧੂ ਸਿੰਘ "ਪੂਰਨ ਸਿੰਘ ਦਾ ਕਾਵਿ ਸਿਧਾਂਤ" ਲੁਧਿਆਣਾ, ਚੇਤਨਾ ਪ੍ਰਕਾਸ਼ਨ, 2004

ਕੇਸਰ ਸਿੰਘ "ਆਜ਼ਾਦੀ ਦੀ ਕਵਿਤਾ" ਲੁਧਿਆਣਾ, ਲਾਹੌਰ ਬੁਕ ਸ਼ਾਪ, 2000

ਸਰਵਨ ਸਿੰਘ "ਖੇਡ ਜਗਤ ਦੀਆਂ ਬਾਤਾਂ" ਲੁਧਿਆਣਾ, ਲਾਹੌਰ ਬੁਕ ਸ਼ਾਪ, 2002


■

ਮਾਂ ਬੋਲੀ

# ਕਤਰ ਵਿੱਚ ਸੱਜਣਾਂ ਨਾਲ ਮੁਲਾਕਾਤ

**ਰਾਜਾ ਮੁਹੰਮਦ ਅਹਿਮਦ**

ਦੂਜੇ ਮੁਲਕ ਜਾਵਣ ਦਾ, ਉਹਦਾ ਵਸੇਬ ਵੇਖਣ ਦਾ ਤੇ ਸਭ ਤੋਂ ਵੱਧ ਕਾਰੋਬਾਰ ਲਈ ਨਵੇਂ ਮੌਕੇ ਭਾਲਣ ਦਾ ਚਾਅ ਹੀ ਮੈਨੂੰ ਕਤਰ ਲੈ ਗਿਆ। ਇਮਾਰਾਤ ਦੇ ਦਾਰੁਲ ਹਕੂਮਤ ਅਬੂ ਜ਼ਹਿਬੀ ਵਿੱਚ ਅਜੇ ਕਾਰੋਬਾਰ "ਠੰਡਾ" ਹੋਵਣ ਪਾਰੋਂ ਸੱਜਣਾਂ ਬੇਲੀਆਂ ਵਿੱਚ ਕਤਰ ਦਾ ਜ਼ਿਕਰ ਆਮ ਚਲਦਾ ਰਹਿੰਦਾ ਏ ਕਿ ਜੇ ਬਿਜ਼ਨਸ ਕਰਨਾ ਏ ਤੇ ਕਤਰ ਚਲੋ ਕਿਉਂਕਿ ਉੱਥੇ ਉਸਾਰੀ ਤੇ ਵਾਧੇ ਦੀ ਟੋਰ ਵਾਹਵਾ ਤਿੱਖੀ ਹੋ ਗਈ ਹੈ। ਉਹਦਾ ਕਾਰਣ ਕਤਰੀ ਹੁਕਮਰਾਨਾਂ ਦੀ ਸੋਚ ਹੈ ਕਿ ਇੰਨੇ ਸਾਰੇ ਵਸੀਲੇ ਹੁੰਦਿਆਂ ਹੋਇਆਂ ਅਸੀਂ ਕਿਉਂ ਪਿੱਛੇ ਰਹੀਏ ਜਦੋਂ ਕਿ ਆਂਹੰਢੀ ਗੁਆਂਹੰਢੀ ਕਿਤੇ ਦੇ ਕਿਤੇ ਅੱਪੜ ਗਏ ਨੇਂ। ਇਸੇ ਕਾਰਣ ਕਤਰ ਪਹਿਲੀ ਦਿਸੰਬਰ ਤੋਂ ਏਸ਼ੀਅਨ ਗੇਮਜ਼ ਕਰਵਾਣ ਦਾ ਸਿਹਰਾ ਆਪਣੇ ਸਿਰ ਬੰਨ੍ਹ ਰਿਹਾ ਹੈ।

ਕਤਰ ਅੱਪੜਿਆ ਤੇ ਉੱਥੇ ਮੈਂ ਵੇਖਿਆ ਚਾਰ ਚੁਫ਼ੇਰੇ ਲੋਕਾਈ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੀ ਹੋਈ ਹੈ। ਨਵੇਂ ਨਵੇਂ ਬੰਗਲੇ ਤੇ ਬਿਲਡਿੰਗਾਂ ਬਣ ਰਹੀਆਂ ਨੇਂ, ਪੁਰਾਣੇ ਘਰ ਤੋੜੇ ਜਾ ਰਹੇ ਨੇਂ। ਨਵੀਆਂ ਸੜਕਾਂ ਬਣ ਰਹੀਆਂ ਨੇਂ ਤੇ ਪੁਰਾਣੀਆਂ ਨੂੰ ਸੁਹਣਾ ਤੇ ਮੋਕਲਾ ਕੀਤਾ ਜਾ ਰਿਹਾ ਹੈ। ਮੁੱਕਦੀ ਗੱਲ ਇਹ ਹੈ ਕਿ ਮੁਆਸ਼ੀ ਦੌੜ ਲੱਗੀ ਪਈ ਹੈ। ਭਾਵੇਂ ਉਹ ਨਵੀਆਂ ਫ਼ੈਕਟ੍ਰੀਆਂ ਲਾਵਣ ਦੀ ਹੋਵੇ ਤੇ ਭਾਂਵੇਂ ਕਤਰ ਦੀ ਸੱਭ ਤੋਂ ਵੱਡੀ ਦੌਲਤ (ਗੈਸ) ਨੂੰ ਬਰਾਮਦ ਕਰਨ ਦੀ, ਜਾਂ ਬਹਿਰੀਨ ਵਰਗੀ ਰਿਆਸਤ ਨੂੰ ਸਮੁੰਦਰ ਵਿੱਚ ਪੁਲ ਬਣਾ ਕੇ ਪੈਂਡੇ ਘਟਾਉਣ, ਜਾਂ ਬਾਕੀ ਖ਼ਲੀਜੀ ਰਿਆਸਤਾਂ ਨੂੰ ਰੇਲਵੇ ਲਾਇਨ ਰਾਹੀਂ ਇਕ ਦੂਜੇ ਨਾਲ ਜੋੜਣ ਦੀ। ਕਤਰ ਵਾਕਿਆਈ ਅਗਾਂਹ ਵੱਧਦਾ ਜਾ ਰਿਹਾ ਹੈ। ਮੇਰਾ ਮਿਸ਼ਨ ਵੀ ਇਹੋ ਸੀ ਕਿ ਬੰਦਾ ਆਪ ਜ਼ਰਾ ਨੇੜੇ ਹੋ ਕੇ ਹਾਲਾਤ ਨੂੰ ਜਾਂਚੇ। ਇਸ ਸਿਲਸਿਲੇ ਵਿੱਚ ਮੇਰਾ ਮੇਲ ਕੁਝ ਬੰਦਿਆਂ ਨਾਲ ਹੋਇਆ ਜਿਹਨਾਂ ਵਿਚੋਂ ਉੱਘੜਵਾਂ ਨਾਂ ਵਕਾਰ ਬੁਖ਼ਾਰੀ ਦਾ ਹੈ। ਉਹਨਾਂ ਗੱਲਾਂ ਗੱਲਾਂ ਵਿੱਚ ਦੱਸਿਆ ਕਿ ਅਸੀਂ ਕਾਰੋਬਾਰ ਦੇ ਨਾਲ ਨਾਲ ਸ਼ਿਅਰੋ ਅਦਬ ਦਾ ਜ਼ੌਕ ਰੱਖਦੇ ਹਾਂ ਤੇ ਮੇਰਾ ਨਿੱਕਾ ਭਰਾ ਜ਼ਵਾਰ ਬੁਖ਼ਾਰੀ ਵੀ ਸ਼ਾਇਰ ਹੈ। ਬਸ ਫੇਰ ਕੀ ਸੀ ਜਿਵੇਂ ਸ਼ਾਇਰ ਆਖਦਾ ਏ "ਮੂੰਹ ਆਈ ਗੱਲ ਨਾ ਰਹਿੰਦੀ ਏ"।ਮੈਨੂੰ ਵੀ ਆਪਣੇ ਬਾਰੇ ਦੱਸਣਾ ਪਿਆ ਕਿ ਮੈਂ

ਵੀ ਪੰਜਾਬੀ ਬੋਲੀ ਦਾ ਸੇਵਕ ਹਾਂ ਤੇ ਕਈਆਂ ਕਿਤਾਬਾਂ ਦਾ ਲਿਖਾਰੀ ਵੀ। ਬਸ ਫੇਰ ਕੀ ਸੀ ਪੇਟੀ ਭਰਾਵਾਂ ਹਾਰ ਸਾਡੀ ਯਾਰੀ ਪੱਕੀ ਹੋ ਗਈ। ਅਸਲ ਵਿੱਚ ਯਾਰੀ ਦੋਸਤੀ ਲਈ ਕੋਈ ਨਾ ਕੋਈ ਸਾਂਝ ਜ਼ਰੂਰੀ ਹੁੰਦੀ ਏ। ਇਹ ਦੋਵੇਂ ਭਰਾ ਕਤਰ ਦੀ ਸਰਹੱਦ ਤੇ "ਸ਼ੁਮਾਲ" ਨਾਮੀ ਕਸਬੇ ਵਿੱਚ ਰਹਿੰਦੇ ਨੇਂ ਤੇ ਆਪਣੇ ਪਿਓ ਦੇ ਕਾਰੋਬਾਰ (ਬਰਫ਼ ਦੇ ਕਾਰਖ਼ਾਨੇ) ਦੀ ਸਾਂਭ ਸੰਭਾਲ ਕਰਦੇ ਨੇਂ ਤੇ ਪਾਕਿਸਤਾਨ ਦੇ ਸ਼ਹਿਰ ਸਿਆਲਕੋਟ ਦੇ ਵਸਨੀਕ ਨੇਂ।

ਦੂਜੇ ਦਿਨ ਉਹ ਮਿਲਣ ਲਈ ਆਏ ਤੇ ਉਹਨਾਂ ਦੱਸਿਆ ਕਿ ਮੈਨੂੰ ਤੇ ਇੱਥੇ ਦੀਆਂ ਅਦਬੀ ਸੱਥਾਂ ਦੇ ਬਹੁਤ ਸਾਰੇ ਲੋਕ ਜਾਣਦੇ ਨੇਂ। ਉਹਨਾਂ ਦੀ ਇਹ ਗੱਲ ਸੁਣ ਕੇ ਮੇਰਾ ਪੰਜਾਬੀ ਹੋਵਣ ਦਾ ਮਾਣ ਹੋਰ ਵਧਿਆ ਤੇ ਇਸ ਇਹਸਾਸ ਨੂੰ ਹੋਰ ਤਰਾਵਟ ਤੇ ਹਯਾਤੀ ਮਿਲੀ ਕਿ ਸੇਵਾ ਕਦੀ ਬੇਕਾਰ ਨਹੀਂ ਜਾਂਦੀ। ਮੈਂ ਇਹ ਗੱਲ ਸਿਰ ਉੱਚਾ ਕਰ ਕੇ ਆਖਨਾਂ ਕਿ ਮੈਂ ਪੰਜਾਬੀ ਜ਼ਬਾਨ ਦਾ ਸੇਵਕ ਹਾਂ। ਉਹਨਾਂ ਇਹ ਵੀ ਦੱਸਿਆ ਕਿ ਤਿੰਨ ਸਤੰਬਰ ਨੂੰ ਕਤਰ ਦੀ ਆਜ਼ਾਦੀ ਦਾ ਦਿਨ ਮਨਾਇਆ ਜਾ ਰਿਹਾ ਹੈ ਤੇ ਇਥੇ ਵਸਦੇ ਸ਼ਾਇਰ, ਅਦੀਬ ਇੱਕ ਇਕੱਠ ਜੋੜ ਰਹੇ ਨੇਂ ਤੇ ਉਸ ਇਕੱਠ ਦਾ ਖ਼ਾਸ ਮਹਿਮਾਨ ਮੈਂ ਹਾਂ। ਇਹ ਗੱਲ ਮੇਰੇ ਲਈ ਖ਼ੁਸ਼ੀ ਦਾ ਕਾਰਣ ਸੀ ਕਿ ਇਸਦੇ ਸਬੱਬ ਮੈਨੂੰ ਆਪਣੇ ਹੋਰ ਸੱਜਣਾਂ ਨਾਲ ਮਿਲਣ ਦਾ ਮੌਕਾ ਮਿਲੇਗਾ। ਮੈਨੂੰ ਯਾਦ ਆਇਆ 1984 ਤੋਂ 1987 ਤੱਕ ਅਬੂ ਜ਼ਹਿਬੀ ਵਿੱਚ ਪੰਜਾਬੀ ਅਦਬੀ ਸੰਗਤ ਤੇ ਫੇਰ ਪੰਜਾਬੀ ਅਦਬੀ ਪਰ੍ਹਿਆ ਨਾਂ ਦੀ ਸੱਥ ਦੀਆਂ ਚੰਗੀਆਂ ਧੁੰਮਾਂ ਸਨ। ਸਾਡੇ ਫ਼ੰਕਸ਼ਨਾਂ ਨੂੰ ਪਾਕਿਸਤਾਨੀ ਪ੍ਰੈੱਸ ਵਿੱਚ ਇੰਨ੍ਹਾ ਕੁ ਕਵਰਿਜ ਮਿਲਿਆ ਸੀ ਕਿ ਮੈਨੂੰ ਪਾਕਿਸਤਾਨ ਤੋਂ ਇਲਾਵਾ ਸਓਦੀ ਅਰਬ, ਕੁਵੈਤ ਤੇ ਕਤਰ ਤੋਂ ਫੇਰ ਖ਼ਤ ਆਏ। ਜਿਹਨਾਂ ਸਾਡੇ ਕੰਮ ਨੂੰ ਵਡਿਆਇਆ ਤੇ ਸਾਡੀ ਹਿੰਮਤ ਦੀ ਦਾਦ ਦਿੱਤੀ। ਮੈਨੂੰ ਇਹ ਵੀ ਯਾਦ ਆ ਗਿਆ ਕਿ ਕਤਰ ਤੋਂ ਜਿਹਨਾਂ ਸੱਜਣਾਂ ਨੇਂ ਖ਼ਤ ਲਿਖੇ ਸਨ ਉਹਨਾਂ ਚੋਂ ਮੁਮਤਾਜ਼ ਰਾਸ਼ਿਦ, ਰਸ਼ੀਦ ਨਿਆਜ਼ ਤੇ ਜਮੀਲ ਬਾਬਰ ਖ਼ਾਸ ਤੌਰ 'ਤੇ ਕਾਬਲੇ ਜ਼ਿਕਰ ਨੇਂ। ਮੈਂ ਪੰਜਾਬੀ ਅਦਬੀ ਪਰ੍ਹਿਆ ਅਬੂ ਜ਼ਹਿਬੀ ਦਾ ਜਨਰਲ ਸੈਕਟਰੀ ਸਾਂ।

ਕਤਰ ਦੀ ਯੌਮੇ ਆਜ਼ਾਦੀ ਦੀ ਤਕਰੀਬ ਰਸ਼ੀਦ ਨਿਆਜ਼ ਦੇ ਘਰ ਵਿੱਚ ਸੀ ਜਿਹੜੇ "ਦੋਹਾ" ਦੇ ਕਾਫ਼ੀ ਚਿਰ ਤੋਂ ਵਸਨੀਕ ਨੇਂ। ਮੇਰਾ ਇਹ ਸਫ਼ਰ ਕਸਬਾ ਸ਼ੁਮਾਲ ਤੋਂ ਦੋਹਾ ਤੀਕਰ ਜ਼ਵਾਰ ਬੁਖ਼ਾਰੀ ਦੇ ਸਾਥ ਤੇ ਉਹਨਾਂ ਦੀ ਖ਼ੂਬਸੂਰਤ ਸ਼ਾਇਰੀ ਤੇ ਸੁਹਣੀ ਗੱਡੀ ਦੀ ਮਿਹਰ ਨਾਲ ਲਗ ਭਗ ਇਕ ਘੰਟੇ ਵਿੱਚ ਕੱਟਿਆ। ਸ਼ੁਮਾਲ ਤੋਂ ਦੋਹਾ ਸ਼ਹਿਰ ਸੌ ਕਿਲੋਮੀਟਰ ਦੀ ਵਾਟ ਤੇ ਹੋਣਾ ਏਂ। ਪਰ ਉਸ ਦਿਨ ਇਹ ਪੈਂਡਾ ਤੇ ਵੇਲਾ ਬਹੁਤ ਛੇਤੀ ਬੀਤਿਆ। ਇਹ ਵੱਖਰੀ ਗੱਲ ਹੈ ਕਿ ਰਸ਼ੀਦ ਨਿਆਜ਼ ਦੇ ਘਰ ਮਿੱਥੇ ਵੇਲੇ ਅਪੜਨ ਵਿੱਚ ਕੁਝ ਕੁਵੇਲ ਹੋ ਗਈ ਤੇ ਇਹਦਾ ਕਾਰਣ ਸੜਕਾਂ ਦੇ ਉਹ ਡਾਏਵਰਜ਼ਨ (diversion) ਸਨ ਜਿਹੜੇ ਕਤਰ ਵਿੱਚ ਹੋਵਣ ਵਾਲੇ ਵਾਧੇ ਦਾ ਸਬੂਤ ਸਨ।

ਇਥੇ ਸ਼ਾਇਰਾਂ, ਅਦੀਬਾਂ, ਸੂਝਵਾਨਾਂ ਤੋਂ ਅੱਡ ਰਸ਼ੀਦ ਨਿਆਜ਼ ਦੇ ਪ੍ਰਾਹੁਣੇ ਤੇ ਹੋਰ ਲੋਕੀ ਵੀ ਵੱਡੀ ਗਿਣਤੀ ਵਿੱਚ ਆਏ। ਰਸ਼ੀਦ ਨਿਆਜ਼ ਸ਼ਾਇਰ, ਅਦੀਬ ਤੇ ਪਾਕਿਸਤਾਨ ਕਲਚਰਲ ਫ਼ੋਰਮ ਦੇ ਪਰਧਾਨ ਤੇ ਬੜੇ ਬੀਬੇ ਬੰਦੇ ਨੇਂ। ਤਾਂ ਹੀ ਤੇ ਕਤਰ ਦੀ ਆਜ਼ਾਦੀ ਦਾ ਜਸ਼ਨ ਆਪਣੇ ਸੱਜਣਾਂ ਬੇਲੀਆਂ ਨਾਲ ਆਪਣੇ ਘਰ ਹੀ ਮਨਾ ਰਹੇ ਸਨ। ਜਿਹੜੇ ਦੇਸ਼ ਵਿੱਚ ਬੰਦਾ ਵਸਦਾ ਹੋਵੇ ਉਹਦਾ ਉਹ ਕਰਜ਼ਦਾਰ ਤੇ ਵਫ਼ਾਦਾਰ ਰਹਿੰਦਾ ਏ, ਕਿਉਂਕਿ ਉਹ ਉਥੋਂ ਆਪਣੀ ਰੋਜ਼ੀ ਵੀ ਕਮਾ ਰਿਹਾ ਹੁੰਦਾ ਏ। ਪੰਜਾਬੀ ਵਿੱਚ ਇਸ ਤਰ੍ਹਾਂ ਦੇ ਬੰਦੇ ਨੂੰ ਹੀ ਬੀਬਾ ਬੰਦਾ ਆਖਿਆ ਜਾਂਦਾ ਏ।

ਲਓ ਜੀ ਤਕਰੀਬ ਸ਼ੁਰੂ ਹੁੰਦੀ ਹੈ। ਮੁੱਢਲੀ ਗੱਲ ਬਾਤ ਕਤਰ ਤੇ ਉਹਦੀ ਆਜ਼ਾਦੀ ਬਾਰੇ ਰਸ਼ੀਦ ਨਿਆਜ਼ ਨੇ ਈ ਕੀਤੀ। ਫੇਰ ਮੁਮਤਾਜ਼ ਰਾਸ਼ਿਦ ਜਿਹੜੇ ਉਰਦੂ ਤੇ ਪੰਜਾਬੀ ਦੇ ਮੰਨੇ-ਪਰਮੰਨੇ ਸ਼ਾਇਰ, ਕਈਆਂ ਕਿਤਾਬਾਂ ਦੇ ਲਿਖਾਰੀ ਤੇ ਉੱਥੇ ਦੀਆਂ ਅਦਬੀ ਬੈਠਕਾਂ ਦੀ ਰੂਹ ਨੇਂ। ਆਪਣੀ ਗੱਲ ਬਾਤ ਵਿੱਚ ਲੇਖਕ ਨਾਲ ਆਪਣੇ ਪੁਰਾਣੇ ਤਅੱਲੁਕ ਦਾ ਤੇ ਉਹਨਾਂ ਖ਼ਤਾਂ ਦਾ ਜ਼ਿਕਰ ਕੀਤਾ ਜਿਹੜੇ ਸਾਡੀ ਸੇਵਾ ਦੇ ਪੱਖੋਂ ਖ਼ੁਸ਼ ਹੋ ਕੇ ਉਹਨਾਂ ਸਾਨੂੰ ਲਿਖੇ ਸਨ। ਉਹਨਾਂ ਕੁਝ ਜ਼ਿਕਰ ਮੇਰੀਆਂ ਕਿਤਾਬਾਂ ਤੇ ਉਹਨਾਂ ਕਹਾਣੀਆਂ ਦਾ ਵੀ ਕੀਤਾ ਜਿਹਨਾਂ ਉੱਤੇ ਲਾਹੌਰ ਤੇ ਇਸਲਾਮਾਬਾਦ ਦੀਆਂ ਅਦਬੀ ਬੈਠਕਾਂ

ਵਿੱਚ ਵਿਚਾਰ ਵਟਾਂਦਰਾ ਹੁੰਦਾ ਰਿਹਾ। ਅਜੇ ਉਹਨਾਂ ਦੀ ਗੱਲਬਾਤ ਜਾਰੀ ਸੀ ਕਿ ਮਹਿਫ਼ਲ ਵਿੱਚ ਮੌਜੂਦ ਅਦੀਬਾਂ, ਸ਼ਾਇਰਾਂ ਨੇ ਮੈਨੂੰ ਆਖਿਆ ਜੇ ਮੈਂ ਆਪਣੇ ਅਦਬੀ ਪੈਂਡੇ ਦੀ ਕਹਾਣੀ ਆਪਣੇ ਮੂੰਹੋਂ ਸੁਣਾਵਾਂ।ਮੈਂ ਨਿੱਕੀ ਮੋਟੀ ਆਪਣੇ ਅਦਬੀ ਪੈਂਡੇ ਦੀ ਗੱਲ ਕੀਤੀ ਬਈ ਮੇਰਾ ਪਹਿਲਾ ਨਾਵਲ "ਖੇਡ ਮੁਕੱਦਰਾਂ ਦੀ" ਜਦੋਂ ਛਪਿਆ ਉਦੋਂ ਮੇਰੀ ਉਮਰ ਅਠਾਰਾਂ ਵਰ੍ਹੇ ਸੀ। ਤੁਹਾਨੂੰ ਪਤਾ ਏ ਕਿ ਇਸ ਉਮਰੇ ਬੰਦਾ ਕੀ ਲਿਖੇਗਾ। ਪਰ ਮੇਰੇ ਪਹਿਲੇ ਨਾਵਲ ਨੇ 'ਪਾਕਿਸਤਾਨ ਰਾਇਟਰਜ਼ ਗੋਲਡ' ਇਨਾਮ ਜਿੱਤਿਆ, ਜਿਹਦੇ ਕਾਰਣ ਮੇਰਾ ਨਾਂ ਅਦੀਬਾਂ ਵਿੱਚ ਰਲ ਗਿਆ। ਫੇਰ ਪੰਜਾਬੀ ਕਹਾਣੀਆਂ ਦਾ ਪਰਾਗਾ "ਦੁੱਖ ਧਰਤੀ ਦੇ" ਛਪਿਆ। ਉਹਦੇ ਵਿੱਚ ਪਾਕਿਸਤਾਨ ਦੇ ਉੱਚੇ ਸ਼ਾਇਰਾਂ ਤੇ ਅਦੀਬਾਂ ਦੀਆਂ ਤਕਰੀਰਾਂ ਤੇ ਲਿਖਤਾਂ ਕਿਤਾਬ ਦੀ ਮੁੱਖ ਵਿਖਾਲੀ ਦੇ 'ਕੱਠ ਵਿੱਚ ਸੁਣਨ ਨੂੰ ਮਿਲੀਆਂ ਜਿਹਦੇ ਉੱਤੇ ਮੈਨੂੰ ਵੱਡਾ ਮਾਣ ਏ। ਗੱਲਾਂ ਕਰਦਿਆਂ ਜਦੋਂ ਮੈਂ ਆਪਣੇ ਆਪ ਨੂੰ ਪੰਜਾਬੀ ਬੋਲੀ ਦਾ ਸੇਵਕ ਤੇ ਉਹਦੀ ਪਰੋਮੋਸ਼ਨ (promotion) ਲਈ ਇਕ ਲਹਿਰ ਚਲਾਉਣ ਦੀ ਲੋੜ ਤੇ ਜ਼ੋਰ ਦਿੱਤਾ ਤੇ ਉੱਥੇ ਕੁਝ ਸੱਜਣਾਂ ਦੇ ਮੱਥੇ ਉੱਤੇ ਤਰੇੜਾਂ ਪੈਣ ਲਗ ਪਈਆਂ ਤੇ ਇਹ ਗੱਲ ਬਾਤ ਇਕ ਖੱਟੀ ਮਿੱਠੀ ਬਹਿਸ ਵਿੱਚ ਬਦਲ ਗਈ। ਇਕ ਵਾਰੀ ਤਾਂ ਮੈਂ ਸੋਚਿਆ ਬਈ ਕਿਧਰੇ ਮੇਜ਼ਬਾਨ ਇਹ ਨਾ ਸੋਚਣ ਲਗ ਪਵੇ ਕਿ ਚੰਗਾ ਪ੍ਰਧਾਨ ਆਇਆ ਏ ਕਿ ਬੇਸੁਆਦੀ ਬਣ ਗਈ। ਪਰ ਇਸ ਮੁੱਦੇ ਉੱਤੇ ਇਕ ਲਿਖਾਰੀ, ਇਕ ਅਦਬੀ ਅੰਜਮਨ ਦੇ ਜਨਰਲ ਸੈਕਟ੍ਰੀ ਤੇ ਇਕ ਪੰਜਾਬੀ ਹੋਵਣ ਪਾਰੋਂ ਕਈ ਵਖਰੀ ਸੋਚ ਦੇ ਪੰਜਾਬੀਆਂ ਨਾਲ ਵਾਹ ਪੈ ਬੈਠਾ ਸੀ, ਇਸ ਲਈ ਮੈਨੂੰ ਕਿਸੇ ਵੀ ਸੁਆਲ ਤੇ ਕਿਸੇ ਵੀ ਇਤਰਾਜ਼ ਦਾ ਜੁਆਬ ਦੇਣ ਵਿੱਚ ਭੋਰਾ ਵੀ ਔਖਿਆਈ ਨਹੀਂ ਹੋਈ। ਬਹਿਸ ਦਾ ਮੁੱਢਲਾ ਪੱਧਰ ਇਹ ਸੀ ਕਿ ਮੈਨੂੰ ਫ਼ਿਫ਼ਟੀ ਫ਼ਿਫ਼ਟੀ (fifty fifty) ਦੀ ਪੋਜ਼ੀਸ਼ਨ ਲੱਗੀ ਜਿਹੜੀ ਕਿ ਪੰਜਾਬੀ ਦੇ ਹੱਕ ਜਾਂ ਮੁਖ਼ਾਲਫ਼ਤ ਵਿੱਚ ਪਾਕਿਸਤਾਨੀ ਪੰਜਾਬੀਆਂ ਵਿਚਕਾਰ ਪੈਦਾ ਹੋ ਚੁਕੀ ਸੀ। ਰਸ਼ੀਦ ਨਿਆਜ਼ ਸਾਹਿਬ ਨੇ ਆਖਿਆ, ਬਲਕਿ ਸਵਾਲ ਕੀਤਾ :

"ਜਦੋਂ ਸਾਡਾ ਕੰਮ ਚਲਦਾ ਪਿਆ ਏ ਤੇ ਫੇਰ ਕੀ ਲੋੜ ਏ ਇਕ ਹੋਰ ਮਸਲਾ ਖੜਾ ਕਰਨ ਦੀ? ਇਕ ਨਵਾਂ ਪੰਗਾ ਲੈਣ ਦੀ? ਅੱਗੇ ਹੋਰ ਥੋੜ੍ਹੇ ਮਸਲੇ ਨੇਂ? ਗੁਜ਼ਾਰਾ ਚਲਾਉਣਾ ਚਾਹੀਦਾ ਏ"

ਮੈਂ ਗੁਜ਼ਾਰਿਸ਼ ਕੀਤੀ "ਕਿਸੇ ਜ਼ਮਾਨੇ ਵਿੱਚ ਬੰਦਾ ਕੁੱਲੀ ਵਿੱਚ ਰਹਿੰਦਾ ਸੀ, ਪਰ ਅੱਜ ਉਹਦਾ ਮਕਾਨ ਕਿਹੋ ਜਿਹਾ ਏ, ਗੁਜ਼ਾਰਾ ਚਲਾਉਣਾ ਹਯਾਤੀ ਦਾ ਮਕਸਦ ਨਹੀਂ। ਜੇ ਆਪਣੇ ਘਰਾਂ ਨੂੰ ਸੁਆਰਨਾ, ਆਪਣੇ ਰਿਸ਼ਤਿਆਂ ਨੂੰ ਪਛਾਣਨਾ, ਆਪਣਿਆਂ ਪਿੰਡਾਂ, ਸ਼ਹਿਰਾਂ, ਤਹਿਸੀਲਾਂ, ਜ਼ਿਲਿਆਂ ਤੇ ਸੂਬਿਆਂ ਨੂੰ ਤਰੱਕੀ ਦਿਵਾਣਾ, ਆਪਣੇ ਲੋਕਾਂ ਨਾਲ ਦਿਲ ਦੀ ਗੱਲ ਆਪਣੀ ਬੋਲੀ ਰਾਹੀਂ ਕਹਿਣ ਦਾ ਹੱਕ ਦਿਵਾਣਾ ਮਸਲਾ ਏ ਤੇ ਫੇਰ ਇਸ ਮਸਲੇ ਤੋਂ ਕੁਰਬਾਨ ਜਾਈਏ"।

ਤਾੜੀਆਂ ਵੱਜੀਆਂ ਤੇ ਸਾਡੇ ਮੇਜ਼ਬਾਨ ਢਿੱਡੋਂ ਖ਼ੁਸ਼ ਹੋਏ। ਮੈਂ ਇਹ ਗੱਲ ਉਹਨਾਂ ਦੇ ਮੁੱਖ ਤੋਂ ਪੜ੍ਹ ਲਈ ਸੀ। ਮੈਂ ਫੇਰ ਬੇਨਤੀ ਕੀਤੀ:

"ਤੁਹਾਨੂੰ ਪਤਾ ਏ ਕੁਝ ਲੋਕਾਂ ਨੇ ਇਸ ਨੂੰ ਤਅੱਸੁਬ ਦਾ ਰੰਗ ਦਿੱਤਾ ਹੋਇਆ ਏ। ਜੇ ਅਸੀਂ ਪੰਜਾਬੀ ਬੋਲੀ ਨੂੰ ਤਰੱਕੀ ਦੇਣ ਦੀ ਗੱਲ ਕਰਾਂਗੇ ਤੇ ਮੁਤਅੱਸਿਬ ਅਖਵਾਵਾਂਗੇ। ਤੁਸੀਂ ਇਹ ਲਫ਼ਜ਼ ਸੁਣ ਕੇ ਡਰ ਜਾਂਦੇ ਹੋ, ਜਿਹਦੇ ਪਿੱਛੇ ਹਕੀਕਤ ਦਾ ਕੋਈ ਵੀ ਨਿਸ਼ਾਨ ਨਹੀਂ। ਇਸ ਪਰੋਪੇਗੰਡੇ ਨੇ ਅੱਜ ਦੇ ਪਾਕਿਸਤਾਨੀ ਪੰਜਾਬੀ ਨੂੰ ਅਜਿਹਾ ਡੱਕਾ ਲਾ ਦਿੱਤਾ ਏ ਕਿ ਕੋਈ ਕਾਢ ਨਹੀਂ ਕੱਢਦਾ, ਕੋਈ ਰਿਸਰਚ ਨਹੀਂ ਕਰਦਾ, ਬਸ ਇਸੇ ਸੁਣੀ- ਸੁਣਾਈ ਨੂੰ ਦਲੀਲ ਬਣਾ ਕੇ ਅੱਗੇ ਪੁਹੁੰਚਾ ਦੇਂਦਾ ਏ, ਆਪਣੀ ਰਾਹ ਵਿੱਚ ਰੋਕਾਂ ਖੜੀਆਂ ਕਰ ਲੈਂਦਾ ਏ। ਮੈਂ ਪਹਿਲਾਂ ਗੱਲ ਕੀਤੀ ਏ ਕਿ ਪਿਆਰ ਆਪਣਿਆਂ ਨਾਲ ਹੀ ਹੁੰਦਾ ਏ ਤੇ ਆਪਣਿਆਂ ਨੂੰ ਹੀ ਕੀਤਾ ਜਾਂਦਾ ਏ, ਤੇ ਆਪਣਿਆਂ ਵਿਚੋਂ ਹੀ ਲੱਭਦਾ ਏ। ਭਾਵੇਂ ਉਹ ਆਪਣਾ ਮਹੱਲਾ ਹੋਵੇ, ਗਰਾਂ ਹੋਵੇ, ਆਪਣੀ ਬੋਲੀ ਹੋਵੇ ਜਾਂ ਆਪਣਾ ਵਸੇਬ। ਹੋਰ ਤੇ ਹੋਰ ਸਾਡੇ ਮਜ਼ਹਬ ਨੇ ਜ਼ਕਾਤ ਦਾ ਜਿਹੜਾ ਤਸੱਵਰ ਪੇਸ਼ ਕੀਤਾ ਏ ਉਹਦੇ ਵਿੱਚ ਵੀ ਸੱਭ ਤੋਂ ਪਹਿਲਾਂ ਤੁਹਾਡੀ ਜ਼ਕਾਤ ਦੇ ਹੱਕਦਾਰ ਤੁਹਾਡੇ ਗ਼ਰੀਬ ਰਿਸ਼ਤੇਦਾਰ, ਫੇਰ ਮਹੱਲੇਦਾਰ ਤੇ ਦੋਸਤ ਨੇਂ"।

"ਗੱਲ ਠੀਕ ਏ ਪਰ ਪੰਜਾਬੀ ਬਦਤਮੀਜ਼ ਬੋਲੀ ਏ" ਪਿੜ ਵਿਚੋਂ ਇਕ ਹੋਰ ਸੱਜਣ ਬੋਲੇ। ਮੈਂ

ਸਹਿਜ ਨਾਲ ਇਹ ਸਮਝਾਇਆ:

"ਤਮੀਜ਼ ਬੋਲੀ ਵਿੱਚ ਨਹੀਂ ਬੰਦੇ ਵਿੱਚ ਹੁੰਦੀ ਏ, ਬੋਲੀ ਤੇ ਹਰ ਜਜ਼ਬੇ ਨੂੰ ਇਜ਼ਹਾਰ ਕਰਣ ਦਾ ਵਸੀਲਾ ਏ। ਪੰਜਾਬੀ ਤੇ ਤਮੀਜ਼ਦਾਰਾਂ ਵਿੱਚ ਸੱਭ ਤੋਂ ਵੱਡੀ ਤਮੀਜ਼ਦਾਰ ਤੇ ਬਦਤਮੀਜ਼ਾਂ ਵਿੱਚ ਬਦਤਮੀਜ਼ ਵੀ ਏ। ਇਨਸਾਨ ਦੀਆਂ ਸੱਭੇ ਖ਼ਸਲਤਾਂ ਬਿਆਨਣਾ ਈ ਬੋਲੀ ਦਾ ਕੰਮ ਹੁੰਦਾ ਏ। ਵੇਖੋ ਜੀ ਕਈ ਪੇਸ਼ੇ, ਕਈ ਕੰਮ ਕਾਰ ਤੇ ਕਾਰੋਬਾਰ ਇਹੋ ਜਿਹੇ ਨੇਂ ਕਿ ਬੰਦੇ ਨੂੰ ਸਰਦੀ ਗਰਮੀ ਦੱਸਣੀ ਪੈਂਦੀ ਏ ਮਸਲਨ ਇਥੇ ਸਾਡੇ ਫ਼ੋਰਮੈਨ ਸਾਹਿਬ ਚੌਧਰੀ ਰਿਆਜ਼ ਮੌਜੂਦ ਨੇਂ, ਕੀ ਉਹ ਆਪਣੀ ਕੰਪਨੀ ਵਿੱਚ ਸੁਸਤ ਜਾਂ ਕੰਮ ਚੋਰ ਵਰਕਰਾਂ ਨੂੰ ਖਰੀਆਂ ਖਰੀਆਂ ਨਹੀਂ ਸੁਣਾਉਂਦੇ, ਕੀ ਉਹ ਅਜਿਹਿਆਂ ਲੋਕਾਂ ਨੂੰ ਆਪ ਜਨਾਬ ਕਹਿ ਕੇ ਕੰਮ ਚਲਾਉਂਦੇ ਨੇਂ? ਮੈਂ ਮਜ਼ਾਕ ਨਾਲ ਕੋਲ ਬੈਠੇ ਚੌਧਰੀ ਰਿਆਜ਼ ਕੋਲੋਂ ਇਹ ਸਵਾਲ ਪੁੱਛਿਆ।

"ਨਹੀਂ ਚਲ ਸਕਦਾ" ਉਹਨਾਂ ਜਵਾਬ ਦਿੱਤਾ। "ਮੇਰਾ ਕੰਮ ਤੇ ਸਿਰਫ਼ ਪੰਜਾਬੀ ਨਾਲ ਈ ਚਲਦਾ ਏ ਜੇ ਮੈਂ ਪੰਜਾਬੀ ਨਾ ਬੋਲਦਾ ਇਹ ਫ਼ੋਰਮੈਨੀ ਕਿੱਥੋਂ ਲੱਭਣੀ ਸੀ?"

ਉੱਥੇ ਪਿੜ ਵਿੱਚ ਬਹੁਤੇ ਬੇਲੀ ਹੱਸਣ ਲੱਗ ਪਏ।

"ਇਹ ਆਲਮੀ ਬੋਲੀ ਨਹੀਂ" ਇਕ ਹੋਰ ਸਾਹਿਬ ਬੋਲ ਪਏ। "ਇਹਦੇ ਤੇ ਪੜ੍ਹਣ ਲਿਖਣ ਵਾਲੇ ਥੋੜ੍ਹੇ ਨੇਂ"।

"ਜੀ ਕਿਉਂ ਨਹੀਂ ਆਲਮੀ ਬੋਲੀ? ਕੀ ਇਹ ਕਨੇਡਾ ਵਿੱਚ ਜਾਂ ਅਮਰੀਕਾ ਵਿੱਚ ਪੰਜਾਬੀ ਲੋਕ ਨਹੀਂ ਬੋਲਦੇ, ਕੀ ਅਰਬ ਦੇਸ ਜਾਂ ਯੂ. ਕੇ. ਵਿੱਚ ਪੰਜਾਬੀ ਨਹੀਂ ਸਮਝੀ ਜਾਂਦੀ। ਕੀ ਹਾਲੀਵੁਡ ਦੀਆਂ ਫ਼ਿਲਮਾਂ ਵਿੱਚ ਪੰਜਾਬੀ ਡਾਇਲਾਗ ਤੇ ਪੰਜਾਬੀ ਗਾਣੇ "ਤਬੱਰੁਕ" ਦੇ ਤੌਰ 'ਤੇ ਨਹੀਂ ਪਾਏ ਜਾਂਦੇ। ਕੀ ਮੈਂ ਇੱਥੇ ਕਤਰ ਵਿੱਚ ਬੈਠਾ ਕਤਰ ਦੀ ਆਜ਼ਾਦੀ ਦਾ ਜਸ਼ਨ ਤੁਹਾਡੇ ਨਾਲ ਪੰਜਾਬੀ ਬੋਲ ਕੇ ਨਹੀਂ ਮਨਾ ਰਿਹਾ"?

ਇਸ ਗੱਲ 'ਤੇ ਥੋੜ੍ਹੇ ਭਰਾ ਹੱਸੇ ਤੇ ਤਾੜੀਆਂ ਵੱਜੀਆਂ।

"ਤੁਸੀਂ ਜੇ ਪੜ੍ਹਣ ਦੀ ਕੋਸ਼ਿਸ਼ ਨਹੀਂ ਕਰਦੇ, ਕਿਤਾਬਾਂ ਨਹੀਂ ਵੇਖੀਆਂ, ਨਾ ਹੀ ਖ਼ਰੀਦੀਆਂ ਨੇਂ, ਨਾ ਹੀ ਲਿਖਣ ਵਾਲਿਆਂ ਦਾ ਹੌਸਲਾ ਵਧਾਇਆ ਜੇ ਤੇ ਇਹਦੇ ਵਿੱਚ ਕਿਸੇ ਪਠਾਣ, ਕਿਸੇ ਸਿੰਧੀ ਕਿਸੇ ਬਲੋਚੀ ਜਾਂ ਕਿਸੇ ਗੋਰੇ ਦੀ ਗ਼ਲਤੀ ਨਹੀਂ ਉਹ ਤੇ ਸਾਰੇ ਆਪਣੀਆਂ ਬੋਲੀਆਂ ਪੜ੍ਹਦੇ ਵੀ ਨੇਂ, ਲਿਖਦੇ ਵੀ ਨੇਂ, ਇਹ ਸਿਰਫ਼ ਸਾਡੀ ਸੁਸਤੀ ਏ, ਇਥੇ ਘਰ ਦੀ ਕੁਕੜੀ ਦਾਲ ਬਰਾਬਰ ਏ। ਆਪਣੇ ਨੂੰ ਲਿਫ਼ਟ ਨਾ ਕਰਾਉਣ ਦਾ ਸਦੀਆਂ ਪੁਰਾਣਾ ਪਾਪ ਏ"

ਇਕ ਹੋਰ ਗੱਲ ਅੱਜ ਤੁਹਾਨੂੰ ਦੱਸਾਂ।

"ਇਹ ਜਿਹੜੇ ਸ਼ਾਇਰ ਅਦੀਬ ਯਾ ਸਿਰਜਣਹਾਰ ਦਿਮਾਗ਼ ਦੇ ਬੰਦੇ ਨੇਂ ਕਿਸੇ ਵੀ ਵਸੇਬ ਦੀ ਵੱਡੀ ਪੂੰਜੀ ਹੋਂਦੇ ਨੇਂ ਇਹੋ ਲੋਕ ਰਹਿਤਲ ਤੇ ਵਸੇਬ ਦੇ ਆਗੂ ਹੁੰਦੇ ਨੇਂ। ਇਹੋ ਉਸ ਮੁਆਸ਼ਰੇ ਦੇ ਦੁੱਖ ਦਰਦ ਤੇ ਖ਼ੁਸ਼ੀਆਂ ਗ਼ਮੀਆਂ ਨੂੰ ਮਹਿਸੂਸ ਕਰ ਸਕਦੇ ਨੇਂ ਤੇ ਕੁਦਰਤ ਇਹਨਾਂ ਕੋਲੋਂ ਇਜ਼ਹਾਰ ਕਰਵਾਉਂਦੀ ਏ। ਉਹ ਲੋਕਾਈ ਵਿੱਚ ਰਹਿੰਦੇ ਨੇਂ ਤੇ ਉਹਨਾਂ ਦੀਆਂ ਭਾਵਨਾਵਾਂ ਤੇ ਲੋੜਾਂ ਨੂੰ ਬਿਆਨਦੇ ਨੇਂ। ਜੇ ਕਿਸੇ ਕੌਮ ਜਾਂ ਤਹਿਜ਼ੀਬ ਦੇ ਇਹ ਫਿਤਰੀ ਆਗੂ ਸਾਹਮਣੇ ਨਹੀਂ ਆਉਂਦੇ, ਉਹਨਾਂ ਦੀ ਪਛਾਣ ਸੁੰਜਾਣ ਈ ਕੋਈ ਨਹੀਂ ਤੇ ਸਮਝ ਲਵੋ ਉਸ ਰਹਿਤਲ ਨੂੰ ਜਾਂ ਉਸ ਵਸੇਬ ਨੂੰ ਕੋਈ ਸੱਪ ਸੁੰਘ ਗਿਆ ਏ। ਉਹ ਪੂਰਾ ਮੁਆਸ਼ਰਾ ਈ ਗੂੰਗਾ-ਥੱਥਾ ਹੋ ਗਿਆ ਏ। ਅਜਿਹੇ ਮਾਹੌਲ ਵਿੱਚ ਤੇ ਲੀਡਰ ਵੀ ਪੈਦਾ ਨਹੀਂ ਹੋਂਦੇ, ਅਜਿਹੇ ਲੋਕ ਤੇ ਦੂਜਿਆਂ ਦੇ ਘਰ ਜਾ ਕੇ ਬੱਤੀਆਂ ਬਾਲਦੇ ਨੇਂ ਤੇ ਆਪਣੇ ਘਰਾਂ ਵਿੱਚ ਉਮਰਾਂ ਬੱਧੇ ਹਨੇਰੇ। ਇਹੋ ਲੋਕ ਨਾ ਤਿੰਨਾਂ ਵਿੱਚ ਨਾ ਤੇਰਾਂ ਵਿੱਚ। "

ਇਕ ਸੱਜਣ ਬੋਲ ਪਏ-

ਇਹ ਤੇ ਸਿਆਸੀ ਬਿਆਨ ਏ, ਕਿਧਰੇ ਤੁਹਾਡਾ ਤਅੱਲੁਕ ਕਿਸੇ ਸਿਆਸੀ ਪਾਰਟੀ ਨਾਲ ਤੇ ਨਹੀਂ ਏ?"

"ਨਹੀਂ ਜਨਾਬ ਮੈਂ ਕਿਸੇ ਪਾਰਟੀ ਦਾ ਤਰਜੁਮਾਨ ਨਹੀਂ ਤੇ ਨਾ ਹੋਣਾ ਲੋੜਦਾਂ, ਪਰ ਇਹ ਗੱਲ ਜ਼ਰੂਰ ਕਰਨਾਂ ਕਿ ਅਜਿਹੇ ਲੋਕਲ ਸ਼ਾਇਰ ਅਦੀਬ ਜਾਂ ਸੂਝਵਾਨ ਆਉਣ ਵਾਲੇ ਜ਼ਮਾਨੇ ਨੂੰ ਚਾਨਣ ਦੇਂਦੇ ਨੇਂ। ਇਹੋ ਲੋਕ ਮੁਆਸ਼ਰੇ ਜਾਂ ਕੌਮਾਂ ਦੀਆਂ ਨੀਹਾਂ ਰੱਖਦੇ ਨੇਂ ਤੇ ਉਹਨਾਂ ਦੀ ਤੇ ਆਪਣੀ ਹੋਂਦ ਦਾ ਸਬੂਤ ਦੇਂਦੇ ਨੇਂ। ਜ਼ਮਾਨੇ ਵਿੱਚ ਨਫ਼ਰਤਾਂ ਤੇ ਕਦੂਰਤਾਂ ਨੂੰ ਮਿਟਾ ਕੇ ਉਹਦੀ ਥਾਂ ਮੁਹੱਬਤ,

ਅਮਨ, ਭਾਈ ਚਾਰੇ ਤੇ ਭਲਾਈ ਦਾ ਸਬਕ ਦੇਂਦੇ ਨੇਂ। ਤੁਸੀਂ ਬਾਬਾ ਫ਼ਰੀਦ ਦਾ ਕਲਾਮ ਵੇਖ ਲਵੋ, ਤੁਸੀਂ ਬੁੱਲ੍ਹੇ ਸ਼ਾਹ ਦੀ ਸੋਚ ਦਾ ਅੰਦਾਜ਼ਾ ਲਾਓ ਕਿ ਅੱਜ ਸਦੀਆਂ ਗੁਜ਼ਰਣ ਮਗਰੋਂ ਇਹੋ ਲੋਕ ਜ਼ਿੰਦਾ ਸਲਾਮਤ ਨੇਂ। ਇਹੋ ਜ਼ਿੰਦਗੀ ਏ ਤੇ ਇਹੋ ਸਿਆਸਤ ਏ ਕਿ ਜ਼ਿੰਦਗੀ ਤੇ ਰੌਸ਼ਨੀ ਦਾ ਸਾਥ ਚੋਲੀ ਦਾਮਨ ਵਾਂਗਰ ਹੋਵੇ। ਕੋਈ ਕਹਿ ਸਕਦਾ ਏ ਕਿ ਬੁੱਲ੍ਹੇ ਸ਼ਾਹ ਤੇ ਬਾਬਾ ਫ਼ਰੀਦ ਦੇ ਕਲਾਮ ਵਿਚੋਂ ਜਿਹੜੀ ਲੋਅ ਫੁਟਦੀ ਏ ਉਹ ਲੋਕਾਈ ਦੀ ਭਲਾਈ ਵਾਸਤੇ ਨਾਕਸ ਏ? ਫੇਰ ਕਿਉਂ ਨਾ ਇਹਨਾਂ ਹਸਤੀਆਂ ਦਾ ਪੱਲਾ ਫੜ ਕੇ ਈ ਸਿਆਸਤ ਕੀਤੀ ਜਾਵੇ"।

ਹੁਣ ਇਕੱਠ ਦੀ ਟੋਰ ਵਿਚਾਰ ਵਟਾਂਦਰੇ ਤੋਂ ਹਟ ਕੇ ਸੂਝ ਜਗਾਉਣ ਦੀ ਹੱਦ ਤੀਕ ਅੱਪੜ ਆਈ ਸੀ। ਹਾਜ਼ਰੀਨ ਚੰਗੇ ਸੁਣਨ ਵਾਲਿਆਂ ਵਾਂਗ ਬੈਠੇ ਸਨ ਪਰ ਫੇਰ ਵੀ ਇਕ ਚੁਭਦਾ ਜਿਹਾ ਸਵਾਲ ਸੁਣਨ ਨੂੰ ਮਿਲਿਆ।

"ਖ਼ੈਰ ਇਹ ਤੇ ਸਹੀ ਏ। ਇਹ ਸਦੀਆਂ ਪੁਰਾਣੀਆਂ ਗੱਲਾਂ ਨੇਂ। ਅੱਜ ਦਾ ਦੌਰ ਇਲਮ, ਸਾਇੰਸ ਤੇ ਕੰਪੀਊਟਰ ਦਾ ਦੌਰ ਏ। ਪਿਛਾਂਹ ਕਿਉਂ ਲੈ ਚੱਲੇ ਹੋ?"

"ਜੀ ਮੈਂ ਇਸ ਮੁੱਦੇ ਵੱਲੇ ਵੀ ਆ ਰਿਹਾ ਸੀ" ਮੈਂ ਅਰਜ਼ ਕੀਤੀ "ਤੁਹਾਨੂੰ ਪਤਾ ਏ ਕਿ ਸਾਡੀ ਤਾਲੀਮ ਦੀ ਰੇਸ਼ੋ (ratio) ਕੀ ਏ। ਕੁਝ ਵਰ੍ਹੇ ਪਹਿਲਾਂ 100 ਬੰਦਿਆਂ ਚੋਂ ਸਤਾਰਾਂ ਪੜ੍ਹੇ ਲਿਖੇ ਸਨ ਖ਼ੈਰ ਹੁਣ ਇਸ ਹਿਸਾਬੋਂ ਦੂਣਾ ਕਰ ਦਿਓ ਤੇ ਗਿਣਤੀ ਕਰੋ ਹੁਣ ਇਹ 34 ਫ਼ੀਸਦ ਨੇ। ਜੇ ਆਪਣੀ ਮਾਂ ਬੋਲੀ ਵਿੱਚ ਬਾਕੀ ਦੇ 66 ਫ਼ੀਸਦ ਬੰਦਿਆਂ ਨੂੰ ਸਾਇੰਸ ਦੀ ਜ਼ਬਾਨ ਸਮਝਾ ਦੇਣ, ਤੇ ਯਕੀਨ ਕਰੋ ਕੁਝ ਵਰ੍ਹਿਆਂ ਵਿੱਚ ਤੁਹਾਡਾ ਸਾਰਾ ਮੁਆਸ਼ਰਾ ਤੁਹਾਡੀ ਸਾਰੀ ਕੌਮ, ਸਿਆਣੀ, ਸਮਝਦਾਰ ਤੇ ਪੜ੍ਹੀ ਲਿਖੀ ਹੋ ਜਾਵੇਗੀ। ਬਸ ਸ਼ਰਤ ਇਹ ਹੈ ਕਿ ਆਪਣਿਆਂ ਨਾਲ ਆਪਣਿਆਂ ਵਾਂਗ ਇੱਕੋ ਜਿਹਾ ਵਰਤਾਰਾ ਰੱਖਣ, ਦਰਜਾ ਬੰਦੀ ਨਾ ਹੋਵੇ ਇਕੋ ਜਿਹਾ ਤਾਲੀਮੀ ਨਿਸਾਬ ਹੋਵੇ। ਮੈਂ ਛੋਟੀ ਜਹੀ ਮਿਸਾਲ ਪੇਸ਼ ਕਰਨਾਂ। ਕਿਸੇ ਲੇਡੀ ਡਾਕਟਰ ਦੇ ਕਲਿਨਿਕ ਵਿੱਚ ਮੈਂ ਬੈਠਾ ਸੀ ਕਿ ਇਕ ਵਡੇਰੀ ਉਮਰ ਦੀ ਜ਼ਨਾਨੀ ਬੜੇ ਮੰਦੇ ਹਾਲੀਂ ਅੰਦਰ ਆਈ ਤੇ ਆਖਣ ਲੱਗੀ, "ਬੱਚਿਆ! ਮੈਂ ਮਰ ਚੱਲੀ ਆਂ। ਮੇਰੇ ਢਿੱਡ ਪੀੜ ਏ ਮੈਨੂੰ ਕੁਲੰਜ ਹੋ ਗਈ ਏ"।

ਮੈਨੂੰ ਉਹ ਵੇਲਾ ਯਾਦ ਕਰ ਕੇ ਅੱਜ ਵੀ ਕੁਝ ਹੋ ਜਾਂਦਾ ਏ। ਲੇਡੀ ਡਾਕਟਰ ਨੇ ਉਸ ਵਿਚਾਰੀ ਬੁੱਢੜੀ ਜ਼ਨਾਨੀ ਨੂੰ ਆਖਿਆ ਸੀ, "ਯੇ ਢਿੱਡ ਕਿਆ ਹੋਤਾ ਹੈ? ਯੇ ਪੀੜ ਕਿਆ ਹੋਤਾ ਹੈ?" ਜੇ ਸਾਡੇ ਸੱਭ ਤੋਂ ਜ਼ੁੰਮੇਵਾਰ ਸ਼ੁਅਬੇ ਮੈਡੀਕਲ ਦਾ ਇਹ ਹਾਲ ਏ ਫੇਰ ਮੇਰੇ ਪੰਜਾਬ ਦਾ ਤੇ ਮੇਰੀ ਪੰਜਾਬੀ ਦਾ ਰੱਬ ਈ ਰਾਖਾ ਏ। ਸੋਚਿਆ ਜਾਵੇ ਤੇ ਉਸ ਲੇਡੀ ਡਾਕਟਰ ਦਾ ਵੀ ਕੀ ਗੁਨਾਹ ਏ? ਜਿਹਨੂੰ ਦੱਸਿਆ ਹੀ ਨਹੀਂ ਗਿਆ ਕਿ ਢਿੱਡ ਕੀ ਏ ਤੇ ਉਹਦੀ ਪੀੜ ਕੀ ਏ।

ਯਕੀਨ ਕਰੋ ਅਜਿਹੇ ਪੰਜਾਬੀ ਮਾਂ ਪਿਓ ਜਾਣ ਬੁੱਝ ਕੇ ਜਾਂ ਅਣਭੋਲ ਇਸ ਟ੍ਰੈਂਡ (trend), ਇਸ ਰਿਵਾਜ ਦਾ ਸ਼ਿਕਾਰ ਹੋ ਗਏ ਨੇਂ। ਉਹਨਾਂ ਨੂੰ ਆਪ ਤੇ ਚੰਗੀ ਉਰਦੂ ਆਉਂਦੀ ਨਹੀਂ, ਉਤੋਂ ਆਪਣੇ ਬੱਚਿਆਂ ਨਾਲ ਇਸ ਤਰਹਾਂ ਦੀ ਟੁੱਟੀ ਭੱਜੀ ਉਰਦੂ ਬੋਲ ਕੇ ਉਹਨਾਂ ਨੂੰ ਗੂੰਗਾ-ਥੱਥਾ ਕਰਦੇ ਪਏ ਨੇਂ। ਜਿਹਦਾ ਨਤੀਜਾ ਇਹ ਹੋਇਆ ਏ ਕਿ ਬਾਲ ਸਕੂਲੋਂ ਵੀ ਨੱਸਣ ਲੱਗ ਪਏ ਨੇਂ। ਤੁਹਾਨੂੰ ਪਤਾ ਏ ਯੁਨਾਇਟਿਡ ਨੇਸ਼ਨਜ਼ (United Nations) ਦਾ ਇਕਮੁਠ ਫ਼ੈਸਲਾ ਏ ਕਿ ਬਾਲਾਂ ਦੀ ਮੁਢਲੀ ਤਾਲੀਮ ਉਹਨਾਂ ਦੀ ਮਾਂ ਬੋਲੀ ਵਿੱਚ ਈ ਹੋਣੀ ਚਾਹੀਦੀ ਏ। ਇਸ ਮਗਰੋਂ ਬਾਲ ਭਾਵੇਂ ਜੱਗ ਦੀਆਂ ਸਾਰੀਆਂ ਬੋਲੀਆਂ ਸਿੱਖ ਲਵੇ ਉਹਨੂੰ ਕੋਈ ਔਖ ਨਹੀਂ ਹੋਵੇਗੀ। ਇਸ ਲਈ ਅਸੀਂ ਬੜੇ ਮਾਣ ਨਾਲ ਤੇ ਆਦਰ ਨਾਲ ਪੰਜਾਬੀ ਬੋਲੀਏ, ਪੰਜਾਬੀ ਲਿਖੀਏ, ਇਹਦੇ ਵਿੱਚ ਹੀਣੇ ਹੋਵਣ ਵਾਲੀ ਕੋਈ ਗੱਲ ਨਹੀਂ। ਸਾਨੂੰ ਕਿਸੇ ਵੀ ਚੀਜ਼ ਦੀ ਥੋੜ੍ਹ ਨਹੀਂ। ਪੰਜਾਬ ਨੇ ਤਾਂ ਬਾਹਰੋਂ ਆਉਣ ਵਾਲੇ ਭੁੱਖੇ ਧਾੜਵੀਆਂ ਦੇ ਢਿੱਡ ਵੀ ਭਰੇ ਨੇਂ, ਤੇ ਅਸੀਂ ਆਪਣੇ ਆਪ ਨੂੰ ਵਿਸਾਰੀ ਬੈਠੇ ਆਂ, ਆਪਣੀ ਜ਼ਾਤ ਅਤੇ ਹੋਂਦ ਦੀ ਨਫ਼ੀ ਕਰਣ ਲੱਗ ਪੈਨੇ ਆਂ"।

ਗੱਲ ਕਰਦਿਆਂ ਕਰਦਿਆਂ ਮੈਂ ਜਜ਼ਬਾਤੀ ਹੋ ਚੱਲਾ ਸਾਂ ਕਿ ਇਕ ਆਵਾਜ਼ ਹੋਰ ਆਈ।

"ਕਿਧਰੇ ਤੁਸੀਂ ਉਰਦੂ ਦੇ ਖ਼ਿਲਾਫ਼ 'ਤੇ ਨਹੀਂ? ਅਤੇ ਪਾਕਿਸਤਾਨ ਦੀ ਕੌਮੀ ਜ਼ਬਾਨ ਤੇ ਵਾਰ ਤੇ ਨਹੀਂ ਕਰ ਰਹੇ ਓ"।

"ਨਹੀਂ ਜਨਾਬ, ਉਰਦੂ ਸਾਡੀ ਰਾਬਤੇ ਦੀ ਬੋਲੀ ਏ ਤੇ ਨਾਲੇ ਅਪਣੀ ਮਖ਼ਲੂਕ ਉਹਨੂੰ ਬੋਲਦੀ ਏ ਤੇ ਜਿਹਨੂੰ ਅੱਲਾਹ ਦੀ ਮਖ਼ਲੂਕ ਬੋਲ ਰਹੀ ਏ, ਸਮਝ ਰਹੀ ਏ ਉਹ ਪਿਆਰੀ ਬੋਲੀ ਏ। ਇਹ ਸਾਡੀ ਲੋੜ ਏ, ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਪੰਜਾਬੀ ਦਾ ਹੁਲੀਆ ਵਿਗਾੜ ਦੇਈਏ ਤੇ ਇਹਨੂੰ ਘਰੋਂ ਬਾਹਰ ਕੱਢ ਦੇਈਏ ਤੇ ਇਹਦੇ ਖ਼ਿਲਾਫ਼ ਮੁਹਾਜ਼ ਖੋਲ੍ਹ ਲਵੀਏ। ਇਹਦਾ ਹੱਕ ਤੇ ਸੱਭ ਤੋਂ ਵੱਡਾ ਏ। ਇਹ ਕਰੋੜਾਂ ਪੰਜਾਬੀਆਂ ਦੀ ਬੋਲੀ ਏ। ਇਹ ਸਾਰੇ ਉਰਦੂ ਨਹੀਂ ਬੋਲ ਸਕਦੇ, ਇਸ ਲਈ ਇਹਨੂੰ ਭਰਵੀਂ ਤਰੱਕੀ ਮਿਲਣੀ ਚਾਹੀਦੀ ਏ। ਇਹਦੇ ਵਿੱਚ ਬਹੁਤਾ ਸਾਰਾ ਕੰਮ ਹੋਣਾ ਚਾਹੀਦਾ ਏ। ਲਿਖਣ ਪੜ੍ਹਣ ਇਹਦੇ ਵਿੱਚ ਹੋਣਾ ਚਾਹੀਦਾ ਏ। ਕਿਸੇ ਦੀ ਇਹ ਜੁਰੱਅਤ ਨਹੀਂ ਹੋਣੀ ਚਾਹੀਦੀ ਕਿ ਉਹ ਇਹ ਕਹਵੇ "ਤੁਸੀਂ ਤਾਂ ਪੰਜਾਬੀ ਬੋਲਦੇ ਓ ਇਸ ਲਈ ਤੁਸੀਂ ਅਨਪੜ੍ਹ ਓ"। ਇਸ ਤਾਅੱਸੁਰ ਨੂੰ ਖ਼ਤਮ ਹੋਣਾ ਚਾਹੀਦਾ ਏ ਬਲਕਿ ਜਿਹੜਾ ਜਿੰਨੀ ਵਧੀਆ ਪੰਜਾਬੀ ਲਿਖੇ, ਪੜ੍ਹੇ ਤੇ ਬੋਲੇ ਉਹ ਬਹੁਤਾ ਪੜ੍ਹਿਆ ਲਿਖਿਆ ਮੰਨਿਆ ਜਾਵੇ, ਉਹਨੂੰ ਬਹੁਤੀ ਇੱਜ਼ਤ ਲੱਭੇ। ਮੈਂ ਦੱਸਾਂ ਕਿ ਪਰਲ ਕਾਂਟੀਨੈਂਟਲ ਹੋਟਲ ਲਾਹੌਰ ਵਿੱਚ ਮੇਰੀਆਂ ਕਿਤਾਬਾਂ ਦੀ ਮੂੰਹ ਵਿਖਾਲੀ ਦਾ 'ਕੱਠ ਸੀ ਉੱਥੇ ਪੰਜਾਬ ਇਸੰਬਲੀ ਦੀ ਮੈਂਬਰ ਤੇ ਮਸ਼ਹੂਰ ਅਦੀਬਾ ਬੁਸ਼ਰਾ ਰਹਿਮਾਨ ਨੇ ਆਖਿਆ ਸੀ (ਇਹ ਗੱਲ ਅਜੇ ਵੀ ਮੇਰੇ ਕੋਲ ਵੀਡੀਓ ਕੈਸਿਟ ਤੇ ਰਿਕਾਰਡ ਏ) ਕਿ ਮੈਂ ਪੰਜਾਬ ਅਸੈਂਬਲੀ ਵਿੱਚ ਇਜਾਜ਼ਤ ਮੰਗੀ ਕਿ ਜਨਾਬ ਸਪੀਕਰ ਸਾਹਿਬ ਸਾਨੂੰ ਪੰਜਾਬੀ ਵਿੱਚ ਤਕਰੀਰ ਕਰਣ ਦੀ ਇਜਾਜ਼ਤ ਦਿਓ, ਉਹਨਾਂ ਫ਼ਰਮਾਇਆ- "ਬੇਗਮ ਸਾਹਿਬਾ! ਆਪ ਤੋ ਬਹੁਤ ਅੱਛੀ ਉਰਦੂ ਲਿਖਤੀ ਹੈਂ, ਬੋਲਤੀ ਹੈਂ, ਆਪ ਕੋ ਕਿਆ ਜ਼ਰੂਰਤ ਹੈ?"

ਬੁਸ਼ਰਾ ਬੋਲੀ "ਜਨਾਬ ਸਪੀਕਰ ਸਾਹਿਬ ਤੁਹਾਡੀ ਇਹ ਗੱਲ ਸੁਣ ਕੇ ਮੈਂ ਇੰਨੀਆਂ ਕਚੀਚੀਆਂ ਵਟਨੀ ਆਂ ਕਿ ਤੁਹਾਨੂੰ ਕੀ ਦੱਸਾਂ"।

ਬੁਸ਼ਰਾ ਕਹਿ ਰਹੀ ਸੀ ਕਿ ਹੁਣ ਤੁਸੀਂ ਆਪ ਦੱਸੋ ਕਿ ਇਸ ਜਜ਼ਬੇ ਨੂੰ ਜਾਂ ਇਸ ਖ਼ਿਆਲ ਨੂੰ ਜਾਂ ਇਸ ਅਖਾਣ ਨੂੰ ਕੋਈ ਹੋਰ ਬੋਲੀ ਕਿਵੇਂ ਅਦਾ ਕਰ ਸਕਦੀ ਏ। ਇਹ ਮੇਰੀ ਪੰਜਾਬੀ ਹੀ ਏ ਕਿ ਜਿਹਦੇ ਵਿੱਚ ਮੈਂ ਇਸ ਤਰਹਾਂ ਦੀ ਗੱਲ ਕਰ ਸਕਨੀ ਆਂ। ਕੋਈ ਮੈਨੂੰ ਕਚੀਚੀਆਂ ਵੱਟਣ ਦਾ ਤਰਜੁਮਾ ਲਿਆ ਦਿਓ। ਇਹੋ ਜਹੀ ਮਿਸਾਲ ਉਰਦੂ ਅਦੀਬ ਅਹਿਮਦ ਨਦੀਮ ਕਾਸਮੀ ਦੇ ਇਕ ਅਫ਼ਸਾਨੇ "ਗੰਡਾਸਾ" ਦੀ ਦਿੱਤੀ ਜਾ ਸਕਦੀ ਏ। ਇਸ ਅਫ਼ਸਾਨੇ ਵਿੱਚ ਇਕ ਅਜਿਹਾ ਪੰਜਾਬੀ ਕਰੈਕਟਰ ਪੇਸ਼ ਕੀਤਾ ਗਿਆ ਏ ਜਿਹੜਾ ਸਿਰਫ਼ ਪੰਜਾਬੀ ਵਿੱਚ ਈ ਪੇਸ਼ ਕੀਤਾ ਜਾ ਸਕਦਾ ਸੀ। ਇਸ ਲਈ ਇਹ ਅਫ਼ਸਾਨਾ ਮੁੱਦੇ ਦੇ ਹਿਸਾਬ ਨਾਲ ਬੜਾ ਨਵੇਕਲਾ ਪਰ ਇਜ਼ਹਾਰ ਦੇ ਹਿਸਾਬ ਨਾਲ ਕਾਸਮੀ ਸਾਹਿਬ ਵਰਗੇ ਅਦੀਬ ਦੇ ਗਿੱਟਿਆਂ ਵਿੱਚ ਬਹਿ ਗਿਆ ਏ, ਤੇ ਵੇਖੋ ਜਦ ਇਸੇ ਕਹਾਣੀ ਤੇ ਪੰਜਾਬੀ ਫ਼ਿਲਮ "ਮੌਲਾ ਜੱਟ" ਬਣਦੀ ਏ ਤੇ ਉਹ ਕਰੈਕਟਰ ਇੰਨਾ ਯਾਦਗਾਰ ਬਣ ਜਾਂਦਾ ਏ ਕਿ ਫ਼ੰਨ ਦੀ ਟੀਸੀ ਨੂੰ ਛੂਹ ਲੈਂਦਾ ਏ। ਕਹਿਣ ਦਾ ਮਕਸਦ ਇਹ ਏ ਕਿ ਇਹ ਮੁਮਕਿਨ ਨਹੀਂ ਕਿ ਪੰਜਾਬੀ ਕਲਚਰ ਦੀ ਅਗਵਾਈ ਨੂੰ ਉਸੇ ਚਸ ਨਾਲ ਕੋਈ ਹੋਰ ਬੋਲੀ ਪੇਸ਼ ਕਰ ਸਕੇ। ਇਹ ਉਸ ਕਲਚਰ ਦਾ ਤਤ ਸਤ ਏ ਤੇ ਉਸ ਬੋਲੀ ਨਾਲ ਇਨਸਾਫ਼, ਤਾਂ ਜੇ ਦੋਵੇਂ ਨਾਲ ਨਾਲ ਰਹਿਣ"।

ਮੈਨੂੰ ਗੱਲ ਕਰਦਿਆਂ ਇਹ ਇਹਸਾਸ ਹੋ ਗਿਆ ਸੀ ਕਿ ਹੁਣ ਬਹਿਸ ਕਰਣ ਵਾਲੇ ਕੁਝ ਤਸੱਲੀ ਵਿੱਚ ਹੋ ਗਏ ਨੇਂ। ਥੋੜ੍ਹਾ ਜਿੰਨਾ ਹੋਰ ਇਜ਼ਾਫ਼ਾ ਕਰਨਾ ਜ਼ਰੂਰੀ ਲੱਗਾ।

"ਤੁਸੀਂ ਕਹਿੰਦੇ ਓ ਅੱਲਾਮਾ ਇਕਬਾਲ ਨੇ ਪੰਜਾਬੀ ਵਿੱਚ ਕਿਉਂ ਨਹੀਂ ਲਿਖਿਆ। ਤੁਹਾਡੀ ਇਤਲਾਹ ਵਾਸਤੇ ਅਰਜ਼ ਕਰਾਂ ਕਿ ਇਕ ਕਦੀਮ ਅਦਬੀ ਰਿਸਾਲੇ "ਸਾਰੰਗ" ਵਿੱਚ ਉਹਨਾਂ ਦਾ ਇੰਟਰਵੀਊ ਛਪਿਆ ਸੀ। ਅੱਲਾਮਾ ਇਕਬਾਲ ਨੇ ਕਿਹਾ ਸੀ ਕਿ ਇਹ ਮੇਰੀ ਮਜਬੂਰੀ ਸੀ ਕਿ ਮੇਰੀ ਤਾਲੀਮ ਓ ਤਰਬੀਅਤ ਉਰਦੂ ਵਿੱਚ ਹੋਈ। ਇਹ ਵੀ ਮੁਮਕਿਨ ਏ ਜੋ ਭਲਕੇ ਪੰਜਾਬੀ ਬੋਲੀ ਨੂੰ ਵੀ ਕੋਈ ਗੋਏਟੇ ਵਰਗਾ ਬੰਦਾ ਮਿਲ ਜਾਵੇ ਜਿਹਨੇ ਆਪਣੀ ਜਰਮਨ ਜ਼ਬਾਨ ਵਿੱਚ ਕੰਮ ਕਰ ਕੇ ਸਾਰੀ ਜਰਮਨ ਕੌਮ ਦਾ ਸਿਰ ਉੱਚਾ ਕਰ ਦਿੱਤਾ ਸੀ ਤੇ ਨਾਲੇ ਅੱਲਾਮਾ ਇਕਬਾਲ ਸਾਹਿਬ ਨੇ ਉਸ ਵੇਲੇ ਦੀ ਮੰਗ ਨੂੰ ਸਾਹਮਣੇ ਰਖਿਆ ਕਿ ਇਕ ਮਕਸਦ ਮੌਜੂਦ ਸੀ। ਇਸ ਗੱਲ ਤੋਂ ਅੱਖ ਨਹੀਂ ਚੁਰਾਈ ਜਾ ਸਕਦੀ ਕਿ ਉਹ ਕਬੂਲ ਤੇ ਮਕਬੂਲ ਵੀ ਤਾਂ ਹੋਏ

ਸਨ ਕਿ ਉਹਨਾਂ ਦਾ ਮਿਜ਼ਾਜ ਇਕ ਪੰਜਾਬੀ ਦਾ ਮਿਜ਼ਾਜ ਸੀ। ਫ਼ੈਜ਼ ਅਹਿਮਦ ਫ਼ੈਜ਼ ਦਾ ਨਾਂ ਲੈਣ ਦੀ ਲੋੜ ਨਹੀਂ ਕਿਉਂ ਕਿ ਉਹਨਾਂ ਨੇ ਕਾਫ਼ੀ ਪੰਜਾਬੀ ਨਜ਼ਮਾਂ ਲਿਖੀਆਂ ਤੇ ਇਹ ਕਹਿ ਕੇ ਹਾਰ ਮੰਨ ਲਈ ਲਿ ਜਿੱਥੇ ਵਾਰਿਸ ਸ਼ਾਹ ਤੇ ਮੀਆਂ ਮੁਹੰਮਦ ਵਰਗੇ ਮੌਜੂਦ ਨੇਂ ਉੱਥੇ ਫ਼ੈਜ਼ ਦੀ ਕੀ ਮਜਾਲ।

ਜਾਪਦਾ ਸੀ ਜੋ ਸਾਹਮਣੇ ਬੈਠੇ ਹੋਏ ਸ਼ਾਇਰ ਕਾਇਲ ਹੋ ਗਏ ਨੇਂ। ਮੈਂ ਇਸ ਗੱਲਬਾਤ ਨੂੰ ਲਮਕਾਣਾ ਨਹੀਂ ਸੀ ਚਾਹੁੰਦਾ ਕਿ ਇਕ ਹੋਰ ਮੁਹਤਰੱਮ ਬੋਲੇ।

"ਸਾਰੀਆਂ ਗੱਲਾਂ ਸਹੀ ਨੇਂ ਪਰ ਸਾਨੂੰ ਤੇ ਸਰਾਇਕੀ ਵਿੱਚ ਕੰਮ ਕਰਨਾ ਆਉਂਦਾ ਏ। ਸਾਡੀ ਸ਼ਾਇਰੀ ਵੀ ਸਾਰੀ ਸਰਾਇਕੀ ਵਿੱਚ ਏ। ਸਾਡੇ ਕੋਲ ਸ਼ਾਇਰ ਵੀ ਹੈਨ ਤੇ ਹੁਣ ਕਾਰੀ ਵੀ ਲੱਭਦੇ ਨੇਂ। ਸਰਾਇਕੀ ਵਿੱਚ ਲਿਖੀ ਹੋਈ ਕਿਤਾਬ ਪੜ੍ਹੀ ਵੀ ਜਾਂਦੀ ਏ। ਸਾਡਾ ਅਸਲ ਨੁਕਸਾਨ ਤੇ ਮਰਕਜ਼ੀ ਪੰਜਾਬ ਜਾਂ ਲਾਹੌਰੀ ਪੰਜਾਬੀਆਂ ਨੇ ਕੀਤਾ ਏ ਅਸੀਂ ਪੰਜਾਬੀ ਤੇ ਨਹੀਂ ਪਰ ਸ਼ਾਇਦ ਸਰਾਇਕੀ ਨੂੰ ਤਰੱਕੀ ਜ਼ਰੂਰ ਦਿਆਂਗੇ"।

"ਜਨਾਬ ਤੁਸੀਂ ਸਰਾਇਕੀ ਸੁਣਾਓ। ਪਿੰਡੀ ਵਾਲੇ ਪੋਠੋਹਾਰੀ ਨੂੰ ਆਉਣ ਦੇਣ।ਤੁਸੀਂ ਜਿੰਨੇ ਮਰਜ਼ੀ ਨਾਂ ਰੱਖ ਲਵੋ। ਹੈਨ ਤੇ ਸਾਰੇ ਪੰਜਾਬੀ ਮਾਂ ਦੇ। ਸਰਾਇਕੀ ਤਰੱਕੀ ਕਰੇ, ਪੋਠੋਹਾਰੀ ਤਰੱਕੀ ਕਰੇ ਤੇ ਲਾਜ਼ਮਨ ਪੰਜਾਬੀ ਦਾ ਇਕ ਮਰਕਜ਼ੀ ਲਹਿਜਾ ਨਿੱਤਰ ਕੇ ਸਾਹਮਣੇ ਆਵੇਗਾ। ਸਿਰਫ਼ ਲੋੜ ਏ ਦੀਵਾ ਬਾਲਣ ਦੀ। ਦੀਵੇ ਨਾਲ ਦੀਵੇ ਬਾਲੋ ਤੇ ਵੇਖੋ ਚਾਨਣ ਹੋਵੇਗਾ। ਇਹ ਵੇਲਾ ਕੁਰਬਾਨੀ ਮੰਗਦਾ ਏ। ਪੰਜਾਬੀ ਸਦੀਆਂ ਤੋਂ ਇਸ ਦੇਸ ਦੀ ਬੋਲੀ ਏ, ਇਹਨੂੰ ਮਾਰਨ ਵਾਲੇ ਆਪੂੰ ਮਾਰੇ ਗਏ। ਇਹ ਸਦੀਆਂ ਤੋਂ ਹੈ ਤੇ ਸਦੀਆਂ ਤਾਈਂ ਰਹਿਵੇਗੀ, ਛੜੀ ਤਰੀਖ਼ ਆਪਣੇ ਰੰਗ ਵਿਖਾਉਂਦੀ ਰਹਿਵੇਗੀ। ਹੁਣ ਤੇ ਖ਼ੈਰ ਨਾਲ ਸੈਟਲਾਈਟ ਚੈਨਲ ਆ ਗਏ ਨੇਂ ਤੇ ਸੱਭ ਦੀ ਇਹ ਕੋਸ਼ਿਸ਼ ਏ ਕਿ ਵੱਧ ਤੋਂ ਵੱਧ ਲੋਕਾਈ ਤੀਕਰ ਅਪਰੋਚ (approach) ਹੋਵੇ। ਤੁਸੀਂ ਆਪ ਦੱਸੋ ਕਿ ਆਪਣਿਆਂ ਨੂੰ ਕੀ ਕਰਨਾ ਪਵੇਗਾ। ਇਹਨਾਂ ਨੂੰ ਗੁਦੜੀ ਵਿੱਚ ਲਾਲ ਲੱਭਣੇ ਪੈਣਗੇ ਤਾਂ ਈ ਗੱਲ ਬਣੇਗੀ।

"ਲਓ ਜੀ ਅਸੀਂ ਤੇ ਗਏ ਆਂ ਮੰਨ। ਤੁਸਾਂ ਵਾਹਵਾ ਚਾਨਣ ਪਾਇਆ ਏ ਇਸ ਮੁੱਦੇ ਉੱਤੇ। ਹੁਣ ਖਾਂਦੇ ਆਂ ਡਿਨਰ ਤੇ ਇਸ ਮਗਰੋਂ ਦੂਜੀ ਬੈਠਕ ਹੋਵੇਗੀ ਮੁਸ਼ਾਇਰੇ ਦੀ ਤੇ ਅੱਜ ਸਾਰੇ ਸ਼ਾਇਰ ਛੜਾ ਆਪਣਾ ਪੰਜਾਬੀ ਕਲਾਮ ਈ ਸੁਣਾਉਣ, ਤੇ ਤੁਹਾਡੇ ਕੋਲੋਂ ਪੰਜਾਬੀ ਨਸਰ ਦੇ ਪੱਖੋਂ ਇਕ ਕਹਾਣੀ ਜ਼ਰੂਰ ਸੁਣਨੀ ਏ"। ਇਹ ਗੱਲ ਰਸ਼ੀਦ ਨਿਆਜ਼ ਸਾਹਿਬ ਨੇ ਪਰਾਹੁਣਿਆਂ ਨੂੰ ਡਿਨਰ ਵੱਲ ਸੈਨਤ ਕਰਦਿਆਂ ਆਖੀ।

ਡਿਨਰ ਤੋਂ ਮਗਰੋਂ ਮੁਸ਼ਾਇਰਾ ਹੋਇਆ, ਸ਼ਾਇਦ ਇਸ ਗੱਲਬਾਤ ਦਾ ਅਸਰ ਸੀ ਕਿ ਸਿਰਫ਼ ਪੰਜਾਬੀ ਨਜ਼ਮਾਂ, ਗ਼ਜ਼ਲਾਂ ਤੇ ਸਰਾਇਕੀ ਸ਼ਾਇਰੀ ਸੁਣਨ ਨੂੰ ਮਿਲੀ। ਫੇਰ ਮੈਨੂੰ ਕਹਾਣੀ ਸੁਣਾਉਣ ਦੀ ਫ਼ਰਮਾਇਸ਼ ਕੀਤੀ ਗਈ।

ਇੰਨਾ ਸੋਹਣਾ ਕਲਾਮ ਤੇ ਇੰਨੀ ਮਸਬਤ ਗੱਲਬਾਤ ਤੋਂ ਬਾਅਦ ਮਾਹੌਲ ਇੰਨਾ ਚੰਗਾ ਹੋ ਗਿਆ ਸੀ ਕਿ ਮੈਨੂੰ ਕਹਾਣੀ ਸੁਣਾਉਣ ਵਿੱਚ ਵੀ ਬੜਾ ਚੱਸ ਆਇਆ ਤੇ ਇਹਦੇ ਵਿੱਚ ਸ਼ੱਕ ਵਾਲੀ ਗੱਲ ਈ ਕੋਈ ਨਹੀਂ ਬਈ ਆਪਣੀ ਬੋਲੀ ਤੇ ਮਿੱਠੜੀ ਬੋਲੀ ਵਿੱਚ ਜਿੰਨੀ ਚੱਸ ਆਉਂਦੀ ਏ ਕਿਸੇ ਹੋਰ ਵਿੱਚ ਨਹੀਂ। ਟੁਰਨ ਵੇਲੇ ਸੱਭੇ ਪੰਜਾਬੀ ਇਕ ਦੂਜੇ ਨੂੰ ਘੁਟ ਘੁਟ ਜੱਫੀਆਂ ਪਾ ਰਹੇ ਸਨ। ਅਸੀਂ ਰਸ਼ੀਦ ਨਿਆਜ਼ ਦੇ ਘਰੋਂ ਨਿਕਲੇ ਤੇ ਸਾਡੇ ਸੰਗ ਸ਼ੌਕਤ ਨਾਜ਼, ਮਹਿਬੂਬ ਕਾਜ਼ੀ ਸਾਹਿਬ, ਰਸ਼ੀਦ ਨਿਆਜ਼, ਮੁਮਤਾਜ਼ ਰਾਸ਼ਿਦ, ਜ਼ਵਾਰ ਬੁਖ਼ਾਰੀ, ਕਾਜ਼ੀ ਅਸਗ਼ਰ ਸ਼ਫ਼ੀਕ ਅਖ਼ਤਰ ਤੇ ਤਾਹਿਰ ਚੌਧਰੀ ਦਾ ਮਿੱਠੜਾ ਕਲਾਮ ਤੇ ਮੁਮਤਾਜ਼ ਰਾਸ਼ਿਦ ਦੀਆਂ ਕਿਤਾਬਾਂ ਦਾ ਤੋਹਫ਼ਾ ਵੀ ਸੀ।

ਦੋਹਾਂ ਤੋਂ ਵਾਪਸ ਸ਼ੁਮਾਲ ਜਾਂਦਿਆਂ ਜ਼ਵਾਰ, ਮੈਂ ਤੇ ਨਾਲ ਉਹਨਾਂ ਦਾ ਨੌਕਰ ਵੀ ਸੀ। ਰਾਤ ਫ਼ਜਰ ਵੱਲ ਸਫ਼ਰ ਕਰ ਰਹੀ ਸੀ। ਸੜਕਾਂ ਤੇ ਕਤਰ ਦੀ ਤਰੱਕੀ ਦੀਆਂ ਸਪੀਡਾਂ ਦੇ ਜਲਵੇ ਆਮ ਸਨ। ਮੇਰੇ ਦਿਲ ਵਿੱਚ ਇਹੋ ਸੱਧਰ ਜਾਗ ਰਹੀ ਸੀ ਕਿ ਕਾਸ਼ ਕਦੀਂ ਪੰਜਾਬੀਆਂ ਨੂੰ ਪੰਜਾਬ ਤੇ ਉਹਦੀ ਬੋਲੀ ਦੀ ਤਰੱਕੀ ਲਈ ਇੰਜ ਹੀ ਸਪੀਡਾਂ ਲੱਗ ਜਾਵਣ ਤੇ ਕਰੋੜਾਂ ਬੰਦੇ ਆਪਣੀ ਬੋਲੀ ਵਿੱਚ ਲਿਖਦਿਆਂ ਪੜ੍ਹਦਿਆਂ ਮਾਣ ਮਹਿਸੂਸ ਕਰਣ।

■

ਤਵਾਰੀਖ਼

# ਮੁੜ ਸਿਕੰਦਰ ਹਾਰਿਆ

ਸਿੰਧੀ ਤੋਂ ਪੰਜਾਬੀ ਰੂਪਕਾਰ:
**ਮੁਹੰਮਦ ਆਸਫ਼ ਰਜਾ**

ਇਹ ਸਿੰਧੀ ਮਜ਼ਮੂਨ ਸਾਨੂੰ ਇੱਕ ਸਿੰਧੀ ਦੋਸਤ ਨੇ ਘੱਲਿਆ ਸੀ। ਇਹ ਮਜ਼ਮੂਨ 20 ਮਈ 1955 ਵਿੱਚ ਇੱਕ ਸਿੰਧੀ ਸਾਲ ਨਾਮੇ "ਹਿੰਦ ਵਾਸੀ" ਵਿੱਚ ਛਪਿਆ ਸੀ। ਜਿਹੜੀ ਫ਼ੋਟੋ ਕਾਪੀ ਸਾਡੇ ਹੱਥ ਲੱਗੀ ਉਹਦੇ ਵਿੱਚ ਲਿਖਾਰੀ ਦਾ ਨਾਂ ਨਹੀਂ ਸੀ ਦਿੱਤਾ ਗਿਆ। (ਜਿਹੜਾ ਕਿ ਫ਼ੋਟੋ ਸਟੇਟ ਵਿੱਚ ਰੱਬੋਂ ਰਹਿ ਗਿਆ ਏ)। ਤਵਾਰੀਖ਼ੀ ਝੂਠ ਜਿਹੜਾ ਕਿ ਚਿਰਾਂ ਤੋਂ ਬੋਲਿਆ ਜਾ ਰਿਹਾ ਏ ਕਿ ਸਿਕੰਦਰ ਨੇ ਪੋਰਸ ਨੂੰ ਹਰਾ ਲਿਆ ਸੀ ਤੇ ਮੁੜ ਪੋਰਸ ਨੇ ਸਿਕੰਦਰ ਦੇ ਪੈਰੀਂ ਡਿੱਗ ਕੇ ਮਾਫ਼ੀ ਮੰਗੀ ਸੀ, ਇਸ ਗੱਲ ਨੂੰ ਇਸ ਮਜ਼ਮੂਨ ਵਿੱਚ ਪੱਧਰਾ ਕੀਤਾ ਗਿਆ ਏ ਕਿ ਅਸਲ ਹਾਰ ਕਿਸ ਦੀ ਹੋਈ ਸੀ। ਇਸ ਮਜ਼ਮੂਨ ਰਾਹੀਂ ਇਸ ਗੱਲ ਦੇ ਝੂਠ ਹੋਣ ਨੂੰ ਸਾਬਤ ਕੀਤਾ ਗਿਆ ਏ।

(ਅਦਾਰਾ)

ਅਰਬੀ ਦਾ ਅਖਾਣ ਏ ਕਿ "ਕਲਾਮ ਅਲਮਲਕ, ਮਲਕ ਅਲਕਲਾਮ" ਮਤਲਬ "ਹਾਕਮ ਜੋ ਕੁੱਝ ਆਂਹਦੇ ਨੇ, ਉਹਨੂੰ ਈ ਸੱਚ ਜਾਣਿਆਂ ਜਾਂਦਾ ਏ।" ਇੰਝ ਈ ਅੰਗਰੇਜ਼ੀ ਹਾਕਮਾਂ ਜਿਵੇਂ ਸਾਨੂੰ ਪੜ੍ਹਾਇਆ ਤੇ ਸਮਝਾਇਆ ਨੇ, ਭਾਵੇਂ ਉਹ ਸਾਡਾ ਘਰੇਲੂ ਮਾਮਲਾ ਈ ਕਿਉਂ ਨਾ ਹੋਵੇ ਤਾਂ ਵੀ ਸਾਨੂੰ ਪੜ੍ਹਤ ਘੜਤ ਹੱਥੋਂ ਇਹ ਮੰਨਣਾ ਪੈਂਦਾ ਏ। ਅਸਲ ਗੱਲ ਇਹ ਏ ਕਿ ਸਾਨੂੰ ਆਪਣੇ ਘਰ ਦੀ ਸੁਰਤ ਸਾਰ ਵੀ ਕੋਈ ਨਹੀਂ ਸੀ। ਇਸ ਲਈ ਉਹਨਾਂ ਦਾ ਈ ਇੱਕ-ਇੱਕ ਅੱਖਰ ਰੱਬੀ ਮੰਨਿਆਂ ਗਿਆ। ਇਸੇ ਝੌਲ਼ੇ ਹੇਠ ਸਾਨੂੰ ਦਿਸਦਾ ਹੈ ਕਿ "ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਤੇ ਪੋਰਸ ਨੂੰ ਜਿੱਤਿਆ।"

ਇਹ ਸੱਚ ਕਿੰਨਾ ਕੁ ਸੱਚ ਏ। ਇਹਦੇ ਤੇ ਇਸ ਲੇਖ ਰਾਹੀਂ ਚਾਨਣ ਪਾਇਆ ਜਾਸੀ ਤੇ ਨਿਖੇੜਾ ਕਰਨ ਦਾ ਜਤਨ ਕਰਾਂਗਾ ਕਿ 'ਪੋਰਸ ਜਿੱਤਿਆ ਜਾਂ ਸਿਕੰਦਰ'।

ਸਿਕੰਦਰ ਨੇ ਭਾਰਤ 'ਤੇ ਹਮਲਾ ਕਿਵੇਂ ਕੀਤਾ ਤੇ ਪੋਰਸ ਤੀਕ ਅਪੜਨ ਵਿੱਚ ਉਹਨੂੰ ਕਿਹੜੀਆਂ ਔਕੜਾਂ ਦਾ ਟਾਕਰਾ ਕਰਨਾ ਪਿਆ। ਇਹ ਸਭ ਕੁੱਝ ਲਿਖਣ ਦੀ ਇੱਥੇ ਲੋੜ ਨਹੀਂ। ਇਹ ਸਭ ਕੁੱਝ ਮੈਂ ਖੋਲ੍ਹ ਕੇ ਆਪਣੀ ਕਿਤਾਬ "ਭਾਰਤ ਵਰਸ਼" ਵਿੱਚ ਲਿਖਿਆ ਹੋਇਆ ਏ। ਇੱਥੇ ਛੜਾ ਕਰਈ ਦੇ ਮੈਦਾਨ (ਜਿੱਥੇ ਯੁੱਧ ਹੋਇਆ) ਵਿੱਚ ਜੋ ਕੁੱਝ ਹੋਇਆ, ਓਸ ਦਾ ਜ਼ਿਕਰ ਕੀਤਾ ਜਾਸੀ, ਪਰ ਮੁਖ਼ਤਸਰ ਤੌਰ 'ਤੇ।

ਜਿਹਲਮ ਦਰਿਆ ਦੇ ਕੰਢੇ ਦੀ ਲੜਾਈ ਥੀਂ ਪਹਿਲਾਂ, ਉੱਤਰ ਵਿੱਚ ਸਿਕੰਦਰ ਨੂੰ ਇੱਕ ਤਗੜੀ ਮੁਖ਼ਾਲਫ਼ਤ ਦਾ ਮੁਕਾਬਲਾ ਕਰਨਾ ਪਿਆ, ਜਿਸ ਕਾਰਨ ਉਹਨੂੰ ਘੱਟੋ ਘਟ 9 ਮਹੀਨਿਆਂ ਤੀਕ ਅੰਨ੍ਹੇ ਵਾਹ ਜੰਗ ਲੜਨੀ ਪਈ। ਮਤਲਬ ਜੁਲਾਈ 327 ਬੀ ਸੀ ਤੋਂ ਲੈ ਕੇ ਮਾਰਚ 326 ਬੀ ਸੀ ਤੀਕ ਉਹਨੂੰ ਉੱਕਾ ਅਗਾਂਹ ਪੈਰ ਪੱਟਣ ਦੀ ਜੁਰਅਤ ਨਾ ਹੋਈ। ਇਹਨਾਂ ਜੰਗਾਂ ਦੇ ਬਾਵਜੂਦ ਉਹ ਇੱਥੋਂ ਦੇ ਆਜ਼ਾਦ ਸੂਰਮਿਆਂ ਤੋਂ ਪੂਰੀ ਤਰ੍ਹਾਂ ਨਾ ਈ ਜਿੱਤ ਸਕਿਆ ਤੇ ਨਾ ਈ ਇਹਨਾਂ ਇਲਾਕਿਆਂ ਉੱਤੇ ਕਬਜ਼ਾ ਕਰ ਸਕਿਆ। ਸਿਕੰਦਰ ਨੇ ਸਿੰਧ ਦਰਿਆ ਦੇ ਉੱਤਰੀ ਕੰਢੇ ਦੇ ਰਾਜਾ ਅੰਭੀ ਦੀ ਮੱਦਦ ਨਾਲ ਆਪਣੀ ਵੱਡੀ ਫ਼ੌਜ ਸਮੇਤ ਸਿੰਧ ਦਰਿਆ ਬਿਨਾ ਕਿਸੇ ਔਕੜ ਦੇ ਪਾਰ ਕਰ ਲਿਆ। ਰਾਜਾ ਅੰਭੀ ਆਪਣੇ ਗਵਾਂਢੀ ਰਾਜਾ ਪੋਰਸ ਨਾਲ ਖਾਰ ਰਖਦਾ ਸੀ ਏਸੇ ਲਈ ਉਹਨੇ ਸਿਕੰਦਰ ਨਾਲ ਦੋਸਤੀ ਦਾ ਹੱਥ ਵਧਾਇਆ ਸੀ।

ਏਧਰ ਪੋਰਸ ਦੀ ਸਿਕੰਦਰ ਦੇ ਆਉਣ ਤੋਂ ਪਹਿਲਾਂ ਆਪਣੇ ਗਵਾਂਢੀ, ਅਭੀਸਾਰ ਦੇ ਰਾਜੇ ਨਾਲ ਮਿੱਤਰਤਾ ਸੀ। ਇਹਨਾਂ ਦੋਹਾਂ ਰਲ਼ ਕੇ ਨੇੜੇ ਤੇੜੇ ਦੇ ਇਲਾਕਿਆਂ ਉੱਤੇ ਮੱਲ ਮਾਰਨੀ ਸ਼ੁਰੂ ਕੀਤੀ ਸੀ। ਸਿਕੰਦਰ ਦੇ ਆਉਣ ਵੇਲੇ ਅਭੀਸਾਰ ਦਾ ਰਾਜਾ ਇਸ ਔਕੜ 'ਚ ਆ ਫਾਤਾ ਕਿ ਕੀਹਦਾ ਸਾਥ ਦੇਵੇ। ਏਸ ਔਕੜ ਦੇ ਹੁੰਦਿਆਂ ਵੀ ਉਹਨੇ ਸਿੰਧ ਦੇ ਲਹਿੰਦੇ ਕੰਢੇ ਉੱਤੇ ਵਸਦੇ ਰਾਜਾ ਅਸ਼ਵਨਲ ਨਾਲ ਮਿੱਤਰਤਾ ਬਣਾਈ ਤੇ ਸਿਕੰਦਰ ਦੇ ਖ਼ਿਲਾਫ਼ ਅਸ਼ੋਕਾ ਦੀ ਮੱਦਦ ਲਈ ਆਪਣੀ ਫ਼ੌਜ ਘੱਲੀ, ਤੇ ਸਿੰਧ ਦੇ ਲਹਿੰਦੇ ਕੰਢਿਓਂ ਨੱਸੇ ਬੰਦਿਆਂ ਨੂੰ ਪਨਾਹ ਦਿੱਤੀ। ਸਿਕੰਦਰ ਦੇ ਸਿੰਧ ਪਾਰ ਕਰਨ ਤੇ ਉਹਨੂੰ ਸੌਗ਼ਾਤਾਂ ਘੱਲੀਆਂ, ਤੇ ਇਹਦੇ ਨਾਲ ਇਹ ਵੀ ਕੀਤਾ ਕਿ ਉਹਦਾ ਘੱਲਿਆ ਹਰਕਾਰਾ ਵੀ ਬੰਦੀਵਾਣ ਕਰ ਛੱਡਿਆ ਤੇ ਪੋਰਸ ਨਾਲ ਜਾ ਰਲਣ ਦੀ ਤਿਆਰੀ ਕਰਨ ਲੱਗਾ। ਸਿਕੰਦਰ ਨੂੰ ਇਹਦੀ ਦੁਪਾਸੀ ਚਾਲ ਦਾ ਪਤਾ ਲੱਗ ਗਿਆ। ਇਸ ਤੋਂ ਪਹਿਲਾਂ ਕਿ ਉਹ ਪੋਰਸ ਨਾਲ ਜਾ ਮਿਲਦਾ, ਸਿਕੰਦਰ ਤੇ ਅੰਭੀ ਨੇ ਤੁਰਤ ਆਪਣੀਆਂ ਫ਼ੌਜਾਂ ਜਿਹਲਮ ਦੇ ਕੰਢੇ (ਜਿੱਥੇ ਲੜਾਈ ਹੋਣੀ ਸੀ) ਪੋਰਸ ਮੂਹਰੇ ਲਿਆ ਖਲ੍ਹਾਰੀਆਂ ਤੇ ਇੰਝ ਪੋਰਸ ਕੱਲਾ ਹੋ ਗਿਆ।

ਹੁਣ ਆਉਂਦੇ ਹਾਂ ਲੜਾਈ ਦੇ ਮੈਦਾਨ ਵੱਲ। ਸਿਕੰਦਰ ਦੀ ਫ਼ੌਜ, ਪੋਰਸ ਦੀ ਫ਼ੌਜ ਤੋਂ ਚੋਖੀ ਵਧੇਰੀ ਸੀ। ਪਲੂਤਾਰਕ (Plutarch) ਲਿਖਦਾ ਏ "ਸਿਕੰਦਰ 1,20,000 ਪਿਆਦੇ ਤੇ 15,000 ਘੋੜਸਵਾਰਾਂ ਨਾਲ ਆਇਆ। "ਇਸ ਤੋਂ ਵੱਖ ਜਿਹਲਮ ਵਾਲੇ ਯੁੱਧ ਵਿੱਚ ਟੈਕਸਲਾ ਦੀ ਫ਼ੌਜ ਵੀ ਸ਼ਾਮਲ ਸੀ। ਪਲੂਤਾਰਕ ਦੇ ਆਖਣ ਮੂਜਬ ਪੋਰਸ ਕੋਲ ਛੜੇ 20,000 ਪਿਆਦੇ ਤੇ 2,000 ਘੋੜਸਵਾਰ ਸਨ। ਪਰ ਈਰੀਨ ਦਾ ਆਖਣਾ ਏ ਕਿ ਪੋਰਸ ਕੋਲ 4,000 ਘੋੜਸਵਾਰ, 3,000 ਰੱਥ, 200 ਹਾਥੀ ਤੇ 3,000 ਪਿਆਦੇ ਸਨ। ਇਹਦੇ ਹੁੰਦਿਆਂ ਹੋਇਆਂ ਵੀ ਪੋਰਸ, ਸਿਕੰਦਰ ਦਾ ਤਾਕਤਵਰ ਦੁਸ਼ਮਨ ਸੀ। ਮੁੱਢ ਤੋਂ ਈ ਸਿਕੰਦਰ ਨੂੰ ਜਿਹਲਮ ਦਾ ਯੁੱਧ ਬੜਾ ਔਖਾ ਜਾਪਿਆ ਸੀ। ਪੋਰਸ ਦੀ ਸ਼ਾਨਦਾਰ ਢੰਗ ਨਾਲ ਤਿਆਰ ਕੀਤੀ ਫ਼ੌਜ ਦੇ ਮੁਕਾਬਲੇ ਵਿੱਚ ਜਿਹਲਮ ਦਰਿਆ ਪਾਰ ਕਰ ਕੇ ਪੋਰਸ ਉੱਤੇ ਹਮਲਾ ਕਰਨਾ ਸਿਕੰਦਰ ਲਈ ਉੱਕਾ ਨਾਮੁਮਕਿਨ ਹੋ ਗਿਆ।

ਕਰਟੀਸ ਲਿਖਦਾ ਏ, "ਸਿਕੰਦਰ ਦੀ ਕੁੱਝ ਫ਼ੌਜ ਦਰਿਆ ਵਿਚਾਲੇ ਇੱਕ ਬਰੇਤੇ ਉੱਤੇ ਆ ਖਲੋਤੀ ਪਰ ਇਹਨੂੰ ਪੋਰਸ ਦੇ ਸਿਪਾਹੀਆਂ ਆ ਘੇਰਿਆ ਤੇ ਪਤਾ ਨਹੀਂ ਇਸ ਬਰੇਤੇ ਤੀਕ ਕਿੰਜ ਅੱਪੜੇ। ਇਹਨਾਂ ਯੂਨਾਨੀ ਫ਼ੌਜ ਉੱਤੇ ਹਮਲਾ ਕਰ ਕੇ ਇਹਦਾ ਬੀ ਮਾਰ ਦਿੱਤਾ। ਜਿਨ੍ਹਾਂ ਭੱਜਣ ਨੱਸਣ ਦਾ ਜਤਨ ਕੀਤਾ ਉਹ ਦਰਿਆ ਦੀਆਂ ਤਿੱਖੀਆਂ ਉੱਛਲਾਂ ਦੇ ਟੇਟੇ ਚੜ੍ਹ ਗਏ। ਪੋਰਸ ਨੇ ਕੰਢੇ ਖੜ੍ਹ ਕੇ ਇਸ ਸਾਰੇ ਯੁੱਧ ਨੂੰ ਤੱਕਿਆ ਤੇ ਉਹਦਾ ਹੌਸਲਾ ਹੋਰ ਵੀ ਵਧਿਆ।"

ਇੱਥੇ ਇਹ ਯਾਦ ਰੱਖਣਾ ਚਾਹੀਦਾ ਏ ਕਿ ਸਿਕੰਦਰ ਨੇ ਜਿਹਲਮ ਦਰਿਆ ਜੁਲਾਈ ਦੇ ਮਹੀਨੇ ਪਾਰ ਕੀਤਾ ਸੀ। ਓਸ ਵੇਲੇ ਇੱਥੇ ਬਰਸਾਤਾਂ ਦਾ ਜ਼ੋਰ ਹੁੰਦਾ ਏ ਤੇ ਦਰਿਆ ਪੂਰੇ ਜੋਬਨਾਂ ਉੱਤੇ ਹੁੰਦੇ ਨੇ। ਇੱਕ ਰਾਤ ਜਦੋਂ ਹੜ੍ਹ ਦਾ ਜ਼ੋਰ ਸੀ, ਸਿਕੰਦਰ

ਨੇ ਪੋਰਸ ਤੋਂ ਅੱਖ ਬਚਾ ਕੇ ਦਰਿਆ ਪਾਰ ਕਰ ਲਿਆ। ਪਰ ਪਹਿਰਾ ਦਿੰਦੀ ਟੋਲੀ ਨਾਲ, ਜੀਹਦਾ ਆਗੂ ਪੋਰਸ ਦਾ ਪੁੱਤਰ ਸੀ, ਟਾਕਰਾ ਹੋ ਗਿਆ। ਏਸ ਟਾਕਰੇ ਵਿੱਚ ਪੋਰਸ ਦਾ ਪੁੱਤਰ ਤੇ ਮਾਰਿਆ ਗਿਆ ਪਰ ਉਹਦੇ ਹੱਥੋਂ ਸਿਕੰਦਰ ਦਾ ਲਾਡਲਾ ਘੋੜਾ ਵੀ ਮਾਰਿਆ ਗਿਆ। ਇਸੇ ਟੋਲੀ ਵਿੱਚੋਂ ਕਿਸੇ ਭੱਜ ਕੇ ਪੋਰਸ ਨੂੰ ਖ਼ਬਰ ਜਾ ਦਿੱਤੀ ਕਿ ਦੁਸ਼ਮਨ ਸਿਰ 'ਤੇ ਅੱਪੜ ਆਇਆ ਏ। ਪੋਰਸ ਦੇ ਪੁੱਤਰ ਦੀ ਲੜਾਈ ਦਾ ਹਾਲ ਈਰੀਨ ਇੰਝ ਬਿਆਨ ਦਾ ਏ, "ਕਈ ਦਿਨਾਂ ਦੀ ਉਡੀਕ ਮਗਰੋਂ ਇੱਕ ਅਨ੍ਹੇਰੀ ਰਾਤ ਸਿਕੰਦਰ ਨੇ ਦਰਿਆ ਪਾਰ ਕੀਤਾ। ਉਹ ਰਾਜ ਕੁਮਾਰ ਹੱਥੋਂ ਫੱਟੜ ਹੋਇਆ ਤੇ ਉਹਦਾ ਘੋੜਾ ਬਕਾਫਲਸ (Boukephala) ਵੀ ਮਾਰਿਆ ਗਿਆ।"

ਜਸਟਨ ਲੜਾਈ ਦਾ ਹਾਲ ਇੰਝ ਲਿਖਦਾ ਏ, "ਲੜਾਈ ਸ਼ੁਰੂ ਹੋਣ 'ਤੇ ਪੋਰਸ ਨੇ ਆਪਣੀ ਫ਼ੌਜ ਨੂੰ ਹਮਲਾ ਕਰਨ ਦਾ ਆਖਿਆ 'ਤੇ ਸਿਕੰਦਰ ਨੂੰ ਸਾਹਮਣੇ ਆ ਕੇ ਲੜਨ ਲਈ ਵੰਗਾਰਿਆ। ਪਰ ਪਹਿਲੇ ਈ ਹੱਲੇ ਵਿੱਚ ਉਹਦਾ ਘੋੜਾ ਮਾਰਿਆ ਗਿਆ ਤੇ ਉਹ ਆਪ ਭੋਏਂ 'ਤੇ ਆ ਡਿੱਗਾ। ਪਰ ਉਹਦੇ ਸਿਪਾਹੀਆਂ ਉਹਨੂੰ ਬਚਾ ਲਿਆ, ਜਿਹੜੇ ਤੁਰਤ ਉਹਦੀ ਇਮਦਾਦ ਲਈ ਅੱਪੜ ਪਏ ਸਨ।"

ਲੜਾਈ ਜਿਵੇਂ ਸ਼ੁਰੂ ਹੋਈ ਸੀ, ਇਹਦੀਆਂ ਘਟਨਾਵਾਂ ਦੱਸ ਪਾਉਂਦੀਆਂ ਨੇ ਕਿ ਲੜਾਈ ਡੀਗਰ ਵੇਲੇ ਤੀਕ ਹੁੰਦੀ ਰਹੀ। ਤੇ ਪੋਰਸ ਦੇ ਹਾਥੀਆਂ ਯੂਨਾਨੀ ਫ਼ੌਜ ਦਾ ਬੁਰੀ ਤਰ੍ਹਾਂ ਨਾਸ ਮਾਰਿਆ। ਜਿਵੇਂ ਕਰਟੀਸ ਲਿਖਦਾ ਏ "ਸਭ ਤੋਂ ਖ਼ੌਫ਼ਨਾਕ ਨਜ਼ਾਰਾ ਤਾਂ ਇਹ ਸੀ ਕਿ ਹਾਥੀ ਸੁੰਡ ਨਾਲ ਦੁਸ਼ਮਨ ਫ਼ੌਜ ਨੂੰ ਲਵ੍ਹੇਟ ਕੇ ਚੁਕਦੇ ਤੇ ਮਹਾਵਤ ਨੂੰ ਸੌਂਪ ਦਿੰਦੇ। ਮਹਾਵਤ ਇੱਕੋ ਵਾਰ ਵਿੱਚ ਉਹਨਾਂ ਦੀ ਧੌਣ ਜੁਸਿਓਂ ਵੱਖ ਕਰ ਛੱਡਦਾ ਸੀ। ਯੂਨਾਨੀ ਸਿਪਾਹੀ ਡਰਦੇ ਹਾਥੀਆਂ ਮੂਹਰੇ ਨਾ ਆਉਂਦੇ ਤੇ ਆਪਣੇ ਆਪ ਨੂੰ ਬਚਾਉਂਦੇ ਹੋਏ ਨੱਸ ਖਲੋਂਦੇ। ਇੰਝ ਲੜਾਈ ਚਲਦੀ ਰਹੀ ਤੇ ਸਾਰਾ ਦਿਨ ਪੂਰਾ ਹੋ ਗਿਆ।" ਡਾਇਵ ਡੋਰਸ ਵੀ ਲਿਖਦਾ ਏ "ਹਾਥੀ ਆਪਣੇ ਵੱਡੇ ਵਜੂਦ ਤੇ ਤਾਕਤ ਕਾਰਨ ਬੜੇ ਫ਼ਾਇਦੇਮੰਦ ਸਾਬਤ ਹੋਏ। ਉਹ ਦੁਸ਼ਮਨ ਨੂੰ ਪੈਰਾਂ ਹੇਠ ਮਧੋਲ਼ ਕੇ ਮਾਰਦੇ ਰਹੇ। ਪਹਿਲਾਂ ਇਹ ਹਾਥੀ ਆਪਣੀ ਸੁੰਡ ਨਾਲ ਲਵ੍ਹੇਟ ਕੇ ਉਤਾਂਹ ਚੁੱਕਦੇ ਤੇ ਫੇਰ ਜ਼ੋਰ ਨਾਲ ਭੋਏਂ 'ਤੇ ਮਾਰਦੇ। ਖ਼ਬਰੇ ਕਿੰਨੇ ਈ ਸਿਪਾਹੀ ਇਹਨਾਂ ਆਪਣੇ ਦੰਦਾਂ ਨਾਲ ਈ ਚਿੱਥ ਛੱਡੇ।" ਈਰੀਨ ਮੂਜਬ "ਉੱਚੇ ਕੱਦਾਂ ਵਾਲੇ ਹਾਥੀਆਂ ਪਿਆਦੇ-ਸਿਪਾਹੀਆਂ ਉੱਤੇ ਹਮਲਾ ਕੀਤਾ। ਉਹ ਜਿੱਧਰ ਵੀ ਜਾਂਦੇ ਯੂਨਾਨੀ ਫ਼ੌਜ ਨੂੰ ਮਿੱਧਦੇ ਹੋਏ ਅਗੇ ਵਧਦੇ ਜਾਂਦੇ।"

ਇੱਥੇ ਪੋਰਸ ਦੀ ਫ਼ੌਜ ਹੱਥੋਂ ਹੋਈ ਦੁਸ਼ਮਨ ਦੀ ਤਬਾਹੀ ਛੱਡ ਕੇ ਛੜਾ ਹਾਥੀਆਂ ਹੱਥੋਂ ਹੋਏ ਮਧੋਲ਼ ਬਾਰੇ, ਯੂਨਾਨੀ ਫ਼ੌਜ ਦੇ ਇਤਿਹਾਸਕਾਰਾਂ ਦੇ ਦਿੱਤੇ ਵੇਰਵੇ ਦੇ ਹੁੰਦਿਆਂ ਕਿੰਨੀ ਹੈਰਤ ਵਾਲੀ ਗੱਲ ਏ, ਕਿ ਈਰੀਨ ਜੋ ਸਿਕੰਦਰ ਦੇ ਤਵਾਰੀਖ਼ ਦਾਨਾਂ ਵਿੱਚ ਡਾਢਾ ਸਿਆਣਾ ਜਾਣਿਆਂ ਜਾਂਦਾ ਸੀ, ਲਿਖਦਾ ਏ, "ਜਿਹਲਮ (ਯਾਨੀ ਕਿ ਕਰਈ ਦੇ ਮੈਦਾਨ) ਦੀ ਲੜਾਈ ਵਿੱਚ ਯੂਨਾਨੀ ਫ਼ੌਜ ਦੇ ਸਿਰਫ਼ 80 ਪਿਆਦੇ ਤੇ 230 ਘੋੜ ਸਵਾਰ ਮਰੇ"। ਤੇ ਪੋਰਸ ਦੀ ਫ਼ੌਜ ਲਈ ਲਿਖਦਾ ਏ ਕਿ "ਇਹਦੇ 20,000 ਪਿਆਦੇ ਤੇ 3,000 ਘੋੜ ਸਵਾਰ ਮਾਰੇ ਗਏ। ਸਾਰੇ ਰੱਥਾਂ ਦਾ ਚੋਖਾ ਨੁਕਸਾਨ ਹੋਇਆ।"

ਜਦ ਕਿ ਇਹੋ ਈ ਲਿਖਾਰੀ ਪਹਿਲਾਂ ਆਪ ਈ ਲਿਖਦਾ ਏ ਕਿ "ਪੋਰਸ ਦੇ ਹਾਥੀ ਜਿਸ ਬੰਨੇ ਵੀ ਜਾਂਦੇ ਯੂਨਾਨੀ ਫ਼ੌਜ ਨੂੰ ਮਧੋਲੀ ਜਾਂਦੇ"। ਇੰਜ ਦੇ ਦੂਹਰੇ ਬਿਆਨਾਂ ਕਾਰਨ ਸਿਕੰਦਰ ਦੀ ਬਹਾਦਰੀ ਦੀਆਂ ਕੂੜੀਆਂ (ਗੱਲਾਂ) ਸੱਚੀਆਂ ਦਾਸਤਾਨਾਂ ਬਣੀਆਂ ਨੇਂ। ਬਦੇਸੀ ਨਸ਼ੇ ਵਿੱਚ ਇਹਨਾਂ ਈ ਗਲਾਂ ਨੂੰ ਠੀਕ ਮੰਨਿਆਂ ਗਿਆ ਏ। ਇੱਕ ਇਤਿਹਾਸਕਾਰ ਨੇ ਠੀਕ ਲਿਖਿਆ ਏ ਕਿ, "ਜਿਹਲਮ ਦੀ ਲੜਾਈ ਵਿੱਚ ਸਿਕੰਦਰ ਦੀ ਫ਼ੌਜੀ ਤਬਾਹੀ ਉੱਤੇ ਬੜੀ ਹੁਸ਼ਿਆਰੀ ਨਾਲ ਪਰਦਾ ਪਾਇਆ ਗਿਆ ਏ।"

(Cambridge Ancient History, Part 4, Page 409)

ਤਵਾਰੀਖ਼ ਵਿੱਚ ਜਿਹਲਮ ਦੇ ਯੁੱਧ ਵਿੱਚ

ਸਿਕੰਦਰ ਦੀ ਛੜੀ ਤਬਾਹੀ ਨੂੰ ਈ ਨਹੀਂ ਲੁਕਾਇਆ ਗਿਆ ਸਗੋਂ ਲੜਾਈ ਦੇ ਆਖ਼ਰੀ ਫ਼ੈਸਲੇ ਦਾ ਹਾਲ ਵੀ ਠੀਕ ਨਹੀਂ ਲਿਖਿਆ ਗਿਆ। ਜਿਵੇਂ ਲਿਖਿਆ ਗਿਆ ਏ "ਜਦੋਂ ਉਹਦੇ (ਪੋਰਸ ਦੇ) ਹਾਥੀ ਫੱਟੜ ਹੋਏ ਤਾਂ ਉਹਨਾਂ ਆਪਣੀ ਹੀ ਫ਼ੌਜ ਨੂੰ ਮਿੱਧ ਛੱਡਿਆ, ਤੇ ਅਖ਼ੀਰ ਵਿੱਚ ਉਹਨਾਂ ਨੂੰ ਦੁੰਬਿਆਂ ਦੇ ਵੱਗ ਹਾਰ ਲੜਾਈ ਦੇ ਮੈਦਾਨ ਵਿੱਚੋਂ ਹਿੱਕ ਕੇ ਬਾਹਰ ਕੱਢ ਦਿੱਤਾ ਗਿਆ।"

ਅਸਲ ਵਿੱਚ ਇਹ ਗੱਲ ਉੱਕਾ ਈ ਕੂੜ ਏ। ਜੇ ਅਸੀਂ ਇਸ ਗੱਲ ਨੂੰ ਸੱਚ ਮੰਨ ਈ ਲਈਏ ਤਾਂ ਇਹਦਾ ਮਤਲਬ ਏ ਜੋ ਪੋਰਸ ਦੇ ਹਾਥੀ ਲੜਾਈ ਵਿੱਚ ਨਾਕਾਮ ਹੋਏ ਹਾਥੀਆਂ ਦੇ ਡਰਨ ਤੇ ਤ੍ਰਹਿਣ ਹੱਥੋਂ ਪੋਰਸ ਦੀ ਆਪਣੀ ਹੀ ਫ਼ੌਜ ਦੀ ਤਬਾਹੀ ਹੋਈ। ਪਰ ਇੰਝ ਨਹੀਂ ਹੋਇਆ। ਓਸ ਵੇਲੇ ਦੇ ਮੇਸੀਡੋਨੀਆ ਤੇ ਯੂਨਾਨੀ ਹਾਕਮ ਜਿਹੜੇ ਸਿਕੰਦਰ ਦੇ ਮਰਨ ਪਿੱਛੋਂ ਏਸ਼ੀਆ ਵਿੱਚ ਆਪਣਾ ਰਾਜ ਕਾਇਮ ਕਰਨ ਲਈ ਆਪਸ ਵਿੱਚ ਲੜੇ, ਉਹ ਵੀ ਹਾਥੀਆਂ ਦੀ ਫ਼ੌਜ ਤੋਂ ਬਹੁਤ ਪਰੇਸ਼ਾਨ ਸਨ। ਇੱਥੋਂ ਸਾਫ਼ ਜ਼ਾਹਰ ਹੁੰਦਾ ਏ ਜੋ ਹਾਥੀਆਂ ਦੀ ਫ਼ੌਜ ਨੇ ਕਾਮਯਾਬ ਲੜਾਈ ਕੀਤੀ। ਯੂਨਾਨੀ ਫ਼ੌਜੀ ਅਫ਼ਸਰਾਂ ਖ਼ਾਸ ਤੌਰ ਸਲੋਕਸ ਉੱਤੇ ਇਹਦਾ ਬੜਾ ਚੰਗਾ ਅਸਰ ਹੋਇਆ। ਸਲੋਕਸ ਨੂੰ ਤਾਂ ਆਪ ਹਾਥੀਆਂ ਦੇ ਖ਼ਿਲਾਫ਼ ਜੰਗ ਕਰਨੀ ਪਈ ਜਦੋਂ ਉਹ ਸੀਰੀਆ ਦਾ ਹਾਕਮ ਬਣਿਆ। ਇਸ ਲੜਾਈ ਵਿੱਚ ਵਰਤੇ ਗਏ ਹਾਥੀ ਹਾਸਲ ਕਰਨ ਲਈ ਤਾਂ ਓਸ ਗਡਰੋਸ਼ੀਆ ਵਗ਼ੈਰਾ ਰਿਆਸਤਾਂ ਨੂੰ ਵੀ ਕੁਰਬਾਨ ਕਰ ਛੱਡਿਆ, ਤੇ ਹਾਥੀ ਨੂੰ ਈ ਇਹਨੇ ਆਪਣਾ ਖ਼ਾਨਦਾਨੀ ਨਿਸ਼ਾਨ (Royal Emblem) ਬਣਾਇਆ। ਇਹਦੇ ਹੁੰਦਿਆਂ ਵੀ ਜੇ ਮੰਨ ਲਈਏ ਕਿ ਜਿਹਲਮ ਦੀ ਲੜਾਈ ਵਿੱਚ ਇੱਕ ਵਾਰੀ ਹਾਥੀ ਬੌਂਦਲ ਕੇ ਪਿਛਾਂਹ ਪਰਤੇ, ਪਰ ਉਹ ਪੋਰਸ ਦੇ ਆਲੇ ਦੁਵਾਲੇ ਆ ਕੇ ਖਲੋ ਗਏ ਸਨ। ਪੋਰਸ ਨੇ ਲੜਾਈ ਲਈ ਉਹਨਾਂ ਦੀ ਅਗਵਾਈ ਕੀਤੀ ਤੇ ਦੁਸ਼ਮਨ ਦੀ ਫ਼ੌਜ ਦਾ ਬੁਰੀ ਤਰ੍ਹਾਂ ਨਾਸ ਮਾਰਿਆ। ਜਿਵੇਂ ਕਿ ਡਾਇਵਡਵਰਸ ਲਿਖਦਾ ਏ, "ਪੋਰਸ ਜਿਹੜਾ ਆਪ ਸਭ ਤੋਂ ਤਾਕਤਵਰ ਹਾਥੀ ਤੇ ਸਵਾਰ ਸੀ, ਇਸ ਘਟਨਾ ਨੂੰ ਵਿਹੰਦਿਆਂ ਆਪਣੇ 40 ਹਾਥੀ ਜਿਹੜੇ ਕਿ ਉਹਦੇ ਵਸ ਵਿੱਚ ਸਨ, ਇਕੱਠੇ ਕਰ ਕੇ ਦੁਸ਼ਮਨ 'ਤੇ ਟੁੱਟ ਪਿਆ ਤੇ ਦੁਸ਼ਮਨ ਫ਼ੌਜ ਦਾ ਬੁਰਾ ਹਾਲ ਕੀਤਾ।"

ਪੋਰਸ ਤੇ ਸਿਕੰਦਰ ਦੀ ਇਸ ਲੜਾਈ ਬਾਬਤ ਈਥੋਪਿਕ (Ethiopic) ਬਾਬ ਵਿੱਚ ਸ਼ਾਇਦ ਇਹ ਸੱਚਾਈ ਮਹਿਫ਼ੂਜ਼ ਏ ਕਿ ਸਿਕੰਦਰ ਪੋਰਸ ਤੋਂ ਜਿੱਤ ਨਹੀਂ ਸਕਿਆ।

"ਪੋਰਸ ਦੇ ਖ਼ਿਲਾਫ਼ ਲੜਾਈ ਵਿੱਚ ਸਿਕੰਦਰ ਦੇ ਢੇਰ ਘੋੜ ਸਵਾਰ ਮਾਰੇ ਗਏ। ਇਸ ਲਈ ਉਹਦੀ ਫ਼ੌਜ ਦੁਖੀ ਹੋ ਕੇ ਕੁੱਤਿਆਂ ਹਾਰ ਚੀਕਣ ਚਹਾੜਨ ਲੱਗੀ। ਸਿਕੰਦਰ ਦੇ ਕਈ ਫ਼ੌਜੀਆਂ ਨੇ ਆਪਣੇ ਹਥਿਆਰ ਸੁੱਟ ਕੇ ਪੋਰਸ ਦੀ ਫ਼ੌਜ ਨਾਲ ਰਲਣਾ ਚਾਹਿਆ। ਸਿਕੰਦਰ ਨੂੰ ਜਿਹੜਾ ਆਪ ਈ ਮੁਸੀਬਤ ਵਿੱਚ ਸੀ, ਇਹ ਪਤਾ ਲੱਗਾ ਤਾਂ ਉਹਨੇ ਲੜਾਈ ਰੋਕਣ ਦਾ ਹੁਕਮ ਦਿੱਤਾ ਤੇ ਇੰਜ ਵਿਰਲਾਪ ਕਰਣ ਲੱਗਾ। "ਉਹ ਭਾਰਤੀ ਸਮਰਾਟ ਪੋਰਸ ! ਮੈਨੂੰ ਮਾਫ਼ ਕਰ। ਮੈਂ ਤੇਰੀ ਬਹਾਦਰੀ ਤੇ ਤਾਕਤ ਨੂੰ ਜਾਣ ਗਿਆਂ। ਹੋਰ ਤਕਲੀਫ਼ ਨਹੀਂ ਬਰਦਾਸ਼ਤ ਹੁੰਦੀ। ਮੇਰਾ ਦਿਲ ਡਾਢਾ ਦੁਖੀ ਏ। ਮੈਂ ਇਸੇ ਵੇਲੇ ਆਪਣੀ ਹਯਾਤੀ ਮਿਟਾਉਣੀ ਚਾਹੁੰਦਾ ਹਾਂ। ਪਰ ਮੈਂ ਨਹੀਂ ਚਾਹੁੰਦਾ ਕਿ ਇਹ ਸਭ ਲੋਕ ਜਿਹੜੇ ਮੇਰੇ ਨਾਲ ਏਥੇ ਆਏ ਨੇ ਬਰਬਾਦ ਹੋ ਜਾਣ, ਕਿਉਂ ਜੋ ਮੈਂ ਈ ਉਹ ਬੰਦਾ ਆਂ ਜਿਹੜਾ ਇਹਨਾਂ ਨੂੰ ਇੱਥੇ ਮੌਤ ਦੇ ਮੂੰਹ ਵਿੱਚ ਲੈ ਕੇ ਆਇਆਂ। ਇਹ ਇੱਕ ਰਾਜੇ ਵਾਸਤੇ ਉੱਕਾ ਵਾਜਬ ਨਹੀਂ ਕਿ ਉਹ ਆਪਣੇ ਸਿਪਾਹੀਆਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਦੇਵੇ।"

(The Life and Exploits of Alexander: from Ethiopic Text, edited by E. A. Wallis Budge, Page 132)

ਪੁਰਾਣੇ ਯੂਰਪੀ ਤਵਾਰੀਖ਼-ਦਾਨਾਂ ਦੇ ਲਿਖਣ ਮੂਜਬ, ਸਿਕੰਦਰ ਨੇ ਜਿਹਲਮ ਦੇ ਯੁੱਧ ਦੇ ਅਖ਼ੀਰ ਵਿੱਚ ਪੋਰਸ ਨਾਲ ਮਿੱਤਰਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਉੱਤੇ ਦਿੱਤੇ ਈਥੋਪਿਕ ਦੇ

ਬਿਆਨ ਵਿੱਚ ਵੀ ਤਾਂ ਸਿਕੰਦਰ ਨੇ ਈ ਸੁਲ੍ਹਾ ਦੀ ਕੋਸ਼ਿਸ਼ ਕੀਤੀ ਸੀ। ਈਰੀਨ ਤੋਂ ਇਹ ਜਾਣਕਾਰੀ ਮਿਲਦੀ ਏ ਜੋ ਸਿਕੰਦਰ ਨੇ ਪਹਿਲਾਂ ਤਕਸ਼ਸ਼ਲਾ ਦੇ ਰਾਜੇ ਨੂੰ ਸੁਲ੍ਹਾ ਦਾ ਪੈਗ਼ਾਮ ਦੇ ਕੇ ਘੱਲਿਆ, ਪਰ ਪੋਰਸ ਆਪਣੇ ਪੁਰਾਣੇ ਦੁਸ਼ਮਨ ਨੂੰ ਓਦੋਂ ਈ ਮੁਕਾ ਛੱਡਣਾ ਚਾਹੁੰਦਾ ਸੀ ਜੇ ਉਹ ਓਥੋਂ ਭੱਜ ਨਾ ਜਾਂਦਾ। ਕਰਟੀਸ ਦੇ ਕਹਿਣ ਮੂਜਬ ਸੁਲ੍ਹਾ ਦਾ ਪੈਗ਼ਾਮ ਲੈ ਕੇ ਜਾਣ ਵਾਲਾ ਤਕਸ਼ਸ਼ਲਾ ਦਾ ਰਾਜਾ ਨਹੀਂ ਸੀ। ਉਹਦਾ ਭਰਾ ਸੀ, ਜਿਹਨੂੰ ਪੋਰਸ ਨੇ ਮਾਰ ਦਿਤਾ ਸੀ। ਈਰੀਨ ਦੇ ਕਹਿਣ ਮੂਜਬ "ਪੋਰਸ ਨਾਲ ਸੁਲ੍ਹਾ ਕਰਨ ਦੀ ਇਸ ਨਾਕਾਮ ਕੋਸ਼ਿਸ਼ ਤੋਂ ਬਾਅਦ ਸਿਕੰਦਰ ਨੇ ਪੋਰਸ ਨੂੰ ਪੈਗ਼ਾਮ 'ਤੇ ਪੈਗ਼ਾਮ ਘੱਲੇ। ਆਖ਼ਰ ਮਰੌਸ ਨੂੰ ਘੱਲਿਆ ਜੋ ਇੱਕ ਭਾਰਤੀ ਸੀ। ਕਿਉਂ ਜੋ ਸਿਕੰਦਰ ਨੂੰ ਪਤਾ ਸੀ ਕਿ ਇਹ ਬੰਦਾ ਪੋਰਸ ਦਾ ਪੁਰਾਣਾ ਦੋਸਤ ਏ।" ਈਰੀਨ ਦੇ ਇਸ ਬਿਆਨ ਤੋਂ ਪੋਰਸ ਦੇ ਹਾਰਨ ਦਾ ਨਹੀਂ ਸਗੋਂ ਇਹ ਸੱਚ ਜ਼ਾਹਰ ਹੁੰਦਾ ਏ ਕਿ ਸਿਕੰਦਰ ਪੋਰਸ ਨਾਲ ਸੁਲ੍ਹਾ ਕਰਨ ਲਈ ਬੜਾ ਪਰੇਸ਼ਾਨ ਸੀ।

ਇੰਜ ਜੇ ਅਸੀਂ ਜਿਹਲਮ ਦੇ ਯੁੱਧ ਦਾ ਲੇਖਾ ਕਰੀਏ, ਜਿਹੜਾ ਪੱਛਮੀ ਲੇਖਕਾਂ ਇੱਕ-ਪੱਖੀ ਕੀਤਾ ਏ ਤਾਂ ਇਹ ਪੂਰੀ ਤਰ੍ਹਾਂ ਸਾਬਤ ਹੁੰਦਾ ਏ ਜੋ ਪੋਰਸ ਈ ਇਸ ਜੰਗ ਦਾ ਜੇਤੂ ਸੀ। ਜਿਵੇਂ ਉੱਤੇ ਬਿਆਨ ਕੀਤਾ ਗਿਆ ਏ ਜੋ ਸੁਲ੍ਹਾ ਵਾਸਤੇ ਸਿਕੰਦਰ ਈ ਕਰਜ਼ਦਾਰ ਬਣਿਆ ਸੀ। ਇੰਝ ਇਹ ਵੀ ਏ ਜੋ ਲੜਾਈ ਪੂਰੀ ਤਰ੍ਹਾਂ ਖ਼ਤਮ ਹੋਣ ਤੋਂ ਪਹਿਲਾਂ ਈ ਸਿਕੰਦਰ ਨੂੰ ਸੁਲ੍ਹਾ ਲਈ ਹੱਥ ਪੈਰ ਮਾਰਨੇ ਪਏ। ਕਿਉਂ ਜੋ ਉਹ ਸਮਝ ਗਿਆ ਸੀ ਕਿ ਜੇ ਜੰਗ ਜਾਰੀ ਰਹੀ ਤਾਂ ਉਹ ਮਾਰਿਆ ਜਾਵੇਗਾ। ਏਸ ਲਈ ਪ੍ਰਾਚੀਨ ਆਰੀਆ ਖੱਤਰੀ ਧਰਮ 'ਤੇ ਅਟੱਲ ਰਹਿਣ ਵਾਲੇ ਸੂਰਮੇ ਪੋਰਸ ਨੇ ਪਰਤ ਕੇ ਸਿਕੰਦਰ ਉੱਤੇ ਹਮਲਾ ਨਾ ਕੀਤਾ, ਤੇ ਇੰਝ ਇਹਨਾਂ ਦੋਹਾਂ ਵਿੱਚ ਸੁਲ੍ਹਾ ਹੋ ਗਈ। ਇਸ ਲੜਾਈ ਤੋਂ ਬਾਅਦ ਸਿਕੰਦਰ ਨੇ (ਮੈਂ ਆਪਣੀ ਕਿਤਾਬ "ਭਾਰਤ ਵਰਸ਼" ਵਿੱਚ ਲਿਖਿਆ ਏ) ਪੋਰਸ ਦੇ ਰਾਜ ਦੇ ਨੇੜੇ ਤੇੜੇ ਦੇ ਇਲਾਕਿਆਂ ਨੂੰ ਫ਼ਤਿਹ ਕਰਨ ਲਈ ਉਹਦੀ ਮੱਦਦ ਕੀਤੀ।

ਪਰ ਯੂਰਪੀ ਤਵਾਰੀਖ਼-ਦਾਨਾਂ ਸਿਕੰਦਰ ਦੇ ਭਾਰਤੀ ਹਮਲੇ ਦੀਆਂ ਕਹਾਣੀਆਂ ਵਿੱਚ ਸਿਕੰਦਰ ਦੇ ਜਿਹਲਮ ਯੁੱਧ ਵਿੱਚ ਹਾਰ ਉੱਤੇ ਪਰਦਾ ਘੱਤਣ ਦੀ ਕੋਸ਼ਿਸ਼ ਕੀਤੀ ਏ। ਅਤੇ ਇਸੇ ਕਾਰਨ ਇਹ ਜਾਲ੍ਹਸਾਜ਼ੀ ਕੀਤੀ ਏ ਜੋ ਸਿਕੰਦਰ ਨੇ ਪੋਰਸ ਦੀ ਬਹਾਦਰੀ ਦੇ ਅਸਰ ਹੇਠ ਆ ਕੇ ਉਹਨੂੰ ਆਪਣਾ ਮਿੱਤਰ (Allied) ਬਣਾ ਕੇ ਉਹਦਾ ਰਾਜ ਮੋੜ ਦਿੱਤਾ। ਪੜ੍ਹਨ ਹਾਰਾਂ ਨੂੰ ਪਤਾ ਹੋਣਾ ਚਾਹੀਦਾ ਏ ਕਿ ਸਿਕੰਦਰ ਐਡਾ ਵੀ ਰਹਿਮ-ਦਿਲ ਨਹੀਂ ਸੀ। ਉਹ ਆਪਣੇ ਮੁਖ਼ਾਲਫ਼ਾਂ ਦੇ ਮਾਮਲੇ ਵਿੱਚ ਬੜਾ ਕਠੋਰ ਸੀ। ਉਹਦੇ ਲਈ ਬਕਟੇਰੀਆ ਦੇ ਪਾਰਸੀ ਗਵਰਨਰ ਬੀਸੋਸ (Besos) ਨਾਲ ਕੀਤੇ ਧੱਕੇ ਨੂੰ ਮੂਹਰੇ ਰੱਖਿਆ ਜਾ ਸਕਦਾ ਏ। ਬੀਸੋਸ ਆਪਣੇ ਦੇਸ ਦੀ ਆਜ਼ਾਦੀ ਲਈ ਅਖ਼ੀਰ ਤੀਕ ਬੜੀ ਦਲੇਰੀ ਨਾਲ ਲੜਦਾ ਰਿਹਾ। ਈਰੀਨ ਨੇ ਲਿਖਿਆ ਏ "ਜਿਸ ਵੇਲੇ ਉਹਨੂੰ ਫੜ ਕੇ ਸਿਕੰਦਰ ਦੇ ਸਾਹਮਣੇ ਲਿਆਂਦਾ ਗਿਆ ਤਾਂ ਸਿਕੰਦਰ ਨੇ ਉਹਨੂੰ ਕੋੜੇ ਮਰਵਾਏ ਤੇ ਬਾਅਦ ਵਿੱਚ ਉਹਦੇ ਨੱਕ ਤੇ ਕੰਨ ਕਟਵਾ ਛੱਡੇ"। ਦੂਜੇ ਗਵਰਨਰਾਂ ਨਾਲ ਵੀ ਜਿਨ੍ਹਾਂ ਬੀਸੋਸ ਦੀ ਮਦਦ ਕੀਤੀ, ਇੰਝ ਦਾ ਈ ਵਿਹਾਰ ਕੀਤਾ। ਇਸ ਤੋਂ ਅਲਾਹਵਾ ਕੈਲਥਨੀਜ਼ ਜਿਹੜਾ ਕਿ ਇਹਦੇ ਗੁਰੂ ਅਰਸਤੂ (Aristotle) ਦਾ ਭਤੀਜਾ ਸੀ, ਉਹਨੇ ਸਿਕੰਦਰ ਦੇ ਏਸ ਧਰੋ ਦੇ ਖ਼ਿਲਾਫ਼ ਆਵਾਜ਼ ਚੁੱਕੀ, ਉਹਨੂੰ ਵੀ ਸਿਕੰਦਰ ਨੇ ਗ੍ਰਿਫ਼ਤਾਰ ਕਰਕੇ ਮਰਵਾ ਛੱਡਿਆ। ਕੇਲਟਸ, ਜਿਹੜਾ ਕਿ ਸਿਕੰਦਰ ਦੀ ਦਾਈ (ਜਿਹਨੂੰ ਇਹ ਮਾਂ ਸਮਾਨ ਸਮਝਦਾ ਸੀ) ਦਾ ਭਰਾ ਸੀ, ਉਹਨੂੰ ਆਪਣੇ ਹੱਥੀਂ ਕਤਲ ਕੀਤਾ। ਉਹਦਾ ਕਸੂਰ ਸਿਰਫ਼ ਐਨਾ ਸੀ ਕਿ ਉਹਨੇ ਸਿਕੰਦਰ ਦੇ ਪਿਓ ਫ਼ਿਲਪ ਦੇ ਕਾਰਨਾਮਿਆਂ ਦੀ ਬਹੁਤੀ ਤਾਰੀਫ਼ ਕੀਤੀ। ਇੱਕ ਜੰਗ ਵਿੱਚ ਤਾਂ ਉਹਨੇ ਸਿਕੰਦਰ ਦੀ ਜਾਨ ਵੀ ਬਚਾਈ ਸੀ। ਆਪਣੇ ਪਿਓ ਦੇ ਵਫ਼ਾਦਾਰ ਫ਼ੌਜੀ ਸਰਦਾਰ ਪਾਰਮੀਨੱਸਣ ਦਾ ਕਤਲ ਵੀ ਸਿਕੰਦਰ ਦੇ ਈ ਲੜ ਲੱਗਦਾ ਏ। ਹਨ੍ਹੇਰੇ ਦਾ ਫ਼ਾਇਦਾ ਚੁਕ ਕੇ ਭਾਰਤੀ ਸਾਨ ਕੰਨ (ਜਿਹਨੂੰ ਸਿਕੰਦਰ ਨੇ ਮਾਫ਼ ਵੀ ਕਰ ਦਿੱਤਾ ਸੀ ਤੇ ਜਾਣ ਦੀ ਇਜਾਜ਼ਤ ਵੀ ਦੇ ਦਿੱਤੀ

ਸੀ) ਨੂੰ ਕਤਲ ਕਰਨ ਤੇ, ਪਲੋਟਾਰਕ ਨੇ ਆਪ ਵੀ ਇਹਦੀ ਇਸ ਨੀਚ ਹਰਕਤ ਦੀ ਸਖ਼ਤ ਨਿੰਦਿਆ ਕੀਤੀ ਤੇ ਲਿਖਿਆ ਏ।

This rests as a foul blot on his martial fame …

ਇੰਝ ਸਿਕੰਦਰ ਦੀ ਸਾਰੀ ਤੂਫ਼ਾਨੀ ਯੁੱਧ ਯਾਤਰਾ, ਬਸਤੀਆਂ ਦੀ ਬਰਬਾਦੀ, ਯੂਨਾਨੀਆਂ ਤੇ ਬਾਲਾਂ ਦੇ ਖ਼ੂਨ ਨਾਲ ਭਰੀ ਹੋਈ ਏ। ਮਸਾਲ ਦੇ ਤੌਰ ਤੇ ਸਿੰਧ ਵਿੱਚ ਵੀ ਉਹਨੇ ਇੰਝ ਈ ਕੀਤਾ। ਅਜਿਹੇ ਬੰਦੇ ਥੀਂ ਇਹ ਆਸ ਰੱਖਣੀ ਕਿ ਉਹ ਇੱਕ ਸੂਰਮੇ ਦੀ ਕਦਰ ਕਰੇਗਾ ਤੇ ਉਹਦਾ ਰਾਜ ਉਹਨੂੰ ਮੋੜ ਦੇਵੇਗਾ, ਵੱਡਾ ਭੁਲੇਖਾ ਏ। ਸਿਕੰਦਰ ਦੀ ਮਹਾਨਤਾ ਵਖਾਉਣ ਲਈ ਇੱਕ ਦੂਜਾ ਕੂੜ ਵੀ ਘੜਿਆ ਤੇ ਲਿਖਿਆ ਗਿਆ ਏ ਕਿ ਜਿਹਲਮ ਵਾਲੀ ਲੜਾਈ ਮਗਰੋਂ ਸਿਕੰਦਰ ਨੇ ਇੱਕ ਵੱਡਾ ਇਲਾਕਾ ਪੋਰਸ ਨੂੰ ਤੋਹਫ਼ੇ ਦੇ ਤੌਰ 'ਤੇ ਦਿੱਤਾ। ਪਰ ਅਸਲ ਗੱਲ ਇੰਝ ਏ। ਪੋਰਸ ਇੱਕ ਤਾਕਤਵਰ ਤੇ ਉੱਚੇ ਇਰਾਦਿਆਂ ਵਾਲਾ ਰਾਜਾ ਸੀ। ਉਹ ਆਪਣੇ ਰਾਜ ਦਾ ਘੇਰਾ ਮੋਕਲਾ ਕਰਨਾ ਚਾਹੁੰਦਾ ਸੀ। ਉਹਨੇ ਸਿਕੰਦਰ ਦੇ ਆਉਣ ਤੋਂ ਪਹਿਲਾਂ ਈ ਅਭੀਸਾਰ ਦੇ ਰਾਜਾ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਰਾਜ ਦਾ ਘੇਰਾ ਵੱਡਾ ਕੀਤਾ। ਸਿਕੰਦਰ ਦੇ ਅਚਨਚੇਤ ਆਉਣ ਕਰ ਕੇ, ਉਹਨੇ ਆਪਣੇ ਸਾਰੇ ਕੰਮ ਛੱਡ ਕੇ ਸਿਕੰਦਰ ਵੱਲ ਮੂੰਹ ਕੀਤਾ। ਸਿਕੰਦਰ ਨਾਲ ਨਜਿੱਠਣ ਮਗਰੋਂ ਪੋਰਸ ਨੇ ਆਪਣੇ ਇਸ ਇਰਾਦੇ ਨੂੰ ਪੂਰਿਆਂ ਕੀਤਾ ਤੇ ਉਹਦਾ ਰਾਜ ਵਿਆਸ (ਬਿਆਸ) ਨਦੀ ਤੀਕ ਫੈਲ ਗਿਆ।

ਇਹਨਾਂ ਸਾਰੀਆਂ ਗੱਲਾਂ ਦੇ ਜ਼ਿਕਰ ਮਗਰੋਂ ਇਹ ਸਮਝਣਾ ਔਖਾ ਨਹੀਂ ਕਿ ਅਸਲ ਵਿੱਚ "ਪੋਰਸ ਜਿੱਤਿਆ ਸੀ ਤੇ ਸਿਕੰਦਰ ਹਾਰਿਆ ਸੀ"।

(ਸਾਲ ਨਾਮਾ ਹਿੰਦਵਾਸੀ, 29 ਮਈ 1955)

ਹਵਾਲੇ:

1. Cambridge Ancient History, Part 4, Page 40
2. The Life and Exploits of Alexander, from Ethiopic Text, edited by E. A. Wallis Budge, Page 1321

■

# ਸ਼ਾਇਰੀ

## ਨਜਮ ਹੁਸੈਨ ਸੱਯਦ ਦੀਆਂ ਪੰਜ ਰਚਨਾਵਾਂ

### 1

### ਪੰਜ ਪੀਰ

ਜਿਹੜੇ ਖ਼ਲਕ ਦੀ ਘਾਲ ਨਮੋਸ਼ੀ ਜੁਗ ਜੁਗ ਜਾਏ ਨੇਂ
ਜਿਹੜੇ ਰੰਗ ਰੰਗ ਬਾਨੇ ਲਾ ਕੇ ਮੁਲਖੋ ਮੁਲਖ ਫਿਰਨ
ਜਿਹਨਾਂ ਬੋਲ ਬੇੜੀ ਵਿੱਚ ਬਹਿ ਕੇ ਗਾਹੀਆਂ ਪੰਜ ਨੀਏ
ਜਿਹਨਾਂ ਜੀਭ ਰੜੀ ਵਿੱਚ ਸਾਡੀ ਅਖਰਾਂ ਦੇ ਬੀਂ ਕੇਰੇ
ਜਿਹਨਾਂ ਧੁਖਣੀ ਰਾਤ ਨਿਸਾਰੀ  ਦਿਹ ਦੀ ਕਰ ਗੋਡੀ
ਜਿਹੜੇ ਘੁਟ ਵਰਤਾ ਗਏ ਸਾਂਝਾ ਭੇਤ ਅਰੂੜੀ ਚੋਂ
ਜਿਹੜੇ ਜਾਗ ਹੋਣੀ ਦੀ ਲਾ ਗਏ ਕਲ ਦੀ ਰਿੜਕੀ ਨੂੰ
ਜਿਹਨਾਂ ਗੰਢ ਨਾਲੇ ਪਰਨਾਲੇ ਦਿਲ ਦਰਿਆ ਕੀਤੇ
ਜਿਹੜੇ ਤਖ਼ਤ ਫ਼ਕੀਰੀ ਤਖ਼ਤਾ ਦੇ ਗਏ ਉੜਿਆਂ ਨੂੰ
ਉਹ ਫ਼ਰੀਦ ਦਮੋਦਰ ਨਾਨਕ ਉਹ ਗੁਰਦਾਸ ਹੁਸੈਨ
ਉਹ ਬਾਹੂ ਉਹ ਬੁੱਲ੍ਹਾ ਵਾਰਸ ਬਰਖੁਦਦਾਰ ਨਜ਼ਾਬਤ
ਉਹ ਮੁਹੰਮਦ ਕਾਦਰ ਯਾਰ ਉਹ ਸਚਲ ਗੁਲਾਮ ਫ਼ਰੀਦ
ਖ਼ਾਲਕ ਖ਼ਲਕ ਰਲਾ ਗਏ ਹਿਕ ਕਰ ਅਰਜ਼ ਸਮਾਅ
ਹੁਣ ਜਣੀ ਖਣੀ ਨੂੰ ਆਖਣ ਅਨਹਦ ਨਾਦ ਸੁਣਾ।

■

## 2

### ਨਜ਼ਮ

ਜਿਹਨਾਂ ਜਾਣਾ ਹਾ ਉਹ ਤੇ ਟੁਰ ਗਏ
ਚਾੜ੍ਹ ਕੇ ਜੰਦਰੇ ਤੇਰ ਮੇਰ ਦੇ
ਲਾ ਗਏ ਖ਼ਲਕ ਨੂੰ ਭੁੱਖ ਦੁੱਖ ਦੀ ਕੋਠੀ
ਬੋਹੜ ਵੀ ਆਉਣਾ ਨੇਂ
ਲਾਈਆਂ ਜਦ ਨਾ ਪੁੱਗੀਆਂ ਸਾਈਆਂ ਡੁੱਬ ਗਈਆਂ
ਮੇਲਾ ਪਾਉਣਾ ਨੇਂ
ਤਸਬੇ ਕਿਓਂ ਖੜਕਾਈਏ ਪੱਰੁਤੇ ਉਹਨਾਂ ਦੇ
ਇਕ ਦੂਜੀ ਨੂੰ ਜੋੜ ਜੁਗਾੜ ਨਾ ਲਾਈਏ
ਨਵੇਆਂ ਅੱਖਰਾਂ ਦੇ।

■

## 3

### ਲੱਗੀ ਵਾਲੀਆਂ

ਇਹ ਨੀਏ ਵੈਹਣ ਸਦਾ ਨੇਂ
ਘੱਤੋ ਘੋਲ ਘਚੋਲਾ
ਇਹਨਾਂ ਪੁਣ ਕਢਣਾ ਏ
ਇਹ ਆਪ ਸਮੰਦਰ ਵਾ ਨੇਂ
ਪੁਨਿਆ ਉਢ ਰਲਨਾ ਏ
ਵਰਹ ਜਾਣੈ ਅਣ ਪੋਹਿਆ
ਵਤ ਹੜ੍ਹ ਚੜਨਾ ਏ
ਪਟ ਖੜਨਾ ਏ ਜਿਸ ਗੰਦ ਕਰਖ਼ਾਨਾ ਤੁਹਾਡਾ।

■

## 4

### ਅਲਖ

ਲਿਖਿਆ ਸੋ ਜੋ ਪੜ੍ਹਿਆਂ ਨੂੰ ਸਮਝ ਨਾ ਆਵੇ
ਸੌਖਿਆਂ ਵਾਤੇ ਔਖਾ ਹੋਵੇ
ਔਖਿਆਂ ਵਾਤੇ ਸੌਖਾ
ਪੂਰੇ ਛਡਣ ਅਧੂਰਾ ਕਰ ਕੇ
ਕਰਣ ਅਧੂਰੇ ਪੂਰਾ
ਲਿਖਿਆ ਸੋ ਜੋ ਮਿਟ ਗਿਆ ਲਿਖਿਆਂ
ਲੋਏ ਨ ਪੜ੍ਹਿਆ ਜਾਵੇ।

■

## 5

### ਸ਼ਿਕਾਰ ਦੀ ਸਿਆਸਤ ਤੇ ਇਕ ਵੈਬ ਸਾਈਟ ਚੋਂ

ਬਿੱਲੀਆਂ ਖ਼ਬਰੇ ਕਦੋਂ ਤੋਂ ਸਾਡੇ ਆਈਆਂ ਨੇਂ
ਪਿਛੋਂ ਸ਼ਿਕਾਰੀ ਹੋਈਆਂ
ਸੋ ਮੰਗ ਖਾਵਣ ਤੇ ਖੋਹ ਖਾਵਣ ਵਿੱਚ
ਕਿਤਨੀ ਨੇੜ ਹੈ ਕਿਤਨੀ ਦੂਰੀ
ਇਹ ਨਿਤ ਖੇਡ ਵਿਖਾਵਣ
ਖਾਦਾ ਹੋਵੇ ਤਾਂ ਸਹਿਜ ਸਰੂਰ ਸਮਾਵਣ ਸਾਥੋਂ ਵੱਖਰਾ ਏ
ਹਾਂ ਸੁੱਤਿਆਂ ਪਿਆਂ ਹਵਾ ਵੀ ਲੰਘੇ ਕੋਲੋਂ ਕੰਨ ਭਵਾਵਣ
ਬੰਨਿਆਂ ਤੇ ਆਹਮੋ ਸਾਮ੍ਹਣੇ ਹੋਰ ਅਵਾਜ਼ਾਂ ਕਢ ਡਰਾਵਣ
ਭੋਗ ਨੂੰ ਜੰਗ ਤੇ ਜੰਗ ਨੂੰ ਭੋਗ ਬਣਾਵਣ
ਕੁਝ ਸਾਡਾ ਏ ਕੁਝ ਉਹਨਾਂ ਦਾ
ਸੋ ਇਹ ਨਿਰਵਾਰ ਕੋਈ ਸੌਖਾ ਨਹੀਂ
ਜੋ ਬਿੱਲੀਆਂ ਕੋਲੋਂ ਪੜ੍ਹਿਆ ਅਸੀਂ
ਕਿ ਬਿੱਲੀਆਂ ਅਸੀਂ ਪੜ੍ਹਾਈਆਂ ਨੇਂ?

■

## ਨਜ਼ਮ

**ਸਲੀਮ ਸ਼ਹਿਜ਼ਾਦ**

ਸਾਡੀ ਅੱਖ ਦੇ ਡੋਰੇ ਕੱਢੋ
ਸਾਡੀ ਜੀਭ ਦੇ ਮੋਰੇ ਕੱਢੋ
ਸਾਡੇ ਅੰਦਰੋਂ ਦੌਰੇ ਕੱਢੋ

ਝੀਤਾਂ ਪਾ ਕੇ ਕੰਨ ਦੇ ਪਿੱਛੇ
ਹੱਥਾਂ ਦੇ ਵੀ ਘੋਰੇ ਕੱਢੋ

ਪੋਰਾਂ ਦੇ ਵੀ ਪੋਰੇ ਕੱਢੋ
ਉਂਗਲ਼ਾਂ ਦੇ ਹਲਕੋਰੇ ਕੱਢੋ

ਪੈਰਾਂ ਉੱਤੇ ਕਲਮਾਂ ਬੰਨ੍ਹ ਕੇ
ਕਾਗ਼ਜ਼ ਸਾੜੋ, ਕੋਰੇ ਕੱਢੋ

ਗੰਢ ਦੇ ਉੱਤੇ ਖੱਖਰ ਸਿੱਟੋ
ਸੱਪਾਂ ਦੇ ਵੀ ਖੋਰੇ ਕੱਢੋ

ਫ਼ੌਜਾਂ ਦੇ ਹੁਣ ਤੋਰੇ ਕੱਢੋ
ਕਿੱਲੇ ਉੱਤੇ ਬੰਨ੍ਹ ਕੇ ਸਾਨੂੰ
ਕਫ਼ਨ ਅਸਾਥੋਂ ਕੋਰੇ ਕੱਢੋ।

■

# ਅਮਰਜੀਤ ਚੰਦਨ ਦੀਆਂ ਦੋ ਨਜ਼ਮਾਂ

## ਅਪੋਲੋ ਮੰਦਿਰ ਡਿਡਿਮ

*(ਤੁਰਕੀ ਦੇ ਸ਼ਹਿਰ ਇਜ਼ਮਿਰ ਕੋਲ਼ ਡਿਡਿਮ ਵਿੱਚ 22 ਜੁਲਾਈ 2006 ਨੂੰ ਲਿਖਾਰੀਆਂ ਦੇ ਹੋਏ ਆਲਮੀ ਜੋੜ ਮੇਲੇ ਵੇਲੇ ਲਿਖੀ)*

### ਜਗਦਾ ਸੀ ਸੰਝ ਦਾ ਤਾਰਾ

ਅਪੋਲੋ ਮੰਦਿਰ ਦੇ ਅੰਬਰ 'ਤੇ
ਤਣਿਆ ਚੰਦੋਆ
ਉੱਚੇ-ਉੱਚੇ ਪੱਥਰ ਥੰਮ੍ਹਾਂ ਚੁੱਕਿਆ

ਦੂਰ-ਦਰਾਜ਼ੋਂ ਆਣ ਜੁੜੇ ਸਨ
ਲਿਖਾਰੀ ਸ਼ਬਦ ਪੁਜਾਰੀ ਪ੍ਰੇਮ ਭਿਖਾਰੀ
ਮੰਦਰ ਦੇ ਖੰਡਰਾਂ ਦੇ ਅੰਦਰ
ਅਰਜ਼ ਗੁਜ਼ਾਰੀ ਗਾਈ ਆਰਤੀ ਧਿਆਨ
ਧਰਾਇਆ
ਜਿਨ ਗੁਮਨਾਮ ਕਿਰਤੀਆਂ ਜਾਨ ਗੁਆਈ
ਜੋੜ-ਜੋੜ ਕੇ ਪੱਥਰ-ਪੱਥਰ ਵਰ੍ਹਿਆਂ-ਬੱਧੀ
ਤਿੰਨ ਸਾਲ ਹਜ਼ਾਰਾਂ ਪਹਿਲਾਂ

ਲਿਖਾਰੀ ਸ਼ਬਦ ਪੁਜਾਰੀ ਕੀਤੀ ਰਚਨਾ
ਹਰ ਕਵਿਤਾ ਮੰਦਿਰ ਹੈ
ਹਰ ਕਵੀ ਹੈ ਕਿਰਤੀ
ਕਰਦਾ ਰਚਨਾ ਜੋੜ-ਜੋੜ ਕੇ ਅੱਖਰ-ਅੱਖਰ
ਇਹ ਕਵਿਤਾ ਦਾ ਮੰਦਿਰ ਬਿਨ ਬਾਰੀ ਬੇਦਰ ਹੈ
ਖੁੱਲ੍ਹਦਾ ਦਸੋ ਦਿਸ਼ਾਵਾਂ *
ਜਿਸਦੀ ਆਸਮਾਨ ਹੀ ਛੱਤ ਹੈ

ਸਾਰਾ ਵੇਲਾ ਰਹੀ ਚੂਕਦੀ ਨਿੱਕੜੀ ਚਿੜੀਆ
ਦੋ ਪੰਛੀ ਉੜਦੇ ਦੇਖਣ ਦਰਸ ਨਜ਼ਾਰਾ
ਖੰਭ ਖੰਭਾਂ ਨੂੰ ਛੂਹੰਦੇ ਚੁੰਮਦੇ

ਇਹ ਸਭ ਕੁਝ ਦੇਖ-ਦੇਖ ਕੇ
ਹੋਰ ਵੀ ਲਿਸ਼ਕਣ ਲੱਗਾ
ਸੰਝ ਦਾ ਤਾਰਾ

■

** ਭਾਰਤੀ ਫ਼ਲਸਫ਼ੇ ਵਿਚ ਚਾਰ ਨਹੀਂ, ਦਸ ਸਿਮਤਾਂ ਮੰਨੀਆਂ ਜਾਂਦੀਆਂ ਹਨ। ਅਪੋਲੋ ਯੂਨਾਨੀਆਂ ਦਾ ਸੂਰਜ ਤੇ ਦਾਨਾਈ ਦਾ ਦੇਵਤਾ ਹੈ*

## ਰੱਬ ਦੀਆਂ ਘੜੀਆਂ ਦਾ ਅਜਾਇਬਘਰ

ਘੜਿਆਲ ਪਏ ਸਨ ਘਰ ਅਜੂਬੇ ਅੰਦਰ
ਮੋਏ ਸਮੇਂ ਦੇ ਪਿੰਜਰ
ਸਦੀਆਂ ਪਹਿਲਾਂ ਵੱਜਿਆ ਕਰਦੇ ਚੜ੍ਹੇ ਕਲੀਸੇ

ਪਿੰਡ ਦਰਵੱਜੇ ਘੰਟੇਘਰ ਵਿਚ
ਕਰਦੇ ਖ਼ਬਰਾਂ:
ਜਾਗਦੇ ਰਹਿਣਾ ਰੱਬ ਦੇ ਬੰਦਿਓ
ਭੁੱਲਣਾ ਨਾਹੀਂ ਹਰ ਵੇਲਾ ਹੈ ਸਿਮਰਨ ਵੇਲਾ

ਯਸੂਦੁਆਰੇ
ਚਾਬੀ ਦਿੰਦੇ ਭਗਤਜਨ ਰਲ਼ ਕੇ
ਦੂਹਰੇ ਹੋ ਕੇ
ਜਿਉਂ ਪੱਠੇ ਕੁਤਰੇ ਟੋਕਾ
ਟੁੱਕ ਟੁੱਕ ਸੁੱਟਦਾ ਪਲ ਪਲ ਛਿਣ ਛਿਣ

ਧੁੱਪ ਤੇ ਜਲਥਲ ਰੇਤ-ਘੜੀ ਨਾ' ਜਦ ਗੱਲ ਬਣੀ ਨਾ
ਬੰਦੇ ਗੱਡਿਆ ਲੋਹਾ ਤਾਂਬਾ ਪਾਈ ਗਰਾਰੀ ਕੱਸ ਕਮਾਣੀ
ਹਿੱਲਣ ਲੱਗੀ ਜਿਉਂ ਪਾਰਾ ਕੰਬੇ ਦਿਲ ਧੜਕੇ ਹੈ

ਘੜੀਆਂ ਕੀ ਸਨ
ਲਗਦਾ ਸੀ ਜਿਉਂ ਮੰਜੇ ਡੱਠੇ
ਸੇਰੂ ਪਾਵੇ ਦੇ ਵਿਚ ਫਸਿਆ
ਪਾਵਾ ਸੇਰੂ ਦੇ ਵਿਚ
ਦੰਦਾ ਦੰਦੇ ਦੇ ਵਿਚ ਅੜਿਆ
ਵਕਤ ਨਾ ਖੜ੍ਹਿਆ
ਭੁਰ ਗਏ ਦੰਦੇ

ਗੁਨਹੀਂ ਭਰਿਆ
ਦਾਨਾ ਬੀਨਾ ਦਾਨਿਸ਼ਵਰ
ਬੈਠਾ ਰਾਵਣ ਬੰਦਾ
ਬੰਨ੍ਹ ਕੇ ਕਾਲ਼ ਪਾਵੇ ਦੇ ਨਾਲ਼
ਕਾਲ਼ ਤੁੜਾ ਕੇ ਸੰਗਲ਼ ਨੱਸਾ
ਗੇੜੇ ਕੱਢਦਾ ਰਾਮ ਦੀ ਲੀਲਾ
ਪਿੰਡਾ ਕਾਲ਼ਾ ਮੋਢੇ ਭਾਲ਼ਾ ਲਹੂ ਦਾ ਰੰਗਿਆ
ਖ਼ਲਕਤ ਵੇਂਹਦੀ ਚੁੱਪ ਕਰਕੇ ਕੁਛ ਡਰ ਕੇ ਵੀ

ਚਾਰੇ ਪਾਸੇ ਘੜੀਆਂ ਪਈਆਂ

ਚਿਰ ਦਾ ਖੜ੍ਹਿਆ ਕਮਾਦ ਵੇਲਣਾ
ਨਿਤ ਨਪੀੜੀ ਜਾਂਦਾ ਬੰਦਾ
ਇਕ ਨਾ ਅੱਧਾ ਤਿੰਨ ਵੇਲਣੇ
ਚੇਤੇ ਆਇਆ ਚਲੇ ਘੁਲਾੜੀ ਬਾਂਦਰ ਬੈਠਾ ਗੰਨੇ ਲਾਉਂਦਾ
ਬਣ ਕੇ ਬੀਬਾ ਘਰ ਦਾ ਕਾਮਾ

ਹੱਸਦੇ-ਹੱਸਦੇ ਗੱਡਿਆਂ ਜਿੱਡੀਆਂ ਘੜੀਆਂ ਤਕ ਕੇ
ਦੇਰ ਹੋਈ ਘਰਾਂ ਨੂੰ ਪੁੱਜੇ ਘੜੀ ਨਾ' ਬੱਝੇ
ਸੌਂ ਗਏ ਗੱਲਾਂ ਕਰਦੇ ਕਰਦੇ
ਗੁੱਟਾਂ ਉੱਤੋਂ ਲਾਹ ਕਰ ਘੜੀਆਂ॥

■

*ਡੈੱਨਮਾਰਕ ਦੇ ਸ਼ਹਿਰ ਆਰਹੁਸ ਦੇ ਗਾਮਲਬਿਊ (ਯਾਨੀ ਪੁਰਾਣਾ ਪਿੰਡ) ਵਿਚ ਚਰਚ ਦੇ ਘੜਿਆਲਾਂ ਦਾ ਅਜਾਇਬਘਰ ਹੈ*

# ਦੋ ਨਜ਼ਮਾਂ

**ਸਰਵਤ ਮੁਹੀਉੱਦੀਨ**

## 1

ਖ਼ਬਰੇ
ਹੋਣੀ ਕੀ ਏ...
ਕਿਉਂ ਹੁੰਦੀ ਏ
ਬੱਸ
ਹੋ ਜਾਂਦੀ ਏ
ਤੇ ਹੋ ਕੇ ਈ ਰਹਿੰਦੀ ਏ
ਬੰਦਾ ਖੜਾ ਖਲੋਤਾ
ਤੱਕਦਾ ਰਹਿ ਜਾਂਦਾ ਏ
ਸੋਚੀਂ ਪੈ ਜਾਂਦਾ ਏ
ਇੰਜ ਹੁੰਦਾ ਤੇ ਕੀ ਹੁੰਦਾ
ਉਂਜ ਹੁੰਦਾ ਤੇ ਫੇਰ ਕੀ ਹੁੰਦਾ...
ਸੋਚਾਂ ਅੰਦਰ ਡੁੱਬਦਾ ਤਰਦਾ
ਰਹਿੰਦਾ ਏ
ਤੇ ਹੋਣੀ ਹੋ ਜਾਂਦੀ ਏ!

■

## 2

ਸੁੰਜੀਆਂ ਗਲੀਆਂ ਦੇ ਵਿੱਚ
ਕਿਧਰੇ
ਕਦੀਂ ਕਦਾਈਂ
ਸੁਣ ਜਾਂਦੇ ਨੇਂ
ਕੁਝ ਗਵਾਚੇ ਹਾਸੇ...

■

# ਤੂੰ ਏਧਰ ਦਾ ਮੈਂ ਓਧਰ ਦਾ

**ਹਰਸ਼ ਕੁਮਾਰ 'ਹਰਸ਼'**

ਆ ਮਿੱਤਰਾ ਗਲਵਕੜੀ ਪਾਈਏ, ਵਜਦੇ ਦੋ ਦੋ ਢੋਲ ਪਏ,
ਸੋਨ-ਕੁਠਾਲੀ ਪਿਆਰ ਤਪਾਈਏ, ਸਾਂਝੇ ਖੂਹੀਂ ਡੋਲ ਪਏ,
ਮੁੱਕੇ ਨ੍ਹੇਰਾ ਵਗੇ ਚਾਨਣਾ, ਉੱਡਣ ਰੰਗ ਸਿੰਧੂਰੀ ਹੋ!
ਛੱਡ ਲੜਾਈ ਝਗੜੇ ਖਾਈਏ ਲੈ ਦਾਦੀ ਤੋਂ ਚੂਰੀ ਹੋ!

ਕੰਡੇ ਸੂਲਾਂ ਨਰਮ ਪੈ ਗਏ, ਪੱਤ ਪੈ ਗਏ ਸੁੱਕਿਆਂ ਨੂੰ,
ਠੰਡੀ ਮਿੱਠੀ ਧੁੱਪ ਖਿੜੀ ਏ, ਕਹਿ ਦੇ ਬੇਲੀ ਸੁੱਤਿਆਂ ਨੂੰ,
ਅੱਜ ਹਰ ਬੇਲੀ ਆਪਣਾ ਲਗਦੈ, ਹੱਦ ਸ਼ਰੀਕਾਚਾਰੀ ਹੋ!
ਸੱਪ-ਨਿਓਲਾ ਇਕ ਹੋ ਬੈਠੇ, ਝਾਕੇ ਬੈਠ ਮਦਾਰੀ ਹੋ!

ਰੱਜ ਕਮਾਈਏ, ਰੱਜ-ਰੱਜ ਖਾਈਏ, ਜਨਤਾ ਪੜ੍ਹੀ ਲਿਖੀ ਹੋਵੇ,
ਖੇਲ-ਆਤਿਸ਼ੀ ਹੋਏ ਪੁਰਾਣੇ, ਨਵੀਂ ਸਵੇਰ ਖਿੜੀ ਹੋਵੇ,
ਆ ਮਹਿਰਮਾਂ ਸੌਹਾਂ ਖਾਈਏ, ਚੁੱਕ ਕਿਸੇ ਨਾ ਆਈਏ ਹੋ!
ਹੱਥੀਂ ਛਾਂਵਾਂ ਕਰ ਵੰਡੀਏ, ਨਾ ਚੋਰੀਂ ਯਾਰੀ ਲਾਈਏ ਹੋ!

ਬੱਸਾਂ-ਗੱਡੀਆਂ ਆਣਾ-ਜਾਣਾ, ਮੇਲ ਦਿਲਾਂ ਦੇ ਹੁੰਦੇ ਰਹਿਣ,
ਸਭਿਆਚਾਰਕ ਉਰਸ ਦਿਹਾੜੇ, ਖੇਲ ਤਮਾਸ਼ੇ ਹੁੰਦੇ ਰਹਿਣ,
ਦੁੱਖ ਮੁਸੀਬਤ ਕੁਦਰਤ ਦਿੱਤੇ, ਰਲ ਮਿਲ ਅਸੀਂ ਮੁਕਾਈਏ ਹੋ!
ਅੜੇਥੁੜੇ ਇਕ ਦੂਜੇ ਦੀ ਬਾਂਹ, ਫ਼ੜਕੇ ਪਾਰ ਲੰਘਾਈਏ ਹੋ!

ਤੂੰ ਏਧਰ ਦਾ ਮੈਂ ਓਧਰ ਦਾ, ਆ ਮੁੜ ਆਈਏ ਜਾਈਏ ਜੀ,
ਹਰਿਆਲੀ ਤੇ ਖੁਸ਼ਹਾਲੀ ਦੇ, ਗੀਤ-ਬਹਿਸ਼ਤੀ ਗਾਈਏ ਜੀ,
ਦੋ ਦੇਸਾਂ ਦਾ ਰੰਗ ਬਸੰਤੀ, ਵੰਡੀਏ ਫੁੱਲਾਂ ਤਾਣੀਂ ਹੋ!
ਮੁੜ ਮਿਲਾਪ ਦੇ ਪਿੱਪਲ ਬੋਹੜੀਂ, ਮਹਿਕੀ ਰੁੱਤ ਨਿਮਾਣੀ ਹੋ!

■

# ਮੁਹੰਮਦ ਅਲੀ ਮੁਜ਼ਤਰ ਦੀਆਂ ਤਿੰਨ ਗ਼ਜ਼ਲਾਂ

## 1

ਅੱਖਾਂ ਦੀ ਰਖਵਾਲੀ ਰੱਖ
ਐਨਕ ਭਾਵੇਂ ਕਾਲ਼ੀ ਰੱਖ

ਜਿਵੇਂ ਰਾਤ ਹਨੇਰੀ ਏ
ਦਿਲ ਦਾ ਦੀਵਾ ਬਾਲ਼ੀ ਰੱਖ

ਉੱਤੋਂ ਰਾਵਣ ਨੱਚਣ ਦੇ
ਵਿੱਚੋਂ ਰਾਮ ਦਿਵਾਲ਼ੀ ਰੱਖ

ਗੁੱਸਾ, ਗਿਲ੍ਹਾ, ਕਾਮ, ਕਰੋਧ
ਏਨੇ ਸੱਪ ਨਾ ਪਾਲ਼ੀ ਰੱਖ

ਇੱਕੋ ਯਾਰ ਨਾਲ਼ ਯਾਰੀ ਲਾ
ਦੁਸ਼ਮਣ ਪੈਂਤੀ ਚਾਲੀ ਰੱਖ

ਚੰਨਾ ਦਿਲ ਦੀਆਂ ਗੱਲਾਂ ਨੂੰ
ਗੱਲੀਂ ਬਾਤੀਂ ਟਾਲ਼ੀ ਰੱਖ

ਮੁਜ਼ਤਰ ਮੰਜ਼ਿਲ ਆ ਪੁੱਜੀ
ਜੋੜੀ ਖੋਲ ਪੰਜਾਲ਼ੀ ਰੱਖ

■

## 2

ਟੁਰਦਾ ਜਾਵੀਂ ਸਿੱਧੇ ਹੱਥ
ਸੌ ਸਿਆਣੇ ਇੱਕੋ ਮੱਤ

ਸ਼ਾਲਾ ਐਵੇਂ ਵਿੱਸ ਨਾ ਘੋਲ਼
ਤੇਰੀ ਮੇਰੀ ਇੱਕੋ ਰੱਤ

ਸੱਜੇ ਖੱਬੇ ਵੈਰੀ ਤੇਰੇ
ਵੈਰੀ ਤੇਰੇ ਪੰਜ ਨਾ ਸੱਤ

ਧੱਕਾ ਖਾ ਕੇ ਸਿੱਧਾ ਹੋਇਆ
ਕੁੱਬੇ ਨੂੰ ਰਾਸ ਆ ਗਈ ਲੱਤ

ਸੌਹਰਿਆਂ ਤੋਂ ਸੱਦਾ ਆਇਆ
ਉੱਠ ਧੀਏ ਹੁਣ ਸੂਤ ਨਾ ਕੱਤ

ਚਿੱਤ ਨਾ ਚੇਤੇ ਵਾਂਗ ਬਰੇਤੇ
ਸੁੱਕੇ ਅੰਬਰ ਡਿੱਗੀ ਛੱਤ

ਊਠਾਂ ਵਾਲ਼ੇ ਲਾਹ ਕੇ ਲੈ ਗੈ
ਹਰੀਆਂ ਟਾਹਣੀਆਂ, ਕੱਚੇ ਪੱਤ

ਦੁਨੀਆ ਹੰਜੂ ਰੋਵੈ ਮੁਜ਼ਤਰ
ਮੈਂ ਰੋਵਾਂ ਉੱਬਲਦੀ ਰੱਤ

■

# 3

ਚੰਨਾ ਵੇ ਤੇਰੀ ਚਾਨਣੀ, ਤਾਰਿਆ ਵੇ ਤੇਰੀ ਲੋ
ਚੰਨ ਪਕਾਵੇ ਰੋਟੀਆਂ, ਤਾਰਾ ਲਵੇ ਕਨਸੋ

ਅਸੀਂ ਸਾਏ ਸਿਖ਼ਰ ਦੁਪਹਿਰ ਦੇ ਸਾਨੂੰ ਕੰਧਾਂ ਲਿਆ ਲੁਕੋ
ਸਾਨੂੰ ਜਿਥੇ ਆਖਿਆ ਯਾਰ ਨੇ, ਅਸੀਂ ਓਥੇ ਰਹੇ ਖੜੋ

ਮੈਂ ਕਰਾਂ ਤੇ ਕੱਲੀ ਕੀ ਕਰਾਂ? ਕਦੇ ਹੱਸ ਪਵਾਂ ਕਦੇ ਰੋ
ਕਦੇ ਚਰਖ਼ਾ ਉੱਠ ਕੇ ਡਾਹ ਲਵਾਂ, ਕਦੇ ਚੱਕੀ ਦੇਵਾਂ ਝੋ

ਅੱਜ ਲਹਿਰਾਂ ਖਾਵਣ ਪੈਂਦੀਆਂ, ਅੱਜ ਭੁੱਖਾ ਘੁੰਮਣ ਘੇਰ
ਤੂੰ ਬੇੜੀ ਠੇਲ ਮਹਾਨਿਆਂ! ਜੋ ਰੱਬ ਕਰੇ ਸੋ ਹੋ

ਅਸੀਂ ਹੱਸ ਹੱਸ ਉਮਰ ਲੰਘਾ ਲਈ, ਤੈਨੂੰ ਸ਼ੱਕ ਨਾ ਦਿੱਤਾ ਪੈਣ
ਜੋ ਜ਼ਖ਼ਮ ਸੀ ਤੇਰੇ ਹਿਜਰ ਦੇ, ਉਹ ਤੈਥੋਂ ਲੈ ਲੁਕੋ

ਸੋਚਾਂ ਦੇ ਤੰਬੂ ਤਾਣ ਕੇ, ਅਸੀਂ ਵੇਲ਼ਾ ਲਿਆ ਲੰਘਾ
ਯਾਦਾਂ ਦੇ ਧਾਗੇ ਕੱਤ ਕੇ, ਅਸੀਂ ਹੰਝੂ ਲੈ ਪਰੋ

ਸਭਨਾਂ ਦੇ ਸਾਂਝੇ ਰਾਂਝਣਾ! ਤੂੰ ਜਾਵੇਂ ਕਿਹੜੇ ਰਾਹ
ਤੇਰਾ ਆਸ਼ਕ ਕੁਲ ਜਹਾਨ ਏ ਤੇਰੇ ਆਸ਼ਕ ਇੱਕ ਨਾ ਦੋ

ਮੈਂ ਸੂਰਜ ਅੱਧੀ ਰਾਤ ਦਾ, ਮੇਰੇ ਬਰਫ਼ਾਂ ਚਾਰ ਚੁਫ਼ੇਰ
ਮੇਰੀ ਅੱਗ ਤਾਂ ਅੱਗੇ ਬੁਝ ਗਈ, ਮੇਰਾ ਨੂਰ ਨਾ ਮੈਥੋਂ ਖੋ

ਕੱਲ ਤਾਰਿਆਂ ਹੇਠ ਖੜੋ ਕੇ ਮੈਂ ਮੁਜ਼ਤਰ, ਅੱਧੀ ਰਾਤ
ਜਦ ਖਿੜਕੀ ਖੋਲ੍ਹੀ ਵਕਤ ਦੀ ਆਈ ਸਦੀਆਂ ਦੀ ਖ਼ੁਸ਼ਬੋ

■

# ਤਨਵੀਰ ਬੁਖ਼ਾਰੀ ਦੀਆਂ ਦੋ ਗ਼ਜ਼ਲਾਂ

## 1

ਪਿਆ ਮੁੱਲ ਨਹੀਂ ਮੇਰਾ ਤੇ ਕੀ ਹੋਇਆ, ਕਦਰ ਓਸ ਦੀ ਕਿਉਂ ਨਾ ਪਾਈ ਲੋਕਾਂ
ਮੀਟ ਮੀਟ ਕੇ ਅੱਖੀਆਂ ਚੰਨ ਵੱਲੋਂ ਅੰਨ੍ਹੀਆਂ ਹੋਣ ਦੀ ਹੱਦ ਮੁਕਾਈ ਲੋਕਾਂ

ਭਾਵੇਂ ਉਮਰ ਭਰ ਚਿੱਟੜੇ ਦੇਂਹ ਵਾਂਗੂ ਨੇਕੀ ਮੇਰੀ ਏ ਅੱਖੀਂ ਤਕਾਈ ਲੋਕਾਂ
ਪਰ ਉਹਦੇ ਮੁਕਾਬਲੇ ਵਿੱਚ ਮੇਰੀ, ਦੇਣੀ ਫੇਰ ਵੀ ਨਹੀਂ ਸਫ਼ਾਈ ਲੋਕਾਂ

ਗੁੱਠੇ ਲਗ ਕੇ ਕੱਟ ਲੈ ਭੈੜ ਦੇ ਦੇਂਹ, ਦਿੱਤਾ ਇਜ਼ਨ ਨਾ ਸ਼ੋਹਦੀ ਨੂੰ ਕਾਈ ਲੋਕਾਂ
ਰਾਤੀਂ ਪਰ੍ਹੀਆ ਦੇ ਵਿੱਚ ਸਲਾਹ ਕਰ ਕੇ,ਕੱਢ ਛਡੀ ਏ ਪਿੰਡੋਂ ਸੱਚਾਈ ਲੋਕਾਂ

ਫਿੰਡ ਫਿੰਡ ਕੇ ਜਿੰਦ ਨੂੰ ਫਿੰਡ ਵਾਂਗੂ, ਕੀਤੀ ਧਾਈਆਂ ਦੇ ਵਾਂਗ ਫੰਡਾਈ ਲੋਕਾਂ
ਮਾਰ ਮਾਰ ਕੇ ਠੇਡੜੇ ਹੱਟ ਹੱਟ ਕੇ, ਮੈਨੂੰ ਜੀਣ ਦੀ ਜਾਚ ਸਿਖਾਈ ਲੋਕਾਂ

ਗ਼ਲੀ ਗ਼ਲੀ ਦੇ ਵਿੱਚ ਖੁਸ਼ਬੂ ਵਾਂਗੂ ਇਹ ਗੱਲ ਚਾ ਕਿਵੇਂ ਧੁਮਾਈ ਲੋਕਾਂ
ਜਿਹਦੇ ਸਾਹਵਾਂ ਦੇ ਨਾਲ਼ ਪਿਆ ਸਾਹ ਲੈਨਾ ਵੇਖ ਲਈ ਉਹ ਚੀਜ਼ ਹਵਾਈ ਲੋਕਾਂ

ਇਸ਼ਕ ਅੜਭ ਕੁਮੱਤੇ ਦੀ ਪੱਖ ਪਾਰੋਂ ਚਘ ਛੱਡੀ ਏ ਮੇਰੀ ਦਾਨਾਈ ਲੋਕਾਂ
ਮੇਰੇ ਨਾਲ ਨਾ ਕਰਣ ਉਹ ਗੱਲ ਸਿਆਣੀ ਸਮਝ ਲਿਆ ਏ ਮੈਨੂੰ ਸੋਦਾਈ ਲੋਕਾਂ

ਡੁੱਬ ਡੁੱਬ ਤਖ਼ਲੀਕ ਦੇ ਨਸ਼ੇ ਅੰਦਰ ਲੋਰ ਲੁੱਟਦਾ ਰਹਿਆਂ ਬੁਖ਼ਾਰੀਆ ਮੈਂ
ਛਾਪ ਛਾਪ ਕੇ ਲਿਖਤਾਂ ਮੇਰੀਆਂ ਨੂੰ ਕੀਤੀ ਰੱਜ ਕੇ ਜਿਵੇਂ ਕਮਾਈ ਲੋਕਾਂ

■

## 2

ਹੁਸਨ ਅੱਖੀਆਂ ਵਿੱਚ ਪਿਆ ਹਜ਼ਮ ਕਰਨਾਂ, ਹੋਇਆ ਸੁੰਨ ਮੈਂ ਹੈਰਤ ਦੇ ਨਾਲ ਨਹੀਂ ਜੀ
ਸੱਤੇ ਰੰਗ ਸਮੇਟ ਕੇ ਵਿੱਚ ਨੈਣਾਂ, ਅਜੇ ਰੱਜਿਆ ਮੇਰਾ ਖ਼ਿਆਲ ਨਹੀਂ ਜੀ

ਮੇਰੇ ਮੱਥੇ 'ਤੇ ਵੱਜੀਆਂ ਇੰਜ ਲੀਕਾਂ, ਜਿਵੇਂ ਤਖ਼ਤੀ 'ਤੇ ਲਿੱਖਦੇ ਬਾਲ਼ ਨਹੀਂ ਜੀ
ਜਿਹੋ ਜਿਹਾ ਪੈ ਵੇਖਦੇ ਹੋ ਬਾਹਰੋਂ, ਮੇਰਾ ਅੰਦਰੋਂ ਏਹੋ ਜਿਹਾ ਹਾਲ ਨਹੀਂ ਜੀ

ਰਹਿਨਾਂ ਪਿਛਾਂਹ ਦੋ ਪੈਰ ਮੈਂ ਜੱਗ ਕੋਲੋਂ, ਅੱਗੇ ਲੰਘਦਾ ਮਾਰ ਕੇ ਛਾਲ਼ ਨਹੀਂ ਜੀ
ਪਤਾ ਨਹੀਂ ਕਿਓਂ ਲੋਕੜੇ ਵੈਰ ਪੈ ਗੈ, ਮੈਂ ਕਦੇ ਵਿਖਾਇਆ ਕਮਾਲ ਨਹੀਂ ਜੀ

ਵੱਗ ਪੀੜਾਂ ਦਾ ਆਪੇ ਈ ਚਾਰਨੇ ਆਂ, ਅਸਾਂ ਰੱਖਿਆ ਕੋਈ ਭਿਆਲ ਨਹੀਂ ਜੀ
ਖੈਰ ਨਾਲ਼ ਇਹ ਸਾਰਾ ਈ ਆਪਣਾ ਏ, ਕਿਸੇ ਹੀਰ ਸਿਆਲ ਦਾ ਮਾਲ ਨਹੀਂ ਜੀ

ਵਿੱਚੋਂ ਗੱਲ ਦਿਓਂ ਨਿਕਲੇ ਗੱਲ ਜਿਵੇਂ, ਵਿੱਚੋਂ ਨਹਿਰ ਦਿਓਂ ਨਿਕਲ਼ਦਾ ਖਾਲ਼ ਨਹੀਂ ਜੀ
ਚੋ ਲਵੋ ਹਯਾਤੀ ਦਾ ਨੂਰ ਜਿਵੇਂ, ਡੂਨਾ ਭਰੀ ਦਾ ਡੋਕਿਆਂ ਨਾਲ਼ ਨਹੀਂ ਜੀ

ਕੀਤਾ ਕੈਦ ਸਮੁੰਦਰ ਨੂੰ ਵਿੱਚ ਕੁੱਜੇ, ਆਖ ਦੇਣਾ ਤੇ ਕੋਈ ਮਹਾਲ ਨਹੀਂ ਜੀ
ਚੁੰਝ ਭਰ ਕੇ ਚਿੜੀ ਜਿਓਂ ਸਮਝਦੀ ਏ, ਪਾਣੀ ਨੈਂ 'ਚ ਰਹਿਆ ਰਵਾਲ ਨਹੀਂ ਜੀ

ਵਾਂਗ ਬੁੱਤ ਦੇ ਕੁਸਕਦਾ ਬੋਲਦਾ ਨਹੀਂ, ਲੱਗੀ ਹੋਈ ਜਿਵੇਂ ਅਲਫ਼ੀ ਬੁੱਲ੍ਹੀਆਂ 'ਤੇ ਜੀ
ਓਥੇ ਖੜਾ ਹੈ ਅੱਜ ਤਨਵੀਰ ਜ਼ੋਰੇ, ਜਿਥੇ ਬੋਲਣ ਦੀ ਹੁੰਦੀ ਮਜਾਲ ਨਹੀਂ ਜੀ

■

# ਤੁਫ਼ੈਲ ਖ਼ਲਸ਼ ਦੀਆਂ ਦੋ ਗ਼ਜ਼ਲਾਂ

## 1

ਮੈਂ ਖ਼ਾਕ ਹਾਂ, ਹਵਾ ਹਾਂ, ਪਾਣੀ ਹਾਂ, ਨਾਰ ਹਾਂ
ਅਸਮਾਨਾਂ ਤੇ ਜ਼ਮੀਨ ਵਿੱਚ ਅਜ਼ਲਾਂ ਦਾ ਪਿਆਰ ਹਾਂ

ਪਾਣੀ ਦੀ ਤਹਿ ਦੇ ਵਿੱਚ ਨਾ ਮੈਨੂੰ ਤਲਾਸ਼ ਕਰ
ਮੈਂ ਤਾਰਿਆਂ ਤੋਂ ਦੂਰ ਹਾਂ, ਸੂਰਜ ਤੋਂ ਪਾਰ ਹਾਂ

ਮੇਰੇ ਚਾਰ ਚਫ਼ੇਰੇ ਫਿਰਦੇ ਚਰਾਗ਼ਾਂ ਦੇ ਵਾਂਗ ਲੋਕ
ਮੈਂ ਜ਼ਿਦਗੀ ਦੇ ਸ਼ਹਿਰ ਵਿੱਚ ਫਿਰਦਾ ਮਜ਼ਾਰ ਹਾਂ

ਹਰ ਬੋਲ ਕੌੜਾ ਨਿਕਲਦਾ ਮੇਰੀ ਜ਼ਬਾਨ ਚੋਂ
ਮੈਂ ਨਫ਼ਰਤਾਂ ਦਾ ਮਾਰਿਆ ਗ਼ਮ ਦਾ ਸ਼ਿਕਾਰ ਹਾਂ

ਲੱਗਦਾ ਏ ਤੈਨੂੰ ਦੁੱਖ ਦੀਆਂ ਧੁੱਪਾਂ ਨੇ ਸਾੜਿਆ
ਮੇਰੇ ਨਾ ਸਾਏ ਬੈਠੀਂ ਮੈਂ ਉੱਲਰੀ ਦੀਵਾਰ ਹਾਂ

ਹਰ ਪਾਸਿਓਂ ਯਜ਼ੀਦੀ ਫ਼ੌਜਾਂ ਨੇ ਘੇਰਿਆ
ਵੇਲੇ ਦੀ ਕਰਬਲਾ ਦਾ ਮੈਂ ਕੱਲਾ ਸਵਾਰ ਹਾਂ

ਕੱਟਿਆ ਮੇਰੀ ਜ਼ਬਾਨ ਨੂੰ ਵੇਲੇ ਦੇ ਹਾਕਮਾਂ
ਮੈਂ ਖ਼ਲਿਸ਼ ਤੇਰੇ ਸ਼ਹਿਰ ਵਿੱਚ ਗੂੰਗੀ ਪੁਕਾਰ ਹਾਂ

■

## 2

ਹਿੱਕ ਨਾਲ਼ ਚੀਰਾਂ ਸੱਤ ਸਮੁੰਦਰ, ਹੱਥ ਪਤਾਲ ਨੂੰ ਲਾਵਾਂ
ਤਾਰੇ ਗੱਡਾਂ ਧਰਤੀ ਉੱਤੇ, ਪੀਂਘ ਅੰਬਰਾਂ 'ਤੇ ਪਾਵਾਂ

ਘੁੱਪ ਹਨੇਰੇ ਖਾ ਜਾਂ ਸਾਰੇ ਜੇ ਵੱਸ ਹੋਵੇ ਮੇਰੇ
ਧਰਤੀ ਨੂਰੋ-ਨੂਰ ਕਰਾਂ ਮੈਂ, ਸੂਰਜ ਮੱਥੇ ਲਾਵਾਂ

ਉਧਮਾਂ ਵਾਲੇ ਪਹਾੜਾਂ ਵਿੱਚੋਂ, ਰਸਤੇ ਨਵੇਂ ਬਣਾਉਂਦੇ
ਉਹ ਨਹੀਂ ਮੰਜ਼ਿਲ ਉੱਤੇ ਪੁੱਜਦੇ, ਜਿਹੜੇ ਪੁੱਛਦੇ ਰਾਹਵਾਂ

ਅਸਮਾਨਾਂ ਵੱਲ ਤੱਕਣ ਵਾਲੇ, ਧਰਤੀ ਨੂੰ ਭੁੱਲ ਜਾਂਦੇ
ਹੱਥੀਂ ਕੁਝ ਨਹੀਂ ਕਰਦੇ, ਐਵੇਂ ਮੰਗਦੇ ਰਹਿਣ ਦੁਆਵਾਂ

ਆਪਣੇ ਆਪਣੇ ਜ਼ਰਫ਼ ਦੀ ਗੱਲ ਏ, ਫ਼ਰਕ ਦੱਸੇ ਵਰਤਾਰਾ
ਪਹਾੜ ਨਾ ਖਿਸਕੇ ਆਪਣੀ ਥਾਂ ਤੋਂ ਰੁਖ਼ ਬਦਲੇ ਦਰਿਆਵਾਂ

ਮੁੱਦਤ ਪਿੱਛੋਂ ਜਦ ਮੈਂ ਜਾ ਕੇ, ਆਪਣੇ ਪਿੰਡ ਨੂੰ ਤੱਕਿਆ
ਬੰਦੇ ਓਪਰੇ ਓਪਰੇ ਲੱਗੇ, ਜਾਣੂ ਲੱਗੀਆਂ ਥਾਂਵਾਂ

ਸਾਥ ਨਿਭਾਇਆ ਖ਼ਲਸ਼ ਜੀ ਮੇਰਾ, ਬਾਲ਼ਪੁਣੇ ਦੀਆਂ ਯਾਦਾਂ
ਸਾਂਝ ਨਿਭਾਈ ਅੱਜ ਤੱਕ ਜਿਸਰਾਂ, ਰੁੱਖਾਂ ਨਾਲ ਹਵਾਵਾਂ

■

# ਮਸਊਦ ਮੁਨੱਵਰ ਦੀਆਂ ਤਿੰਨ ਨਜ਼ਮਾਂ

## 1

### ਆਪ ਬੀਤੀ

ਅਸਾਂ ਪੀੜ ਸਿਹੀ, ਤਦਬੀਰ ਸਿਹੀ
ਅਸਾਂ ਖ਼ਾਲਿਕ ਦੀ ਤਕਦੀਰ ਸਿਹੀ

ਅਸਾਂ ਸੂਰਜ ਦੀ ਰੁਸ਼ਨਾਈ ਵਿੱਚ
ਜ਼ੁਲਮਤ ਦੀ ਹਰ ਤਾਜ਼ੀਰ ਸਿਹੀ

ਛੱਡ ਛਡੇ ਨੀਂਦਰ ਦੇ ਸੁਫ਼ਨੇ
ਜਗਰਾਤੇ ਦੀ ਸ਼ਮਸ਼ੀਰ ਸਿਹੀ

ਅਸਾਂ ਹਰਫ਼ ਦੀ ਸੂਲੀ 'ਤੇ ਚੜ੍ਹ ਕੇ
ਜੱਲਾਦਾਂ ਦੀ ਤਜਵੀਜ਼ ਸਿਹੀ

ਜਿਹੜੇ ਖ਼ਾਬ ਕਿਤਾਬਾਂ ਵੇਖੇ ਸਣ
ਉਨ੍ਹਾਂ ਖ਼ਾਬਾਂ ਦੀ ਤਾਬੀਰ ਸਿਹੀ

ਜਿਹੜੇ ਪਾਪ ਕਮਾਏ ਨੈਣਾਂ ਨੇਂ
ਗਰਦਨ ਓਸ ਦੀ ਤਕਸੀਰ ਸਿਹੀ

ਮਸਊਦ ਜੇ ਰੱਬ ਨਹੀਂ ਲੱਭ ਸਕਿਆ
ਮੰਨ ਮੁਲਹਦ ਦੀ ਤਜ਼ਵੀਰ ਸਿਹੀ

■

## 2

### ਮੱਕੇ ਦਾ ਮਾਜਰਾ

ਜਿਥੇ ਓਸ ਦਾ ਵਾਸ ਹੈ
ਉਹ ਮੰਜ਼ਰ ਸੀ ਨੂਰ ਦਾ
ਨਾ ਓਥੇ ਪੋਹ ਫਟਦੀ
ਨਾ ਓਥੇ ਚੰਨ ਚਮਕਦਾ
ਨਾ ਓਥੇ ਧੁੱਪ ਚੜ੍ਹਦੀ
ਨਾ ਹੀ ਸੂਰਜ ਕੜਕਦਾ
ਨਾ ਓਥੇ ਚੰਨ ਚੌਧਵੀਂ
ਨਾ ਓਥੇ ਦਿਨ ਡੁੱਬਦਾ
ਕਿਸ ਨੂੰ ਦੱਸਾਂ ਸੋਹਣਿਆ
ਇਹ ਮੱਕੇ ਦਾ ਮਾਜਰਾ?

■

## 3

### ਜ਼ਿਕਰ

ਮੇਰਾ ਯਾਰ ਅੰਬਰ ਕਸਤੂਰੀ ਏ
ਜਿਹਦੀ ਲਟਕ ਮਟਕ ਫ਼ਗਫ਼ੂਰੀ ਏ।

ਓਹਦਾ ਦਬਕਾ ਚੁੱਪ ਦਰਿਆਵਾਂ ਦੀ
ਉਹਦੀ ਬੋਲੀ ਮਿੱਠੀਆਂ ਥਾਂਵਾਂ ਦੀ।
ਉਹਦੀ ਨਰਮੀ ਮਸਤ ਹਵਾਵਾਂ ਦੀ
ਉਹਦੀ ਸਤਵਤ, ਸ਼ੌਕਤ ਸ਼ਾਹਵਾਂ ਦੀ।
ਉਹਦੀ ਸੰਗਤ ਵਿੱਚ ਮਖ਼ਮੂਰੀ ਏ
ਮੇਰਾ ਯਾਰ ਅੰਬਰ ਕਸਤੂਰੀ ਏ।

ਉਹਦੇ ਹੰਝੂ ਗੱਡ ਕੇ ਕੱਲਰ ਵਿੱਚ
ਇੱਕ ਝੀਲ ਉਗਾਈ ਚੰਦਨ ਦੀ।
ਦੂਰ, ਮੋਤੀ ਚਮਕ ਵਿਖਾਂਦੇ ਨੇ
ਉਹਦੇ ਬਦਨ ਚਮਨ ਦੇ ਕੁੰਦਨ ਦੀ।
ਉਹਦੇ ਬਿਨ ਜਿੰਦੜੀ ਮਹਿਜੂਰੀ ਏ
ਮੇਰਾ ਯਾਰ ਅੰਬਰ ਕਸਤੂਰੀ ਏ।

ਮੈਂ ਜ਼ਿਕਰ ਦੇ ਮੋਤੀ ਤੁਲਵਾਵਾਂ
ਮੈਂ ਇਸ਼ਕ ਦਾ ਸੋਨਾ ਵਰਤਾਵਾਂ।
ਹੱਕ ਹਾਲ ਬਗੀਚੇ ਵਿੱਚ ਬਹਿ ਕੇ
ਮਸਊਦ ਨਿਮਾਣਾ ਅਖਵਾਵਾਂ।
ਇਹ ਜ਼ਿਕਰ ਮੇਰੀ ਮਜ਼ਦੂਰੀ ਏ
ਮੇਰਾ ਯਾਰ ਅੰਬਰ ਕਸਤੂਰੀ ਏ।

■

ਕਹਾਣੀ

# ਬੱਟ ਸਾਹਿਬ

**ਇਜਾਜ਼ ਸਈਅਦ**

ਪੰਜਾਬੀ ਰੂਪਕਾਰ:
**ਨਰਿੰਦਰ ਜੀਤ ਕੌਰ**

"ਤੈਨੂੰ ਇਸ ਰਾਤ ਦੇ ਖਾਣੇ ਲਈ ਆਉਣਾ ਹੀ ਪਵੇਗਾ," ਸਲਮਾਨ ਨੇ ਕਿਹਾ।

"ਆਖਰਕਾਰ ਬੱਟ ਸਾਹਿਬ ਤੇਰੇ ਸਨਮਾਨ ਵਿੱਚ ਤਾਂ ਇਹ ਦਾਅਵਤ ਦੇ ਰਹੇ ਹਨ।"

ਮੈਂ ਆਪਣੇ ਦੋਸਤ ਸਲਮਾਨ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ। ਕਿ ਮੇਰਾ ਕਿਸੇ ਨੂੰ ਵੀ ਮਿਲਣ ਦਾ ਮਨ ਨਹੀਂ ਸੀ, ਖਾਸ ਕਰਕੇ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨੂੰ ਮੈਂ ਪਹਿਲਾਂ ਕਦੇ ਨਹੀਂ ਸਾਂ ਮਿਲਿਆ। ਪਰ ਸਲਮਾਨ ਨੇ ਜ਼ਿੱਦ ਫੜੀ ਹੋਈ ਸੀ ਅਤੇ ਮੈਨੂੰ ਉਸ ਨਾਲ ਬੱਟ ਸਾਹਿਬ ਦੀ ਦਾਅਵਤ 'ਤੇ ਚੱਲਣ ਦਾ ਵਾਅਦਾ ਕਰਨਾ ਪਿਆ।

ਮੈਂ ਜਰਮਨੀ ਪਹੁੰਚਿਆ ਹੀ ਸਾਂ ਅਤੇ ਸਲਮਾਨ ਨਾਲ ਰਹਿ ਰਿਹਾ ਸਾਂ। ਸਲਾਹ ਇਹ ਸੀ ਕਿ ਜਦੋਂ ਹੀ ਮੈਨੂੰ ਕੋਈ ਨੌਕਰੀ ਮਿਲੀ, ਸਲਮਾਨ ਮੇਰੇ ਲਈ ਇਕ ਘਰ ਲੱਭਣ ਵਿੱਚ ਮੱਦਦ ਕਰੇਗਾ, ਜੋ ਕਿ ਸੱਤਰ ਦੇ ਦਹਾਕੇ ਦੇ ਅੰਤ ਵਿੱਚ ਕਾਲੇ ਵਿਦੇਸ਼ੀਆਂ ਲਈ ਇਹ ਇੱਕ ਮੁਸ਼ਕਲ ਕੰਮ ਸੀ। ਸ਼ਹਿਰ ਦੀਆਂ ਕੰਧਾਂ ਉੱਤੇ 'ਉਸਲੈਂਡਰ ਰੋਸ', 'ਵਿਦੇਸ਼ੀਓ, ਬਾਹਰ ਨਿਕਲੋ' ਦੇ ਇਸ਼ਤਿਹਾਰ ਥਾਂ ਥਾਂ ਨਜ਼ਰ ਆਉਂਦੇ ਸਨ। ਸਲਮਾਨ ਨੂੰ ਪਿਛਲੇ ਕਿਰਾਏਦਾਰ ਨੂੰ ਉਸ ਦੇ ਸਟੂਡੀਓ ਲਈ 'ਦੋਸਤਾਨੇ' ਵਜੋਂ ਇਕ ਮੋਟੀ ਰਕਮ ਦੇਣੀ ਪਈ ਸੀ। ਮੈਨੂੰ ਸਲਮਾਨ ਦਾ ਪਿੰਡ ਬਹੁਤ ਪਸੰਦ ਆਇਆ। ਇਸ ਦੇ ਚਾਰੇ ਪਾਸੇ ਮੀਲਾਂ ਤੱਕ ਖੇਤ ਅਤੇ ਜੰਗਲ ਫੈਲੇ ਹੋਏ ਸੀ ਅਤੇ ਵਿੱਚ ਕਿਤੇ ਕਿਤੇ ਝੀਲਾਂ, ਤਲਾਅ ਅਤੇ ਸੈਰਗਾਹਾਂ ਸਨ। ਪਿੰਡ ਵਿੱਚ ਤਕਰੀਬਨ ਹਰ ਕੋਈ ਸਲਮਾਨ ਨੂੰ ਜਾਣਦਾ ਸੀ, ਖ਼ਾਸ ਕਰਕੇ ਪਿੰਡ ਦੀਆਂ ਬੁਜ਼ੁਰਗ ਔਰਤਾਂ ਵਿੱਚ ਉਹ ਕਾਫੀ ਮਸ਼ਹੂਰ ਸੀ। ਉਸ ਦੀ ਮਕਾਨ ਮਾਲਕਣ, ਮਿਸਿਜ਼ ਹੈਪਟਮੈੱਨ, ਜੋ ਕਿ ਇਕ ਰਿਟਾਇਰਡ ਵਿਧਵਾ ਸੀ, ਨੇ ਸਲਮਾਨ ਦੀ ਜਾਣ ਪਛਾਣ ਆਪਣੀਆਂ ਸਾਰੀਆਂ ਸਹੇਲੀਆਂ ਨਾਲ ਕਾੱਫ਼ੀ ਤੇ ਸਨੈਕ ਮਹਿਫਲਾਂ ਦੇ ਦੌਰਾਨ ਕਰਵਾਈ ਸੀ। ਮੈਂ ਸਲਮਾਨ ਦੇ ਇਸ 'ਬਜ਼ੁਰਗ-ਔਰਤ-

ਨੈਟਵਰਕ' ਰਾਹੀਂ ਪਿੰਡ ਵਿੱਚ ਆਪਣੇ ਲਈ ਥਾਂ ਬਣਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਸਾਂ।

ਦਿਨ ਵੇਲੇ ਮੈਂ ਲੋਕਲ ਗੱਡੀ ਲੈ ਕੇ ਚਾਲ੍ਹੀ ਮਿੰਟ ਖੇਤਾਂ ਅਤੇ ਜੰਗਲ ਦੇ ਨਜ਼ਾਰੇ ਵੇਖਦਾ, ਸ਼ਹਿਰ ਜਾ ਕੇ ਰੋਜ਼ਗਾਰ ਦਫ਼ਤਰ ਜਾਂਦਾ। ਦਫ਼ਤਰ ਰੋਜ਼ਗਾਰ ਵਿੱਚ ਮਿਸ ਜ਼ਿਮਰਮਨ ਨੌਕਰੀਆਂ ਦੇ ਮੁਤਾਬਕ ਮੇਰੀਆਂ ਯੋਗਤਾਵਾਂ ਨੂੰ ਮੇਲ ਕੇ ਦੇਖਦੀ। ਇਸ ਅੱਧਖੜ ਉਮਰ ਦੀ ਨੇਕ ਦਿਲ ਜਰਮਨ ਔਰਤ ਕੋਲ ਮੈਨੂੰ ਸਲਮਾਨ ਹੀ ਲੈ ਕੇ ਆਇਆ ਸੀ। ਦੋ ਹਫ਼ਤਿਆਂ ਬਾਅਦ ਮੈਨੂੰ ਯਕੀਨ ਹੋ ਗਿਆ ਕਿ ਜਾਂ ਤਾਂ ਮਿਸ ਜ਼ਿਮਰਮਨ ਇੰਨੀਂ ਦਿਆਲੂ ਸੀ ਕਿ ਉਹ ਮੈਨੂੰ ਘੱਟ ਤਨਖ਼ਾਹ ਦੀ ਨੌਕਰੀ ਨਹੀਂ ਦੇਣਾ ਚਾਹੁੰਦੀ ਸੀ, ਤੇ ਜਾਂ ਉਸਨੂੰ ਇਹ ਯਕੀਨ ਹੋ ਗਿਆ ਸੀ ਕਿ ਮੈਂ ਇਮਾਰਤਾਂ ਭੰਨਣ, ਪੇੜ ਕੱਟਣ ਜਾਂ ਤਾਰਾਂ ਵਿਛਾਉਣ ਵਰਗੇ ਕੰਮਾਂ ਵਿੱਚ ਇਕ ਦਿਨ ਤੋਂ ਵੱਧ ਨਹੀਂ ਟਿਕ ਸਕਾਂਗਾ।

"ਮਿਸਟਰ ਸਈਅਦ," ਉਹ ਹਰ ਰੋਜ਼ ਸਵੇਰੇ ਮੈਨੂੰ ਕਹਿੰਦੀ, "ਤੁਸੀਂ ਭਾਸ਼ਾ ਸਕੂਲ ਜਾਓ, ਮੈਂ ਤੁਹਾਡੀ ਮੱਦਦ ਕਰਨਾ ਚਾਹੁੰਦੀ ਹਾਂ, ਪਰ ਪਹਿਲਾਂ ਤੁਹਾਨੂੰ ਸਾਡੀ ਭਾਸ਼ਾ ਸਿੱਖਣੀ ਚਾਹੀਦੀ ਹੈ।"

ਮੇਰਾ ਅਗਲਾ ਪੜਾਅ ਉਥੋਂ ਦੀ ਲਾਇਬ੍ਰੇਰੀ ਹੋਇਆ ਕਰਦੀ ਸੀ, ਜੋ ਕਿ ਰੋਜ਼ਗਾਰ ਦਫ਼ਤਰ ਤੋਂ ਥੋੜ੍ਹੀ ਦੂਰ ਸ਼ਹਿਰ ਦੇ ਵਿੱਚੋਂ ਹੁੰਦਿਆਂ ਹੋਇਆਂ, ਉਸ ਦੋ ਸੌ ਸਾਲ ਪੁਰਾਣੇ ਓਪਰਾ ਹਾਊਸ ਤੋਂ ਪਰ੍ਹੇ ਸੀ ਜਿੱਥੇ ਗੋਇਟੇ ਦੀਆਂ ਹੀਰੋਇਨਾਂ ਨੇ ਉਸ ਦੇ ਨਾਟਕਾਂ ਵਿੱਚ ਕੰਮ ਕੀਤਾ ਸੀ। ਇਕ ਹੋਰ ਛੋਟੇ ਰਸਤੇ ਰਾਹੀਂ ਮੈਂ ਪੁਰਾਣੇ ਸ਼ਹਿਰ, ਜਿਸ ਦੇ ਦੁਆਲੇ ਕਦੇ ਇਕ ਕੰਧ ਹੋਇਆ ਕਰਦੀ ਸੀ ਅਤੇ ਜਿੱਥੇ ਚੌਦਵੀਂ ਸਦੀ ਦਾ ਪੁਰਾਣਾ ਅਤੇ ਵਿਸ਼ਾਲ ਗੋਥਿਕ ਗਿਰਜਾਘਰ ਅੱਜ ਵੀ ਖੜਾ ਸੀ, ਵਿੱਚੋਂ ਹੁੰਦਾ ਹੋਇਆ ਲਾਇਬ੍ਰੇਰੀ 'ਬਿਬਲੀਓਥੈੱਕ' ਪਹੁੰਚ ਜਾਂਦਾ ਸੀ। ਬੁੱਧਵਾਰ ਅਤੇ ਸ਼ਨੀ ਐਤਵਾਰ ਇੱਥੇ ਬਾਜ਼ਾਰ ਲਗਦਾ ਸੀ। ਇਹ ਲਾਇਬ੍ਰੇਰੀ ਬਾਹਰਲੀ ਦੁਨੀਆਂ ਨਾਲ ਮੇਰਾ ਇੱਕੋ ਇੱਕ ਸੰਪਰਕ ਸੀ ਅਤੇ ਇਸ ਠੰਡੇ ਪਰ ਸੋਹਣੇ ਉੱਤਰੀ ਸ਼ਹਿਰ ਵਿੱਚ ਮੇਰੀ ਪਨਾਹਗਾਹ ਵੀ ਸੀ, ਜਿੱਥੇ ਕਦੇ ਅੰਗ੍ਰੇਜ਼ ਬਾਦਸ਼ਾਹਾਂ ਨੇ ਰਾਜ ਕੀਤਾ ਸੀ, ਉੱਥੇ ਮੈਂ ਅੰਗ੍ਰੇਜ਼ੀ ਅਖ਼ਬਾਰ 'ਹੈਰਲਡ ਟ੍ਰਿਬਿਊਨ' ਅਤੇ ਕਵਿਤਾਵਾਂ ਪੜ੍ਹਦਾ, ਆਪਣੀ ਜ਼ਿੰਦਗੀ ਬਾਰੇ ਸੋਚਦਾ ਜਾਂ ਲਾਇਬ੍ਰੇਰੀ ਵਿੱਚ ਲੋਕਾਂ ਨੂੰ ਵੇਖਦਾ ਰਹਿੰਦਾ।

ਸ਼ਾਮ ਨੂੰ ਮੈਂ ਪੈਦਲ ਹੀ ਸ਼ਹਿਰ ਵਿਚਲੇ ਵੱਡੇ ਸਟੇਸ਼ਨ ਤੇ ਘਰ ਵਾਪਸ ਜਾ ਰਹੇ ਸਲਮਾਨ ਨੂੰ ਮਿਲਣ ਚਲਾ ਜਾਂਦਾ। ਕਈ ਵਾਰ ਅਸੀਂ ਕਾਫ਼ੀ ਅਤੇ ਨਾਸ਼ਤਾ ਲੈਣ ਲਈ ਸਟੇਸ਼ਨ ਦੀ ਮਸ਼ਹੂਰ 'ਸ਼ਨੈੱਲ ਇੰਬਿਸ'-'ਕਵਿੱਕ ਮੀਲ' ਤੇ ਰੁਕਦੇ, ਜੋ ਕਿ ਦੁਨੀਆਂ ਦੇ ਹਰ ਤਰ੍ਹਾਂ ਦੇ ਲੋਕਾਂ, ਐਰੀਟੀਰਿਆ, ਹਿੰਦੁਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਦੇ ਸਿਆਸੀ ਪਨਾਹਗੀਰਾਂ, ਤੁਰਕੀ ਅਤੇ ਯੂਗੋਸਲਾਵੀਆ ਦੇ ਆਰਜ਼ੀ ਕਾਮਿਆਂ, ਵਿਦਿਆਰਥੀਆਂ, ਦਲਾਲਾਂ, ਨਸ਼ਿਆਂ ਦੇ ਵਪਾਰੀਆਂ ਅਤੇ ਐਸ਼ ਕਰਨ ਲਈ ਘਰੋਂ ਭੱਜੀਆਂ ਜਵਾਨ ਜਰਮਨ ਕੁੜੀਆਂ ਦੀ ਇਕ ਮਨਪਸੰਦ ਥਾਂ ਸੀ। ਆਮਤੌਰ 'ਤੇ ਇਹ ਕੁੜੀਆਂ ਅੰਤ ਵਿੱਚ ਸਟੇਸ਼ਨ ਪਿੱਛੇ ਵੇਸਵਾ ਇਲਾਕੇ ਜਾ ਅੱਪੜਦੀਆਂ ਸਨ। ਮੈਂ ਬੱਟ ਸਾਹਿਬ ਨੂੰ ਪਹਿਲੀ ਵਾਰ 'ਸ਼ਨੈੱਲ ਇੰਬਿਸ' ਵਿੱਚ ਹੀ ਮਿਲਿਆ ਸੀ। ਉੱਥੇ ਬਹੁਤ ਸਾਰੇ ਪਾਕਿਸਤਾਨੀ ਅਤੇ ਹਿੰਦੁਸਤਾਨੀ, ਜਿਨ੍ਹਾਂ ਵਿੱਚ ਜ਼ਿਆਦਾ ਸਿੱਖ ਸੀ, ਇਕ ਮੇਜ਼ ਦੇ ਦੁਆਲੇ ਬੈਠੇ ਸਨ। ਮੈਂ ਇਨ੍ਹਾਂ ਹਮਵਤਨਾਂ ਤੋਂ ਕਤਰਾ ਰਿਹਾ ਸਾਂ, ਪਰ ਸਲਮਾਨ ਜੇਕਰ ਠਾਣ ਲਏ ਤਾਂ ਦੋਸਤੀਆਂ ਨਿਭਾਉਣ ਤੋਂ ਉਸ ਨੂੰ ਕੋਈ ਨਹੀਂ ਸੀ ਰੋਕ ਸਕਦਾ। ਆਪਣੀ ਉਮਰ ਕਰਕੇ ਅਤੇ ਇਸ ਦੇਸ਼ ਵਿੱਚ ਕਾਫ਼ੀ ਦੇਰ ਤੋਂ ਰਹਿਣ ਕਾਰਣ ਉਹ ਹਰ ਕਿਸੇ ਦਾ ਵੱਡਾ ਭਰਾ ਸੀ, ਜੋ ਹਰ ਵੇਲੇ ਹਰ ਕਿਸੇ ਨੂੰ ਹਰ ਗੱਲ ਤੇ ਸਲਾਹ ਮਸ਼ਵਰਾ ਦੇਣ ਨੂੰ ਤਿਆਰ ਰਹਿੰਦਾ ਸੀ, ਭਾਂਵੇ ਉਹ ਖਾਣਾ ਬਣਾਉਣ ਦਾ ਤਰੀਕਾ ਹੋਵੇ ਜਾਂ ਨੌਕਰੀ ਲੱਭਣ ਦੀ ਜੁਗਤ, ਜਾਂ

ਫਿਰ ਕਿ ਇਹੋ ਜਿਹੀ ਜਰਮਨ ਕੁੜੀ ਕਿਵੇਂ ਮਿਲ ਸਕਦੀ ਹੈ ਜੋ ਤੁਹਾਡੇ ਲਈ ਇਸ ਦੇਸ਼ ਵਿੱਚ ਪੱਕੇ ਤੌਰ 'ਤੇ ਵੱਸਣ ਲਈ ਰਾਹ ਖੋਲ੍ਹ ਸਕੇ।

"ਸਲਮਾਨ ਭਾਈ," ਕਾਲਾ ਕੋਟ ਪਾਈ, ਮਾਤਾ ਦੇ ਦਾਗਾਂ ਨਾਲ ਭਰੇ ਚਿਹਰੇ ਵਾਲਾ ਇਕ ਬੰਦਾ ਸਾਨੂੰ ਵੇਖ ਉੱਚੀ ਸਾਰੀ ਬੋਲਿਆ, "ਹੁਣ ਤੇਰੇ ਮਹਿਮਾਨ ਆ ਗਏ ਹਨ ਤਾਂ ਹੀ ਤੂੰ ਸਾਡੇ ਨਾਲ ਦੁਆ ਸਲਾਮ ਕਰਨਾ ਛੱਡ ਦਿੱਤਾ ਹੈ।"

ਜ਼ਾਹਿਰ ਸੀ ਉਹ ਮੇਰੇ ਬਾਰੇ ਕਹਿ ਰਿਹਾ ਸੀ।

"ਇਹ ਬੱਟ ਸਾਹਿਬ ਹਨ। ਇਹ ਵੀ ਲਾਹੌਰ ਤੋਂ ਹਨ।" ਸਲਮਾਨ ਨੇ ਉਸ ਗਰੁੱਪ ਵੱਲ ਜਾਂਦਿਆਂ ਅਤੇ ਆਪਣੇ ਨਾਲ ਮੈਨੂੰ ਵੀ ਖਿੱਚਦਿਆਂ ਮੇਰੇ ਕੰਨ ਵਿੱਚ ਕਿਹਾ।

ਜਾਣ-ਪਛਾਣ ਹੋਣ ਤੋਂ ਬਾਅਦ ਹਰ ਕੋਈ ਮੈਨੂੰ ਆਪਣੇ ਘਰ ਬੁਲਾਉਣਾ ਚਾਹੁੰਦਾ ਸੀ, ਪਰ ਬੱਟ ਨੇ ਸਾਰੀ ਬਹਿਸ ਨੂੰ ਇਹ ਐਲਾਨ ਕਰ ਕੇ ਮੁਕਾ ਦਿੱਤਾ ਕਿ ਸਲਮਾਨ ਭਾਈ ਅਤੇ ਉਨ੍ਹਾਂ ਦਾ 'ਦਿਆਨਤਦਾਰ' ਮਹਿਮਾਨ ਆਉਂਦੇ ਸ਼ਨਿੱਚਰਵਾਰ ਉਨ੍ਹਾਂ ਦੇ ਘਰ ਖਾਣਾ ਖਾ ਰਹੇ ਹਨ। ਮੈਂ ਇਸ ਜ਼ਬਰਦਸਤੀ ਦੇ ਦਾਅਵਤਨਾਮੇ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਸਲਮਾਨ ਨੇ ਮੇਰੇ ਵੱਲ ਵੇਖ ਕੇ ਨਾਂਹ ਵਿੱਚ ਗਰਦਨ ਹਿਲਾਈ, ਉਸ ਨੇ ਅਜਿਹਾ ਇਨ੍ਹੀਂ ਜ਼ਾਹਰ ਤੌਰ 'ਤੇ ਕੀਤਾ ਕਿ ਬੱਟ ਸਾਹਿਬ ਸਮੇਤ ਸਭਨਾਂ ਨੇ ਇਸ ਨੂੰ ਨੋਟ ਕਰ ਲਿਆ।

"ਤੁਸੀਂ ਕਿਸੇ ਵੀ ਹਾਲਤ ਵਿੱਚ ਇਸ ਦਾਅਵਤਨਾਮੇ ਤੋਂ ਇਨਕਾਰ ਨਹੀਂ ਕਰ ਸਕਦੇ," ਬੱਟ ਸਾਹਿਬ ਨੇ ਕਿਹਾ, "ਕਿਉਂਕਿ ਇਹ ਇਨਕਾਰ ਸਲਮਾਨ ਭਾਈ ਦਾ ਹੋਵੇਗਾ ਸਾਡਾ ਨਹੀਂ ਅਤੇ ਕੋਈ ਵੀ ਇਸ ਗੱਲ ਨੂੰ ਪਸੰਦ ਨਹੀਂ ਕਰੇਗਾ, ਖ਼ਾਸ ਕਰਕੇ ਮੈਂ।"

ਮੈਂ ਬੱਟ ਦੇ ਬੁੱਲ੍ਹਾਂ 'ਤੇ ਇੱਕ ਘਟੀਆ ਮੁਸਕਰਾਹਟ ਵੇਖੀ, ਉਸ ਦੀਆਂ ਨਿੱਕੀਆਂ ਅੱਖਾਂ ਉਸ ਦੇ ਦਾਗਾਂ ਭਰੇ ਚਿਹਰੇ ਤੇ ਬੜੀਆਂ ਭੈੜੀਆਂ ਲੱਗ ਰਹੀਆਂ ਸਨ।

ਜਿਸ ਸ਼ਨਿੱਚਰਵਾਰ ਅਸੀਂ ਬੱਟ ਦੇ ਘਰ ਜਾਣਾ ਸੀ, ਉਸ ਦਿਨ ਬਰਫ਼ਵਾਰੀ ਹੋ ਗਈ। ਉਸ ਮੌਸਮ ਦੀ ਪਹਿਲੀ ਬਰਫ਼ਵਾਰੀ। ਕ੍ਰਿਸਮਸ ਸਿਰਫ਼ ਇਕ ਹਫ਼ਤਾ ਦੂਰ ਸੀ, ਇਸ ਲਈ ਜਦੋਂ ਸ਼ਾਮ ਵੇਲੇ ਅਸੀਂ ਸ਼ਹਿਰ ਪਹੁੰਚੇ, ਸਾਰੀਆਂ ਦੁਕਾਨਾਂ ਅਜੇ ਖੁੱਲ੍ਹੀਆਂ ਸਨ। ਬੱਟ ਮੁੱਖ ਸਟੇਸ਼ਨ ਤੋਂ ਥੋੜ੍ਹੀ ਦੂਰ, ਵੇਸਵਾ ਇਲਾਕੇ ਦੇ ਨਜ਼ਦੀਕ ਰਹਿੰਦਾ ਸੀ। ਉਸ ਦੇ ਮਕਾਨ ਦੀ ਡਾਵਾਂ ਡੋਲ ਪੌੜੀ ਚੜ੍ਹਦਿਆਂ ਸਲਮਾਨ ਨੇ ਮੈਨੂੰ ਦੱਸਿਆ ਕਿ ਗਰਮੀਆਂ ਵਿੱਚ ਬੱਟ ਦੀ ਬਾਰੀ 'ਚੋਂ ਆਪਣੇ ਛੱਜਿਆਂ 'ਤੇ ਝੂਲਦੀਆਂ ਵੇਸਵਾਵਾਂ ਸਾਫ਼ ਨਜ਼ਰ ਆਉਂਦੀਆਂ ਹਨ। ਅੰਦਰ ਪਿਆਜ਼, ਮਸਾਲੇ ਅਤੇ ਤਲੇ ਖਾਣੇ ਦੀ ਬੋਅ ਮਾਰਦੇ ਤੰਗ ਜਿਹੇ ਕਮਰੇ ਦੇ ਕੋਨੇ ਵਿੱਚ ਬਣੀ ਰਸੋਈ ਵਿੱਚ ਬੱਟ ਸਾਹਿਬ ਸਟੋਵ ਕੋਲ ਖੜੇ ਸਨ। ਸਟੋਵ ਦਾ ਛੋਟਾ ਮੇਜ਼ ਸਿਗਰਟ ਦੇ ਟੁਕੜਿਆਂ, ਬੀਅਰ ਦੀਆਂ ਖਾਲੀ ਬੋਤਲਾਂ ਅਤੇ ਉਸ ਮੁਰਗੇ ਦੇ ਖੰਭਾਂ ਦੇ ਨਿੱਕੇ ਮੋਟੇ ਟੁਕੜਿਆਂ ਨਾਲ ਭਰਿਆ ਹੋਇਆ ਸੀ, ਜੋ ਸ਼ਾਇਦ ਇਸ ਵਕਤ ਉਸ ਛੋਟੇ ਜਿਹੇ ਸਟੋਵ ਉੱਤੇ ਬੜੇ ਖ਼ਤਰਨਾਕ ਤਰੀਕੇ ਨਾਲ ਰੱਖੇ ਹੋਏ ਪਤੀਲੇ ਵਿੱਚ ਪੱਕ ਰਿਹਾ ਸੀ।

ਉੱਥੇ ਪਹਿਲਾਂ ਹੀ ਅੱਧੀ ਦਰਜਨ ਦੇ ਕਰੀਬ ਲੋਕ ਕਮਰੇ ਦੇ ਵਿਚਕਾਰ ਫਸੇ ਹੋਏ ਮੇਜ਼ ਦੇ ਗਿਰਦ ਬੈਠੇ ਗੱਲਾਂ ਕਰ ਰਹੇ ਸਨ, ਜਿਨ੍ਹਾਂ ਵਿੱਚ ਕੁਝ ਪਹਿਲਾਂ ਹੀ ਸਟੇਸ਼ਨ ਤੇ ਮਿਲਣ ਕਾਰਣ ਵਾਕਿਫ਼ ਸਨ। ਮੇਜ਼ ਉੱਤੇ ਜਾੱਨੀ ਵਾਕਰ ਦੀ ਅੱਧੀ ਬੋਤਲ ਪਈ ਸੀ। ਟੀ. ਵੀ ਉੱਤੇ ਪਏ ਸਟੀਰੀਓ ਤੇ ਹਿੰਦੋਸਤਾਨੀ ਪਾੱਪ ਸੰਗੀਤ ਬਹੁਤ ਉੱਚੀ ਵੱਜ ਰਿਹਾ ਸੀ।

"ਸਲਮਾਨ ਭਾਈ," ਸ਼ੋਰ ਦੇ ਵਿੱਚੋਂ ਬੱਟ ਸਾਹਿਬ ਚੀਕੇ, "ਮੈਨੂੰ ਤੁਹਾਡੀ ਸਲਾਹ ਚਾਹੀਦੀ ਹੈ। ਕੀ ਮੈਂ ਪੁਦੀਨਾ ਹੁਣੇ ਹੀ ਪਾ ਦਿਆਂ ਕਿ ਥੋੜਾ ਜਿਹਾ ਹੋਰ ਰਿੱਝ ਲੈਣ ਦਿਆਂ? ਸਈਅਦ ਸਾਹਿਬ, ਬਸ ਥੋੜੀ ਦੇਰ ਮੈਨੂੰ ਮੁਆਫ਼ੀ ਦਿਓ," ਉਨ੍ਹਾਂ ਨੇ ਮੈਨੂੰ ਕਿਹਾ ਜਦ ਕਿ ਸਲਮਾਨ ਨੇ ਉਨ੍ਹਾਂ ਦੇ

ਹੱਥੋਂ ਕੜਛੀ ਫੜ ਕੇ ਤਰੀ ਦਾ ਲੂਣ ਵੇਖਿਆ। "ਓਏ ਬਿੱਲੇ, ਸਈਅਦ ਸਾਹਿਬ ਲਈ ਡਰਿੰਕ ਬਣਾ। ਓ ਬਈ, ਫਾਲਤੂ ਦੀਆਂ ਛੱਡੋ ਅਤੇ ਸਈਅਦ ਸਾਹਿਬ ਨੂੰ ਸੁਣੋ। ਇਹ ਪੜ੍ਹੇ ਲਿਖੇ ਬੰਦੇ ਨੇ, ਕੋਈ ਚੱਜ ਦੀ ਗੱਲ ਹੀ ਸਿੱਖੋਗੇ।"

ਇਹ ਸ਼ਾਇਦ ਮੇਰੀ ਉਸ ਗਰੁੱਪ ਨਾਲ ਜਾਣ ਪਛਾਣ ਸੀ, ਪਰ ਮੇਰੇ ਲਈ ਇਹ ਇੱਕ ਇਸ਼ਾਰਾ ਸੀ ਕਿ ਜਦੋਂ ਤੀਕ ਬੱਟ ਅਤੇ ਸਲਮਾਨ ਖਾਣੇ ਦਾ ਕੰਮ ਪੂਰਾ ਨਾ ਕਰ ਲੈਣ, ਮੈਂ ਪਾਰਟੀ ਦਾ ਦਿਲ ਲਗਾਈ ਰੱਖਾਂ। ਉਹ ਨੌਜਵਾਨ ਜਿਸ ਦਾ ਨਾਮ ਬਿੱਲਾ ਸੀ, ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਹ ਵੀ ਲਾਹੌਰ ਤੋਂ ਸੀ। ਉਸ ਦਾ ਅਸਲੀ ਨਾਮ ਇਕਬਾਲ ਅਹਿਮਦ ਸੀ ਅਤੇ ਉਹ ਇਕ ਡੇਅਰੀ ਤੇ ਕੰਮ ਕਰਦਾ ਸੀ। ਇਕਬਾਲ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਪੁਲਿਟੀਕਲ ਸਾਇੰਸ ਵਿੱਚ ਐਮ. ਏ. ਕੀਤੀ ਹੋਈ ਸੀ। ਸਾਰੇ ਉਸ ਨੂੰ ਬਿੱਲਾ 'ਗੁੱਜਰ' ਯਾਨਿ ਕੇ ਬਿੱਲਾ 'ਦੋਧੀ' ਕਹਿੰਦੇ ਸਨ, ਜੋ ਕਿ ਉਸ ਨੂੰ ਵੀ ਚੰਗਾ ਲੱਗਦਾ ਸੀ ਅਤੇ ਸਲਮਾਨ ਮੁਤਾਬਿਕ ਇਹ ਸ਼ਾਇਦ ਉਸ ਦੀ ਸ਼ਹਾਦਤ ਵਾਲੀ ਮਾਨਸਿਕਤਾ ਨਾਲ ਵੀ ਮੇਲ ਖਾਂਦਾ ਸੀ। ਹੋਰ ਬਾੱਬੀ ਸਿੰਘ ਅਤੇ ਉਸ ਦਾ ਹਾਣੀ ਟੋਨੀ ਸਿੰਘ ਸੀ। ਬਾੱਬੀ ਸਿੰਘ ਸਾਰਿਆਂ ਨਾਲੋਂ ਵੱਡੀ ਉਮਰ ਦਾ ਸੀ। ਉਹ ਅਸਲ ਵਿੱਚ ਬਹੁਤ ਸਾਲ ਪਹਿਲਾਂ ਜਰਮਨੀ ਧਾਤ ਵਿਦਿਆ ਪੜ੍ਹਣ ਆਇਆ ਸੀ। ਉਸ ਦਾ ਇਕ ਬਹੁਤ ਪੁਰਾਣਾ ਸੁਫ਼ਨਾ ਹਿੰਦੋਸਤਾਨ ਵਾਪਸ ਜਾ ਕੇ ਜਮਸ਼ੇਦਪੁਰ ਦੀ ਮਸ਼ਹੂਰ ਮਰਸਡੀਜ਼ ਬੇਂਨਜ਼ ਫੈਕਟਰੀ ਵਿੱਚ ਕੰਮ ਕਰਨ ਦਾ ਸੀ। ਸੱਤਰ ਦੇ ਦਹਾਕੇ ਦੇ ਸ਼ੁਰੂ ਵਿੱਚ 'ਇੰਦਰਾ ਐਮਰਜੈਂਸੀ' ਦੌਰਾਨ ਉਸ ਨੇ ਰਾਜਨੀਤਿਕ ਸ਼ਰਨ ਲਈ ਅਰਜ਼ੀ ਦੇ ਦਿੱਤੀ, ਸਕੂਲ ਛੱਡ ਦਿੱਤਾ ਅਤੇ 'ਕਰੁੱਪਸ' ਕੰਪਨੀ ਵਿੱਚ ਇਕ ਟੈਕਨੀਸ਼ੀਅਨ ਵਜੋਂ ਨੌਕਰੀ ਕਰ ਲਈ। ਉਸ ਦੀ ਜਰਮਨ ਭਾਸ਼ਾ ਬਹੁਤ ਦਰੁਸਤ ਸੀ ਅਤੇ ਉਹ ਉਨ੍ਹਾਂ ਲੋਕਾਂ ਲਈ ਇਕ ਗ਼ੈਰ ਸਰਕਾਰੀ ਤਰਜੁਮਾਨ ਬਣ ਗਿਆ, ਜਿਨ੍ਹਾਂ ਨੂੰ ਮਕਾਨ ਕਿਰਾਏ ਤੇ ਲੈਣ ਲਈ, ਜਾਂ ਖ਼ਤਰਨਾਕ 'ਸਰਕਾਰ' ਕਾਰਨ ਸਿਆਸਤੀ ਪਨਾਹ ਦੇ ਵੀਜ਼ੇ ਵਿੱਚ ਵਾਧੇ ਲਈ ਅਰਜ਼ੀ ਲਿਖਵਾਉਣੀ ਹੁੰਦੀ ਸੀ ਜਾਂ ਵਿਆਹ ਦੇ ਦਫ਼ਤਰ ਵਿੱਚ ਗਵਾਹੀ ਭਰਨੀ ਹੁੰਦੀ ਸੀ। ਉਸ ਦਾ ਹਾਣੀ ਟੋਨੀ ਸਿੰਘ ਇਕ ਤਗੜਾ ਰਹਿਮ ਦਿਲ ਅਤੇ ਨੇਕ ਇਨਸਾਨ ਸੀ, ਜੋ ਇਕ ਖ਼ੂਬਸੂਰਤ ਭੂਰੇ ਵਾਲਾਂ ਵਾਲੀ ਜਰਮਨ ਔਰਤ ਨਾਲ ਵਿਆਹਿਆ ਹੋਇਆ ਸੀ, ਜਿਸ ਨੂੰ ਮੈਂ ਬਾਅਦ ਵਿੱਚ ਮਿਲਿਆ ਵੀ ਸਾਂ। ਦੋਨੋਂ ਬਾੱਬੀ ਸਿੰਘ ਅਤੇ ਟੋਨੀ ਸਿੰਘ ਲੰਬੇ ਵਾਲ, ਪੱਗ ਅਤੇ ਦਾੜ੍ਹੀ ਵਾਲੇ ਕੇਸਧਾਰੀ ਸਿੱਖ ਸਨ। ਬਾੱਬੀ ਦੇ ਵਾਲ ਔਰਤਾਂ ਵਾਂਗ ਕਮਰ ਤੱਕ ਲੰਬੇ ਅਤੇ ਰੇਸ਼ਮੀ ਸਨ। ਪਰ 'ਛੋਟੇ ਟੋਨੀ' ਦੇ ਇੰਜ ਨਹੀਂ ਸਨ। ਉਹ ਬਾੱਬੀ ਅਤੇ ਟੋਨੀ ਵਾਂਗ ਨਹੀਂ ਸੀ ਬਲਕਿ 'ਮੋਨਾ' ਸਿੱਖ ਸੀ। ਉਹ ਕਿਸੇ ਵੀ ਤਰ੍ਹਾਂ 'ਛੋਟਾ' ਨਹੀਂ ਸੀ। ਟੋਨੀ ਸਿੰਘ ਵਾਂਗ ਉਹ ਵੀ ਛੇ ਫੁੱਟ ਤੋਂ ਜ਼ਿਆਦਾ ਲੰਬਾ ਪਰ ਭਰਵੇਂ ਸਰੀਰ ਵਾਲਾ ਸੀ, ਜਦ ਕਿ ਟੋਨੀ ਸਿੰਘ ਆਪਣੀ ਤੋਂਦ ਨਾਲ ਤਿੰਨ ਸੌ ਪੌਂਡ ਦੇ ਲਗਭਗ ਸੀ। ਛੋਟਾ ਟੋਨੀ ਔਰਤਾਂ ਵਿੱਚ ਕਾਫੀ ਮਸ਼ਹੂਰ ਸੀ, ਉਸ ਦੀ ਉਮਰ ਪੰਝੀ ਦੇ ਆਸ ਪਾਸ ਸੀ ਅਤੇ ਉਸ ਦੇ ਚਿਹਰੇ 'ਤੇ ਇਕ ਬਦਮਾਸ਼ ਵਹਿਸ਼ੀਪਨ ਸੀ। ਉਹ ਓਪਰਾ ਹਾਊਸ ਦੇ ਨਾਲ ਵਾਲੇ ਹੋਟਲ ਵਿੱਚ ਕੰਮ ਕਰਦਾ ਸੀ। ਸਲਮਾਨ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਹੋਟਲ ਦੇ ਮਾਲਕ ਨੇ ਛੋਟੇ ਟੋਨੀ ਨੂੰ ਹੋਟਲ ਦੀ ਰਸੋਈ ਦਾ ਇੰਚਾਰਜ ਬਣਾਇਆ ਹੋਇਆ ਸੀ ਅਤੇ ਜਰਮਨ ਖ਼ਾਨਸਾਮੇ ਉੱਤੇ ਸਿਰਫ਼ ਦਿਨ ਦੇ ਖਾਣੇ ਦੀ ਮੈਨਊ ਦੀ ਹੀ ਜ਼ਿੰਮੇਵਾਰੀ ਸੀ। ਛੋਟਾ ਟੋਨੀ ਬੜਾ ਗਾਲੜ੍ਹੀ ਸੀ ਅਤੇ ਉਹ ਹੋਟਲ, ਜਿਸ ਦਾ ਕਿ ਉਹ ਇਕ ਤਰ੍ਹਾਂ ਮਾਲਕ ਹੀ ਸੀ, ਵਿੱਚ ਆਉਣ ਵਾਲੀਆਂ ਅਮੀਰ ਔਰਤਾਂ ਨਾਲ ਆਪਣੇ ਤਜਰਬਿਆਂ ਬਾਰੇ ਗੱਲਾਂ ਕਰਦਿਆਂ ਨਹੀਂ ਸੀ ਥਕਦਾ। ਲੋਕ ਉਸ ਬਾਰੇ ਬਸ ਉਨਾਂ ਹੀ ਜਾਣਦੇ ਸਨ, ਜਿੰਨਾਂ ਕੁ ਉਹ ਆਪ ਦੱਸਦਾ ਸੀ ਅਤੇ ਇਹ ਵੀ ਉਸ ਦੇ ਮੂਡ ਮੁਤਾਬਿਕ ਬਦਲਦਾ ਰਹਿੰਦਾ ਸੀ। ਸਲਮਾਨ ਨੂੰ ਲਗਦਾ ਸੀ

ਕਿ ਉਹ ਹਾਲੀ ਵੀ ਇਸ ਮੁਲਕ ਵਿੱਚ ਗ਼ੈਰ ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ।

ਛੋਟੇ ਟੋਨੀ ਵਾਂਗ ਬੱਟ ਸਾਹਿਬ ਵੀ ਇਸ ਮੁਲਕ ਵਿੱਚ ਕਈ ਸਾਲਾਂ ਤੋਂ ਵੱਖ ਵੱਖ ਹੋਟਲਾਂ ਵਿੱਚ ਖ਼ਾਨਸਾਮੇ ਵੱਜੋਂ ਕੰਮ ਕਰਕੇ, ਗੈਰ ਕਾਨੂੰਨੀ ਤੌਰ 'ਤੇ ਹੀ ਰਹਿ ਰਹੇ ਸਨ। ਦੋਵੇਂ ਜਣੇ ਕਈ ਸਾਲ ਹੈਮੰਬਰਗ ਵਿੱਚ ਇਕੱਠੇ ਰਹੇ ਸਨ। ਦੋਵੇਂ ਕਾਫੀ ਦੇਰ ਉੱਥੋਂ ਦੇ ਇਕ ਨਾਜ਼ੀ ਪੁਲਿਸ ਦੇ ਸਾਬਕਾ ਅਫ਼ਸਰ ਦੇ ਹੋਟਲ ਵਿੱਚ ਰਹਿ ਕੇ ਕੰਮ ਕਰਦੇ ਰਹੇ ਸਨ। ਬੱਟ ਸਾਹਿਬ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਉਨ੍ਹਾਂ ਦੋਨ੍ਹਾਂ ਨੇ ਕਾਫੀ ਪੈਸਾ ਕਮਾਇਆ ਸੀ। ਰਹਿਣ ਦਾ ਕੋਈ ਖ਼ਰਚਾ ਨਹੀਂ ਸੀ। ਉਸ ਸ਼ਹਿਰ ਵਿੱਚ ਨਵੇਂ ਅਤੇ ਗੈਰ ਕਾਨੂੰਨੀ ਹੋਣ ਕਰਕੇ ਉਹ ਆਪਣੇ ਕਮਰੇ ਤੋਂ ਬਾਹਰ ਬਹੁਤ ਘੱਟ ਨਿਕਲਦੇ ਸਨ, ਕਦੇ ਕਦੇ ਹੋਟਲ ਦਾ ਮਾਲਕ ਉਨ੍ਹਾਂ ਨੂੰ 'ਸਪੀਲਬੈਂਕ' ਕਸੀਨੋ ਵਿੱਚ ਲੈ ਜਾਂਦਾ ਸੀ। ਅਸੀਂ ਇਹੋ ਜਿਹੀਆਂ ਥਾਵਾਂ ਤੇ ਆਪਣੇ ਆਪ ਨਹੀਂ ਜਾ ਸਕਦੇ ਸੀ, ਕਿਉਂਕਿ ਇਥੇ ਸ਼ਨਾਖ਼ਤੀ ਕਾਰਡ ਚੈਕ ਕੀਤੇ ਜਾਂਦੇ ਸੀ, ਜੋ ਕਿ ਸਾਡੇ ਕੋਲ ਨਹੀਂ ਸਨ। ਪਰ ਸਾਡਾ ਬਾੱਸ ਕਲੌਸ ਸ਼ਹਿਰ ਦੇ ਹਰ ਰਸੂਖ ਵਾਲੇ ਬੰਦੇ ਨੂੰ ਜਾਣਦਾ ਸੀ, ਇਸ ਲਈ ਕਸੀਨੋ ਵਿੱਚ ਸਾਡੇ ਤੋਂ ਕੋਈ ਸ਼ਨਾਖ਼ਤੀ ਕਾਰਡ ਨਹੀਂ ਸੀ ਮੰਗਦਾ। ਕਲੌਸ ਨਾਲ ਪੰਜ ਸਾਲ ਦੀ ਨੌਕਰੀ ਦੌਰਾਨ ਅਸੀਂ ਸ਼ਾਇਦ ਇਕ ਦਰਜਨ ਵਾਰ ਸ਼ਹਿਰ ਵਿੱਚ ਗਏ ਹੋਵਾਂਗੇ।" ਇਕ ਹੋਰ ਬੰਦਾ ਯੂਨਸ ਸੀ, ਜੋ ਕਿ ਸ਼ਕਲ ਤੋਂ ਸਖ਼ਤ ਮਿਜ਼ਾਜ਼ ਲੱਗਦਾ ਸੀ, ਪਰ ਬੜਾ ਵਿਹਾਰਿਕ ਸੀ। ਉਸ ਦਾ ਛੋਟੇ ਟੋਨੀ ਨਾਲ ਇਕ ਲੰਬਾ ਝਗੜਾ ਚਲ ਰਿਹਾ ਸੀ। ਉਹ ਦੋਵੇਂ ਹੀ ਔਰਤਾਂ ਦੇ ਸ਼ੌਕੀਨ ਦੇ ਰੂਪ ਵਿੱਚ ਜਾਣੇ ਜਾਣਾ ਪਸੰਦ ਕਰਦੇ ਸਨ। ਛੋਟਾ ਟੋਨੀ ਬੜਾ ਮੀਸਣਾ ਅਤੇ ਚਾਲਾਕ ਸੀ, ਯੂਨਸ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਛੋਟੇ ਟੋਨੀ ਨੇ ਉਸ ਦੀਆਂ ਬਹੁਤ ਸਾਰੀਆਂ ਗਰਲ ਫਰੈਂਡਸ ਖੋਹ ਲਈਆਂ ਸਨ।

"ਹਰ ਵਾਰ ਜਦੋਂ ਮੈਂ ਆਪਣੀ ਦੋਸਤ ਨੂੰ ਉਸ ਨਾਲ ਮਿਲਾਇਆ, ਇੰਜ ਹੀ ਹੋਇਆ"। ਅਤੇ ਅਖੀਰ ਵਿੱਚ, ਖ਼ਾਨ ਸੀ। ਖ਼ਾਨ ਪਾਕਿਸਤਾਨ ਅਫਗਾਨਿਸਤਾਨ ਸਰਹੱਦ ਦੇ ਕਬਾਇਲੀ ਇਲਾਕੇ ਤੋਂ ਸੀ, ਜੋ ਕਿ ਪੰਜਾਹ ਦੇ ਦਹਾਕੇ ਦੇ ਅਖੀਰ ਵਿੱਚ ਜਰਮਨੀ ਆਇਆ ਸੀ। ਇਥੇ ਉਸ ਨੇ ਜਰਮਨ ਔਰਤ ਨਾਲ ਵਿਆਹ ਕਰਵਾ ਲਿਆ ਸੀ ਅਤੇ ਹੁਣ ਉਹ ਆਪਣੀ ਇੱਕੋ ਇੱਕ ਧੀ ਦੇ ਬੱਚਿਆਂ ਦਾ ਖ਼ੁਸ਼ਕਿਸਮਤ ਨਾਨਾ ਸੀ। ਉਹ ਇਕ ਪਹਾੜੀ ਪਿੰਡ ਵਿੱਚ ਰਹਿੰਦਾ ਸੀ ਜੋ ਸ਼ਹਿਰ ਤੋਂ ਸੌ ਕੁ ਕਿਲੋਮੀਟਰ ਦੂਰ ਸੀ। ਖ਼ਾਨ ਇਕ ਖਾਨਦਾਨੀ ਜਰਮਨ ਵਾਂਗ ਦਿਖਦਾ ਅਤੇ ਗੱਲਬਾਤ ਕਰਦਾ ਸੀ। ਪਿੰਡ ਵਿੱਚ ਉਸ ਦਾ ਇਕ ਵੱਡਾ ਫਾਰਮ ਹਾਊਸ ਅਤੇ ਇਕ ਪੱਕੀ ਜਾਗੀਰ ਜਾਇਦਾਦ ਸੀ। ਉਹ ਇਕ ਕਾਮਯਾਬ ਕਾਰ ਮਕੈਨਿਕ ਸੀ। ਪੁਰਾਣੀਆਂ ਕਾਰਾਂ ਖਰੀਦ ਕੇ ਉਨ੍ਹਾਂ ਨੂੰ ਨਵਾਂ ਕਰਨਾ ਉਸ ਦਾ ਸ਼ੌਕ ਸੀ। ਆਮ ਤੌਰ 'ਤੇ ਉਹ ਇਹ ਕਾਰਾਂ ਆਪਣੇ ਦੋਸਤਾਂ ਨੂੰ ਮਾਮੂਲੀ ਕੀਮਤ 'ਤੇ ਵੇਚ ਦਿੰਦਾ ਸੀ। ਸੱਠ ਸਾਲਾਂ ਦੀ ਉਮਰ ਵਿੱਚ ਵੀ ਉਹ ਬੜਾ ਜ਼ਿੰਦਾ ਦਿਲ ਸੀ।

ਅੱਧੀ ਰਾਤ ਦੇ ਕਰੀਬ ਖਾਣੇ ਦਾ ਐਲਾਨ ਹੋਇਆ, ਹਰ ਕਿਸੇ ਨੇ ਸਾਈਡ ਬੋਰਡ ਤੋਂ ਪਲੇਟ ਚੁੱਕ ਕੇ ਸਟੋਵ ਤੇ ਰਿੱਝ ਰਹੇ ਪਤੀਲੇ ਵੱਲ ਕਦਮ ਵਧਾਏ। ਬਿੱਲੇ ਗੁੱਜਰ ਨੂੰ ਤੁਰਕੀ ਨਾੱਨ ਕੱਟਣ ਦਾ ਕੰਮ ਦਿੱਤਾ ਗਿਆ। ਹੁਣ ਤੱਕ ਮੈਨੂੰ ਕਰੀਬ ਕਰੀਬ ਹਰ ਕਿਸੇ ਦੀ ਜ਼ਿੰਦਗੀ ਦੀ ਕਹਾਣੀ ਪਤਾ ਲੱਗ ਚੁੱਕੀ ਸੀ, ਜੌਨੀ ਵਾੱਕਰ ਨੇ ਮੈਨੂੰ ਉੱਥੇ ਸੌਖੇ ਹੋਣ ਵਿੱਚ ਮਦਦ ਕੀਤੀ, ਹਾਲਾਂਕਿ ਮੈਨੂੰ ਇਹ ਮਾਰਕਾ ਪਸੰਦ ਨਹੀਂ ਸੀ। ਕਿਉਂਕਿ ਮੇਰੇ ਲਈ ਇਹ ਨਵੇਂ ਕਮਾਏ ਪੈਸੇ ਅਤੇ ਭੈੜੇ ਸ਼ੌਕ ਦਾ ਪ੍ਰਤੀਕ ਸੀ।

"ਮੈਂ ਸਾਰੀ ਸ਼ਾਮ ਖਾਣਾ ਬਣਾਉਂਦਾ ਰਹਿ ਗਿਆ ਤੇ ਇਨ੍ਹਾਂ ਦੇ ਮੂੰਹੋਂ ਇਕ ਲਫ਼ਜ਼ ਵੀ ਨਹੀਂ ਫੁੱਟਿਆ।" ਬੱਟ ਸਾਹਿਬ ਦੀ ਉੱਚੀ ਆਵਾਜ਼ ਸੁਣਾਈ ਦਿੱਤੀ।

ਮੈਂ ਧਿਆਨ ਨਹੀਂ ਸੀ ਦਿੱਤਾ ਕਿ ਉਹ ਖਾਣਾ

ਨਹੀਂ ਖਾ ਰਿਹਾ ਸੀ। ਸ਼ਰਾਬ ਦੇ ਨਸ਼ੇ ਕਾਰਣ ਉਸ ਦੀਆਂ ਅੱਖਾਂ ਲਾਲ ਹੋ ਗਈਆਂ ਸਨ। ਉਸ ਦੀ ਜ਼ਹਿਰ ਭਰੀ ਆਵਾਜ਼ ਤੋਂ ਮੈਂ ਠਠੰਬਰ ਗਿਆ, ਕਿਉਂ ਕਿ ਇਨੀਂ ਨਫ਼ਰਤ ਭਰੀ ਅਵਾਜ਼ ਮੈਂ ਕਦੇ ਨਹੀਂ ਸੁਣੀ ਸੀ। ਬੱਟ ਸਾਹਿਬ ਨੇ ਮੇਰੇ ਚਿਹਰੇ ਤੇ ਹੈਰਾਨੀ ਵੇਖ ਕੇ ਕਿਹਾ,

"ਪਲੀਜ਼ ਸਈਅਦ ਸਾਹਿਬ, ਤੁਸੀਂ ਖਾਂਦੇ ਰਹੋ, ਮੈਂ ਜਾਣਦਾ ਹਾਂ ਕਿ ਤੁਸੀਂ ਚੰਗੇ ਖਾਣੇ ਅਤੇ ਇਨ੍ਹਾਂ ਅਨਪੜ੍ਹ ਜਾਹਿਲਾਂ ਦੀ ਜੁੰਡਲੀ ਦੇ ਰੋਜ਼ ਦੇ ਘਟੀਆ ਖਾਣੇ ਦਾ ਫ਼ਰਕ ਦੱਸ ਸਕਦੇ ਹੋ। ਤੁਸੀਂ ਸਲਮਾਨ ਭਾਈ ਦੇ ਦੋਸਤ ਹੋ। ਉਹ ਸਵਾਦ, ਮਸਾਲਿਆਂ ਬਾਰੇ ਚੰਗੀ ਤਰ੍ਹਾਂ ਸਮਝਦਾ ਹੈ ਕਿ ਕਿਵੇਂ ਇਕ ਖ਼ਾਨਸਾਮਾ ਵੱਖ ਵੱਖ ਮਸਾਲਿਆਂ ਨੂੰ ਸਾਵਾਂ ਰੱਖਦਾ ਹੈ। ਉਸ ਨੂੰ ਸਭ ਪਤਾ ਹੈ। ਪਰ ਇਹ ਲੋਕ..."

ਉਸ ਨੇ ਫਿਕਰਾ ਅਧੂਰਾ ਛੱਡ ਦਿੱਤਾ ਅਤੇ ਆਪਣੇ ਲਈ ਵਿਸਕੀ ਦਾ ਇਕ ਹੋਰ ਗਲਾਸ ਭਰ ਲਿਆ।

ਕਿਸੇ ਨੇ ਵੀ ਉਸ ਦੇ ਇਸ ਭੜਕਵੀਂ ਗੱਲ ਵੱਲ ਧਿਆਨ ਨਹੀਂ ਦਿੱਤਾ। ਬਾਅਦ ਵਿੱਚ ਮੈਨੂੰ ਪਤਾ ਲਗਾ ਕੇ ਬੱਟ ਨੂੰ ਇਸ ਤਰ੍ਹਾਂ ਅਚਾਨਕ ਉੱਚੀ ਬੋਲਣਾ ਬੜਾ ਚੰਗਾ ਲਗਦਾ ਸੀ। ਟੋਨੀ ਨੇ ਬਾਦ ਵਿੱਚ ਮੈਨੂੰ ਦੱਸਿਆ,

"ਉਸ ਦੇ ਜਵਾਲਾਮੁਖੀ ਹਮੇਸ਼ਾ ਹੀ ਇਤਨੇ ਅਚਾਨਕ, ਗੁੱਸੇ ਭਰੇ, ਡਰਾ ਦੇਣ ਵਾਲੇ ਅਤੇ ਅਚਨਚੇਤ ਹੁੰਦੇ ਹਨ ਕਿ ਜਿਹੜੇ ਲੋਕ ਇਸ ਨੂੰ ਨਹੀਂ ਜਾਣਦੇ, ਇਸ ਦੀ ਆਵਾਜ਼ ਦੀ ਤਾਕਤ ਨੂੰ ਦੇਖ ਕੇ ਖਾਮੋਸ਼ ਹੋ ਜਾਂਦੇ ਹਨ। ਪਰ ਇਸ ਦਾ ਕਾਰਣ ਬੱਟ ਦਾ ਇਸ ਦੇਸ਼ ਵਿੱਚ ਸਾਲਾਂ ਤੋਂ ਗ਼ੈਰ ਕਾਨੂੰਨੀ ਤੌਰ 'ਤੇ ਰਹਿਣ ਦਾ ਡਰ ਅਤੇ ਅਸੁਰੱਖਿਆ ਦੀ ਭਾਵਨਾ ਲਗਦਾ ਹੈ"।

"ਬੱਟ ਵੱਲ ਧਿਆਨ ਨਾ ਦੇਣਾ, ਇਹ ਤਾਂ ਸ਼ੁਦਾਈ ਹੈ," ਛੋਟੇ ਟੋਨੀ ਨੇ ਕਿਹਾ। ਫਿਰ ਉਸਨੇ ਬੱਟ ਸਾਹਿਬ ਨੂੰ ਮੁਖ਼ਾਤਿਬ ਹੋ ਕੇ ਕਿਹਾ

"ਓਏ, ਜੇ ਅੱਜ ਰਾਤ ਮੇਜ਼ਬਾਨ ਹੈਂ ਤਾਂ ਹੋਰ ਵਿਸਕੀ ਲਿਆ"। ਮੈਨੂੰ ਲੱਗਿਆ ਇਕ ਵਾਰ ਫਿਰ ਬੱਟ ਭੜਕੇਗਾ।

"ਮੰਜੇ ਹੇਠਾਂ ਪਈ ਹੈ, ਆਪੇ ਕੱਢ ਲੈ।" ਬੱਟ ਸਾਹਿਬ ਨੇ ਜਵਾਬ ਦਿੱਤਾ।

ਮੈਨੂੰ ਲੱਗਿਆ ਕਿ ਛੋਟੇ ਟੋਨੀ ਨਾਲ ਬੱਟ ਦਾ ਇਕ ਖ਼ਾਸ, ਪੇਚੀਦਾ ਰਿਸ਼ਤਾ ਸੀ, ਜਿਸਨੂੰ ਮੈਂ ਸਮਝ ਤਾਂ ਨਹੀਂ ਸਕਿਆ, ਪਰ ਜਿਸ ਨੇ ਮੇਰੀ ਉਤਸੁਕਤਾ ਜ਼ਰੂਰ ਵਧਾ ਦਿੱਤੀ ਸੀ। ਹੁਣ ਅੱਧੀ ਰਾਤ ਹੋ ਚੁੱਕੀ ਸੀ ਅਤੇ ਮੈਂ ਘਰ ਜਾਣਾ ਚਾਹੁੰਦਾ ਸੀ। ਸਲਮਾਨ ਉਡੀਕ ਰਿਹਾ ਸੀ ਕਿ ਮੈਂ ਸਭ ਤੋਂ ਵਿਦਾ ਲੈ ਲਵਾਂ। ਸਲਮਾਨ ਨੂੰ ਰੌਲਾ ਰੱਪਾ ਪਸੰਦ ਨਹੀਂ ਸੀ, ਲੜਾਈ ਝਗੜਾ ਤਾਂ ਵੇਖਣਾ ਵੀ ਨਾਪਸੰਦ ਸੀ।

"ਬੱਟ ਸਾਹਿਬ, ਸਾਨੂੰ ਦਾਅਵਤ 'ਤੇ ਸੱਦਣ ਲਈ ਬਹੁਤ ਮਿਹਰਬਾਨੀ।"

ਮੈਂ ਉਸ ਦਾ ਸ਼ੁਕਰੀਆ ਕਰਨਾ ਸ਼ੁਰੂ ਕੀਤਾ ਹੀ ਸੀ ਕਿ ਬੱਟ ਨੇ ਮੈਨੂੰ ਵਿੱਚੋਂ ਟੋਕ ਦਿੱਤਾ।

"ਤੁਸੀਂ ਮਿੱਠਾ ਖਾਧੇ ਬਗੈਰ ਨਹੀਂ ਜਾ ਸਕਦੇ। ਮਿਸਿਜ਼ ਬੱਟ ਬਸ ਆਉਣ ਹੀ ਵਾਲੀ ਹੈ। ਉਸ ਦੀ ਡਿਊਟੀ ਅੱਧੀ ਰਾਤ ਨੂੰ ਮੁੱਕਦੀ ਹੈ ਅਤੇ ਘਰ ਪਹੁੰਚਣ ਵਿੱਚ ਡੇਢ ਘੰਟਾ ਲਗ ਜਾਂਦਾ ਹੈ। ਓਏ ਬੱਲੇ, ਆਹ ਮੈਨੂੰ ਗੱਡੀਆਂ ਦਾ ਟਾਈਮ-ਟੇਬਲ ਫੜਾਈਂ।"

ਮੈਂ ਸਲਮਾਨ ਵੱਲ ਵੇਖਿਆ। "ਪਰ ਬੱਟ ਸਾਹਿਬ, ਤੁਸੀਂ ਮਿਸਿਜ਼ ਬੱਟ ਨੂੰ ਇਸ ਵਕਤ ਬੁਲਾਇਐ? ਇਸ ਵਕਤ ਤਾਂ ਉਹ ਬਹੁਤ ਥੱਕੀ ਹੋਵੇਗੀ, ਮੇਰਾ ਖ਼ਿਆਲ ਹੈ ਸਾਨੂੰ ਚਲਣਾ ਚਾਹੀਦਾ ਹੈ, ਫਿਰ ਕਦੀ ਆ ਜਾਵਾਂਗੇ।"

ਸਲਮਾਨ ਨੇ ਬੱਟ ਸਾਹਿਬ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਸਲਮਾਨ ਭਾਈ, ਪਲੀਜ਼ ਰੁਕ ਜਾਓ। ਮੇਰੀ ਬੇਨਤੀ ਹੈ। ਮਿਸਿਜ਼ ਬੱਟ ਬਹੁਤ ਜ਼ਿਆਦਾ ਨਿਰਾਸ਼ ਹੋਵੇਗੀ। ਉਸਨੂੰ ਤੇਰੇ ਦੋਸਤ ਨਾਲ ਮਿਲਣ ਦੀ ਬਹੁਤ ਇੱਛਾ ਸੀ।"

ਮੈਂ ਇੱਕ ਸੁਝਾਅ ਦਿੱਤਾ, "ਮੇਰਾ ਖ਼ਿਆਲ

ਹੈ ਕਿ ਇੰਨਾ ਭਰਪੂਰ ਖਾਣਾ ਖਾਣ ਤੋਂ ਬਾਅਦ ਸਾਨੂੰ ਸਭ ਨੂੰ ਸੈਰ ਦੀ ਲੋੜ ਹੈ। ਅਸੀਂ ਸਟੇਸ਼ਨ ਤੱਕ ਸੈਰ ਕਰਦੇ ਜਾਂਦੇ ਹਾਂ, ਮਿਸਿਜ਼ ਬੱਟ ਨੂੰ ਮਿਲ ਕੇ ਅਸੀਂ ਉੱਥੋਂ ਹੀ ਨਿਕਲ ਚਲਾਂਗੇ। ”

ਲਗਦਾ ਸੀ ਇਕ ਸ਼ਾਮ ਵਿੱਚ ਹੀ ਮੈਨੂੰ ਬੱਟ ਨੂੰ ਖ਼ੁਸ਼ ਕਰਕੇ ਨਿਬੜਨਾ ਆ ਗਿਆ ਸੀ।

ਬਾਹਰ ਠੰਡੀ ਹਵਾ ਬੜੀ ਖ਼ੁਸ਼ਗਵਾਰ ਸੀ। ਸਟੇਸ਼ਨ ਦੇ ਦੂਜੇ ਪਾਸੇ ਸ਼ਹਿਰ ਦਾ ਬਾਜ਼ਾਰ ਸੀ। ਡਿਗਦੀ ਬਰਫ਼ ਵਿੱਚ ਇਹ ਬਹੁਤ ਖ਼ੂਬਸੂਰਤ ਲਗ ਰਿਹਾ ਸੀ। ਮੈਨੂੰ ਜਰਮਨ ਲੋਕਾਂ ਦਾ ਕ੍ਰਿਸਮਿਸ ਲਈ ਆਪਣੇ ਸ਼ਹਿਰਾਂ ਨੂੰ ਸਜਾਉਣ ਦਾ ਤਰੀਕਾ ਬਹੁਤ ਪਸੰਦ ਆਇਆ। ਮਿਸਿਜ਼ ਬੱਟ ਇਕ ਚਿੱਟੇ ਵਾਲਾਂ ਵਾਲੀ, ਮਧਰੀ ਅਤੇ ਭਾਰੀ ਔਰਤ ਨਿਕਲੀ। ਸਾਨੂੰ ਸਭ ਨੂੰ ਸਟੇਸ਼ਨ ਤੇ ਪਹੁੰਚੇ ਵੇਖ ਕੇ ਉਹ ਬਹੁਤ ਖੁਸ਼ ਹੋਈ। 'ਤੇ ਜਦੋਂ ਉਸ ਨੂੰ ਬੱਟ ਤੋਂ ਪਤਾ ਲੱਗਾ ਕਿ ਸਟੇਸ਼ਨ ਤੇ ਜਾ ਕੇ ਉਸ ਨੂੰ ਮਿਲਣ ਦਾ ਸੁਝਾਓ ਮੇਰਾ ਸੀ, ਉਸ ਨੇ ਮੈਨੂੰ ਜੱਫ਼ੀ ਪਾ ਲਈ। ਕਿਉਂ ਕਿ ਮਿਸਿਜ਼ ਬੱਟ ਬਾਰੇ ਮੈਨੂੰ ਦੇਰ ਸ਼ਾਮ ਨੂੰ ਹੀ ਪਤਾ ਲੱਗਾ ਸੀ, ਇਸ ਲਈ ਮੈਂ ਉਸ ਬਾਰੇ ਬਹੁਤਾ ਕੁਝ ਨਹੀਂ ਜਾਣਦਾ ਸਾਂ। ਮੇਰਾ ਖ਼ਿਆਲ ਸੀ ਕਿ ਬੱਟ ਦਾ ਵਿਆਹ ਨਹੀ ਹੋਇਆ ਸੀ। ਬਾਅਦ ਵਿੱਚ ਘਰ ਪਹੁੰਚ ਕੇ, ਆਪਣੇ ਬਿਸਤਰਿਆਂ ਵਿੱਚ ਨਿੱਘੇ ਹੋਣ ਬਾਅਦ, ਜਿਸ ਤੋਂ ਪਹਿਲਾਂ ਮੈਂ ਆਪਣਾ ਰੋਜ਼ ਦਾ ਭਾਸ਼ਣ ਵੀ ਦਿੱਤਾ ਕਿ ਮੈਂ ਜ਼ਮੀਨ ਉੱਤੇ ਆਪਣੇ ਸਲੀਪਿੰਗ ਬੈਗ ਵਿੱਚ ਠੀਕ ਰਹਾਂਗਾ, ਸਲਮਾਨ ਨੇ ਮੈਨੂੰ ਦੱਸਿਆ ਕਿ ਉਹ ਬੱਟ ਦੀ ਬੀਵੀ ਨਹੀਂ ਹੈ, ਪਰ ਉਸ ਨੂੰ ਆਪਣੇ ਆਪ ਨੂੰ ਇੰਜ ਅਖਵਾਉਣਾ ਚੰਗਾ ਲਗਦਾ ਸੀ। ਬੱਟ ਉਸ ਨੂੰ ਇਕ ਬਾਰ ਵਿੱਚ ਮਿਲਿਆ ਸੀ, ਜਿੱਥੇ ਇਹ ਬੜੇ ਸਾਲ ਪਹਿਲਾਂ ਕੰਮ ਕਰਦੀ ਸੀ। ਇਹ ਬਾਰ ਸ਼ਹਿਰ ਦੇ ਬਾਹਰ ਵੇਸਵਾ ਘਰ ਦਾ ਹੀ ਇਕ ਹਿੱਸਾ ਸੀ। ਬੱਟ ਉੱਥੇ ਬਹੁਤ ਜਾਂਦਾ ਹੁੰਦਾ ਸੀ। ਉਸ ਵਕਤ ਮਿਸਿਜ਼ ਬੱਟ ਬਾਰ ਵਿੱਚ ਮਦਦ ਨਹੀਂ ਕਰਦੀ ਸੀ, ਬਲਕਿ ਉੱਥੇ ਹੋਰ ਕੰਮ ਕਰਨ ਵਾਲੀਆਂ ਹਸੀਨਾਂਵਾਂ ਵਿੱਚੋਂ ਇਕ ਸੀ। ਉਹ ਇਕ ਬਹੁਤ ਚੰਗੀ ਔਰਤ ਹੈ ਅਤੇ ਸ਼ਾਇਦ ਇੱਕੋ ਇੱਕ ਇਨਸਾਨ ਹੈ ਜੋ ਬੱਟ ਦਾ ਸਚਮੁਚ ਖਿਆਲ ਰੱਖਦੀ ਹੈ। ਬੱਟ ਦੇ ਘਰ ਉਸ ਦੀ ਇਕ ਬੀਵੀ ਹੈ, ਉਸ ਦੇ ਬੱਚੇ ਵੱਡੇ ਹੋ ਗਏ ਹਨ, ਤੇ ਹੁਣ ਸ਼ਾਇਦ ਉਸ ਦੀ ਧੀ ਦਾ ਵਿਆਹ ਹੋਣ ਵਾਲਾ ਹੈ। ਬੱਟ ਦਾ ਪਰਿਵਾਰ ਚਾਹੁੰਦਾ ਹੈ ਕਿ ਉਹ ਵਿਆਹ ਵਿੱਚ ਭਾਰਾ ਦਾਜ ਦੇਵੇ। ਮੈਂ ਸੁਣਿਆ ਹੈ ਕਿ ਛੋਟਾ ਟੋਨੀ ਬੱਟ ਨੂੰ ਆਪਣੇ ਹੋਟਲ ਵਿੱਚ ਕੰਮ 'ਤੇ ਰਖਵਾ ਰਿਹਾ ਹੈ। ਉਹ ਚਾਹੁੰਦਾ ਹੈ ਕਿ ਬੱਟ ਉਸ ਦੇ ਨਾਲ ਹੀ ਹੋਟਲ ਦੇ ਉਪਰ ਵਾਲੇ ਕਮਰੇ ਵਿੱਚ ਰਹਿਣ ਲਗ ਜਾਵੇ। ਕੰਮ ਤਾਂ ਬਹੁਤ ਮੁਸ਼ਕਲ ਹੈ। ਸੋਲ੍ਹਾਂ ਤੋਂ ਅਠਾਰ੍ਹਾਂ ਘੰਟੇ ਦਿਹਾੜੀ ਦਾ ਕੰਮ ਹੈ। ਹੋਟਲ ਦਾ ਮਾਲਕ ਉਸ ਨੂੰ ਵੱਢੀ ਵੀ ਦਿੰਦਾ ਰਹਿੰਦਾ ਹੈ। ਮਿਸਿਜ਼ ਬੱਟ ਨੂੰ ਛੋਟਾ ਟੋਨੀ ਬਿਲਕੁਲ ਨਹੀਂ ਪਸੰਦ। ਕੁਝ ਮਹੀਨੇ ਪਹਿਲਾਂ, ਜਦੋਂ ਬੱਟ ਨੇ ਛੋਟੇ ਟੋਨੀ ਨਾਲ ਕੰਮ ਕਰਨ ਲਈ ਹਾਂ ਕੀਤੀ, ਅਗਲੇ ਹੀ ਦਿਨ ਉਹ ਬੱਟ ਨੂੰ ਮੇਰੇ ਕੋਲ ਲੈ ਕੇ ਆਈ। ਉਹ ਚਾਹੁੰਦੀ ਸੀ ਕਿ ਮੈਂ ਬੱਟ ਨੂੰ ਸਮਝਾਵਾਂ ਕਿ ਉਹ ਵਾਪਸ ਉਸ ਨਰਕ ਵਿੱਚ ਨਾ ਪਵੇ ਜਿਹੜਾ ਕਿ ਉਸ ਨੇ ਸ਼ੁਰੂ ਵਿੱਚ ਗ਼ੈਰ ਕਾਨੂੰਨੀ ਹੋਣ ਨਾਤੇ ਅਤੇ ਵੱਖ ਵੱਖ ਹੋਟਲਾਂ ਵਿੱਚ ਕੰਮ ਕਰਕੇ ਅਤੇ ਰਹਿ ਕੇ ਭੁਗਤਿਆ ਸੀ। ਤੈਨੂੰ ਪਤੈ, ਉਹ ਤਾਂ ਉਸ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ ਤਾਂ ਜੋ ਇਹ ਪੱਕੀ ਰਿਹਾਇਸ਼ ਲਈ ਅਰਜ਼ੀ ਪਾ ਸਕੇ, ਪਰ ਇਸ ਨੇ ਵਿਆਹ ਤੋਂ ਨਾਂਹ ਕਰ ਦਿੱਤੀ। ਇਹ ਮਿਸਿਜ਼ ਬੱਟ ਹੀ ਸੀ, ਜਿਸ ਨੇ ਇਸ ਨੂੰ ਪਨਾਹ ਲਈ ਅਰਜ਼ੀ ਦੇਣ ਨੂੰ ਕਿਹਾ ਸੀ। ਹੁਣ ਇਸ ਨੂੰ ਕਿਸੇ ਤੋਂ ਲੁਕਣ ਦੀ ਲੋੜ ਨਹੀਂ ਹੈ, ਘੱਟੋ ਘੱਟ ਉਦੋਂ ਤੱਕ, ਜੱਦ ਤਕ ਇਸ ਦੀ ਪਨਾਹ ਦੀ ਅਰਜ਼ੀ ਦਾ ਫ਼ੈਸਲਾ ਨਹੀਂ ਹੋ ਜਾਂਦਾ।

ਨਵਾਂ ਸਾਲ ਬਰਫ਼ੀਲੇ ਤੂਫ਼ਾਨ ਨਾਲ ਚੜ੍ਹਿਆ। ਮੈਂ ਮਿਸਿਜ਼ ਜ਼ਿਮਰਮੱਨ ਦੀ ਸਲਾਹ ਮੰਨ ਕੇ ਭਾਸ਼ਾ ਸਕੂਲ ਵਿੱਚ ਦਾਖ਼ਲਾ ਲੈ ਲਿਆ। ਸਲਮਾਨ ਦੀ ਇੱਕ ਦੋਸਤ ਨੂੰ ਮੈਂ ਪਸੰਦ ਆ ਗਿਆ ਅਤੇ ਉਸ ਨੇ ਮੈਨੂੰ ਆਪਣੇ ਵੱਡੇ ਸਾਰੇ

ਘਰ ਵਿੱਚ ਮਾਮੂਲੀ ਕਿਰਾਏ 'ਤੇ ਕਮਰਾ ਦੇ ਦਿੱਤਾ।

"ਇਹ ਮੈਂ ਤੇਰੇ ਸਾਥ ਲਈ ਦੇ ਰਹੀ ਹਾਂ, ਪੈਸੇ ਲਈ ਨਹੀਂ।"ਮਿਸਿਜ਼ ਸ਼ਨਾਈਦਰ ਨੇ ਮੈਨੂੰ ਕਿਹਾ।

ਉਹ ਵੀ ਸਲਮਾਨ ਦੀਆਂ ਹੋਰ ਗਰਲ ਫਰੈਂਡਸ ਵਾਂਗ ਇਕ ਵਿਧਵਾ ਸੀ, ਉਸ ਦਾ ਪਤੀ ਦੱਸ ਸਾਲ ਪਹਿਲਾਂ ਮਰ ਗਿਆ ਸੀ ਅਤੇ ਪਿੱਛੇ ਉਸ ਦੇ ਬੁਢਾਪੇ ਲਈ ਕਾਫ਼ੀ ਕੁਝ ਛੱਡ ਗਿਆ ਸੀ।ਇਹ ਘਰ ਪਿੰਡ ਦੇ ਅਖ਼ੀਰ ਵਿੱਚ ਸੀ ਅਤੇ ਇਸ ਦਾ ਪਿਛਲਾ ਵਿਹੜਾ ਜੰਗਲ ਵਿੱਚ ਖੁੱਲ੍ਹਦਾ ਸੀ। ਇਹ ਇੱਕ ਪੇਂਡੂ ਪਰ ਖ਼ੁਸ਼ਨੁਮਾ ਘਰ ਸੀ, ਜਿਸ ਨੇ ਕਦੇ ਚੰਗੇ ਦਿਨ ਵੇਖੇ ਸਨ ਅਤੇ ਜੋ ਅੱਜ ਵੀ ਮਿਸਿਜ਼ ਸ਼ਨਾਈਦਰ ਦੇ ਬੱਚਿਆਂ, ਤਿੰਨ ਧੀਆਂ ਅਤੇ ਦੋ ਪੁੱਤਰਾਂ ਦੀਆਂ ਯਾਦਾਂ ਨਾਲ ਭਰਿਆ ਪਿਆ ਸੀ, ਜੋ ਹੁਣ ਦੂਜੇ ਸ਼ਹਿਰਾਂ ਵਿੱਚ ਰਹਿੰਦੇ ਸਨ। ਮਿਸਿਜ਼ ਸ਼ਨਾਈਦਰ ਨੇ ਮੈਨੂੰ ਆਪਣੇ ਪਰਿਵਾਰ ਬਾਰੇ ਬਹੁਤ ਸਾਰੀਆਂ ਕਹਾਣੀਆਂ ਸੁਣਾਈਆਂ। ਉਸ ਨੂੰ ਆਪਣੇ ਪਰਿਵਾਰ ਤੇ ਬਹੁਤ ਮਾਣ ਸੀ। ਪਰ ਉਸ ਦੇ ਘਰ ਵਿੱਚ ਆਪਣੀ ਛੇ ਮਹੀਨਿਆਂ ਦੀ ਠਹਿਰ ਦੌਰਾਨ ਮੈਂ ਉਸ ਦੇ ਪਰਿਵਾਰ ਨੂੰ ਮਿਲ ਨਹੀਂ ਸਕਿਆ। ਭਾਸ਼ਾ ਸਕੂਲ ਵਿੱਚ ਮੇਰੀ ਵਧੀਆ ਕਾਰਗੁਜ਼ਾਰੀ ਨੇ ਮੈਨੂੰ ਜਰਮਨ ਫ਼ਲਸਫੇ, ਸਾਹਿਤ ਅਤੇ ਇਤਿਹਾਸ ਪੜ੍ਹਨ ਦੀ ਜੱਦੋ ਜਹਿਦ ਵਿੱਚ ਇਸ ਉਮੀਦ ਨਾਲ ਲਗਾ ਦਿੱਤਾ ਕਿ ਛੇਤੀ ਹੀ ਮੈਂ ਨਿਤਸ਼ੈ ਦੀ 'ਦਸ ਸਪੇਕ ਜ਼ਰਦੁਸ਼ਤਰਾ' ਅਤੇ ਗੋਇਟੇ ਦੀ 'ਫਾਉਸਤ' ਮੂਲ ਰੂਪ ਵਿੱਚ ਪੜ੍ਹ ਲਵਾਂਗਾ। ਮੇਰਾ ਨਵਾਂ ਘਰ ਇਸ ਕੰਮ ਲਈ ਬਹੁਤ ਢੁੱਕਵੀਂ ਥਾਂ ਸੀ। ਇਹ ਬਹੁਤ ਸ਼ਾਂਤ ਅਤੇ ਖੁੱਲ੍ਹਾ ਸੀ।ਤਕਰੀਬਨ ਸਾਰਾ ਹੀ ਘਰ ਮੇਰੇ ਕੋਲ ਸੀ। ਸਵੇਰੇ ਮੈਂ ਗੱਡੀ ਫੜ ਕੇ ਸ਼ਹਿਰ ਆਪਣੇ 'ਭਾਸ਼ਾ-ਸਕੂਲ' ਜਾਂਦਾ, ਅਤੇ ਸ਼ਾਮ ਨੂੰ ਲਾਇਬ੍ਰੇਰੀ, ਤੇ ਜੇਕਰ ਬਹੁਤੀ ਠੰਡ ਨਾ ਹੁੰਦੀ ਤਾਂ ਪੁਰਾਣੇ ਸ਼ਹਿਰ ਵਿੱਚ ਘੁੰਮਦਾ ਅਤੇ ਨਹਿਰ ਦੇ ਨਾਲ ਲਗਦੇ ਬਾਜ਼ਾਰ ਵਿੱਚ ਪੁਰਾਣੀਆਂ ਕਿਤਾਬਾਂ ਦੀਆਂ ਦੁਕਾਨਾਂ ਵਿੱਚ ਅੰਗ੍ਰੇਜ਼ੀ ਦੀਆਂ ਕਿਤਾਬਾਂ ਲੱਭਦਾ। ਧੁੱਪ ਵਾਲੇ ਦਿਨਾਂ ਵਿੱਚ ਪੁਰਾਣੇ ਸ਼ਹਿਰ ਦੀਆਂ ਪੱਥਰੀਲੀਆਂ ਗਲੀਆਂ ਘੁੰਮਣਾ ਬਹੁਤ ਹੀ ਖੁਸ਼ਗਵਾਰ ਹੁੰਦਾ ਸੀ, ਜੋ ਇੱਕ ਮੱਠੀ-ਮੱਠੀ ਥਕਾਨ ਦੇਂਦਾ ਸੀ, ਨਹੀਂ ਤਾਂ ਜਰਮਨੀ ਵਿੱਚ ਮੇਰੀ ਪਹਿਲੀ ਸਰਦੀ ਦੇ ਠੰਡੇ, ਹਨੇਰੇ ਅਤੇ ਬੋਰੀਅਤ ਭਰੇ ਦਿਨ ਬਹੁਤ ਮੁਸ਼ਕਲ ਲਗਦੇ ਸਨ। ਮੇਰੇ ਕੋਲ ਖਰਚ ਕਰਨ ਲਈ ਪੈਸੇ ਵੀ ਨਹੀਂ ਹੁੰਦੇ ਸਨ, ਸਿਵਾਏ ਉਸ ਛੋਟੀ ਜਿਹੀ ਰਕਮ ਦੇ, ਜੋ ਮੈਨੂੰ ਇਕ ਵਿਦਿਆਰਥੀ ਹੋਣ ਦੇ ਨਾਤੇ ਮਿਲਦੀ ਸੀ। ਭਾਸ਼ਾ ਸਕੂਲ ਸ਼ੁਰੂ ਹੋਣ ਤੋਂ ਬਾਅਦ ਪੈਸੇ ਦੀ ਘਾਟ ਲੋਕਾਂ ਨਾਲ ਮਿਲਣ-ਜੁਲਣ ਅਤੇ ਨਵੇਂ ਦੋਸਤ ਬਣਾਉਣ ਵਿੱਚ ਦੂਜੀ ਦਿੱਕਤ ਸੀ।

ਵੀਕਐਂਡ 'ਤੇ ਜਾਂ ਸਲਮਾਨ ਮੇਰੇ ਕੋਲ ਆ ਜਾਂਦਾ ਜਾਂ ਮੈਂ ਉਸ ਕੋਲ ਚਲਿਆ ਜਾਂਦਾ ਤੇ ਜਾਂ ਅਸੀਂ ਬਜ਼ੁਰਗ ਔਰਤਾਂ ਨੂੰ ਲੰਚ ਲਈ ਸੱਦਾ ਦੇ ਦਿੰਦੇ। ਉਨ੍ਹਾਂ ਵਾਸਤੇ ਇਹ ਇੱਕ ਬਹੁਤ ਵੱਡਾ ਮੌਕਾ ਹੁੰਦਾ ਸੀ ਅਤੇ ਉਹ ਹਰ ਤਰ੍ਹਾਂ ਦੇ ਤੋਹਫ਼ੇ ਚੁੱਕੀ ਆਉਂਦੀਆਂ; ਘਰ ਦੇ ਬਣੇ ਮੁਰੱਬੇ, ਬਹੁਤ ਵਧੀਆ ਚਾੱਕਲੇਟ, ਮੂਜ਼ ਕੇਕ, ਆਪਣੇ ਬਾਗ ਦੀਆਂ ਸਬਜ਼ੀਆਂ ਅਤੇ ਸ਼ਰਾਬ। ਮੇਰੇ ਲਈ ਇਹ ਲੰਚ ਉਨ੍ਹਾਂ ਨਾਲ ਆਪਣੀ ਜਰਮਨ ਭਾਸ਼ਾ ਦਾ ਅਭਿਆਸ ਕਰਨ ਦੇ ਮੌਕੇ ਹੁੰਦੇ ਸਨ। ਮੈਨੂੰ ਸਲਮਾਨ ਤੋਂ ਪਤਾ ਲੱਗਾ ਕਿ ਬੱਟ ਨੇ ਛੋਟੇ ਟੋਨੀ ਦੀ ਕੰਮ ਦੀ ਪੇਸ਼ਕਸ਼ ਮੰਨ ਲਈ ਸੀ ਅਤੇ ਹੁਣ ਉਸ ਨੇ ਉਹਦੇ ਨਾਲ ਕੰਮ ਕਰਨਾ ਅਤੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

ਮਈ ਵਿੱਚ ਇੱਕ ਦਿਨ, ਉਹ ਮੈਨੂੰ ਸ਼ਹਿਰ ਵਿੱਚ ਟੱਕਰ ਪਿਆ।ਮੈਂ ਸਿਟੀ ਸੈਂਟਰ, ਹੈਲਮੱਟ ਕੋਹਲ ਨੂੰ ਸੁਣਨ ਗਿਆ ਹੋਇਆ ਸੀ, ਜੋ ਕਿ ਚਾਂਸਲਰ ਦੀ ਸੀਟ ਲਈ ਕ੍ਰਿਸ਼ਚਨ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਸੀ। ਬੱਟ ਦਾ ਹੋਟਲ ਵੀ ਉਸੇ ਇਲਾਕੇ ਵਿੱਚ ਸੀ। ਮੈਨੂੰ ਉੱਥੇ ਬਹੁਤ ਭੀੜ ਹੋਣ ਦੀ ਉਮੀਦ ਸੀ,

ਪਰ ਉਸ ਨੂੰ ਸੁਣਨ ਆਏ ਲੋਕਾਂ ਦੀ ਗਿਣਤੀ ਦਰਜਨ ਤੋਂ ਵੱਧ ਨਹੀਂ ਸੀ। ਉਨ੍ਹਾਂ ਵਿੱਚੋਂ ਵੀ ਅੱਧੇ ਤਾਂ ਪਾਰਟੀ ਮੈਂਬਰ ਸਨ ਅਤੇ ਬਾਕੀਆਂ ਦੀ ਵੀ ਇਸ ਸ਼ੋ ਵਿੱਚ ਕੋਈ ਦਿਲਚੱਸਪੀ ਨਹੀਂ ਸੀ। ਬਹੁਤ ਹੀ ਬੇਰੌਣਕਾ ਪ੍ਰਦਰਸ਼ਨ ਸੀ। ਉਹ ਬੰਦਾ ਮੈਨੂੰ ਬਹੁਤ ਹੀ ਢਿੱਲਾ ਜਾਪਿਆ, ਪਰ ਉਸ ਦਾ ਹੱਠ ਕਾਫ਼ੀ ਸਲਾਹਣਯੋਗ ਸੀ। ਇਹ ਗੱਲ ਉਸ ਨੂੰ ਬਿਲਕੁਲ ਪਰੇਸ਼ਾਨ ਨਹੀਂ ਸੀ ਕਰ ਰਹੀ ਕਿ ਸੜਕ ਕਿਨਾਰੇ ਖੜੇ ਲੋਕ ਉਸ ਦੀਆਂ ਗੱਲਾਂ ਵੱਲ ਬਿਲਕੁਲ ਧਿਆਨ ਨਹੀਂ ਸਨ ਦੇ ਰਹੇ। ਉਹ ਲਗਾਤਾਰ ਇਕ ਘੰਟੇ ਤੱਕ ਬੋਲਦਾ ਰਿਹਾ।

"ਆਪਣੇ ਵਤਨ ਵਿੱਚ ਤਾਂ ਤੁਹਾਨੂੰ ਇਹੋ ਜਿਹੇ ਮੌਕਿਆਂ ਤੇ ਬਹੁਤ ਵੱਡੀ ਭੀੜ ਵੇਖਣ ਦੀ ਆਦਤ ਹੈ, ਪਰ ਇਸ ਦੇਸ਼ ਵਿੱਚ ਇਸ ਤੋਂ ਬਿਲਕੁਲ ਉਲਟ ਹੈ, ਅਤੇ ਹੈਲਮਟ ਕੋਹਲ, ਹੈਲਮਟ ਸ਼ਮਿਟ ਦੇ ਮੁਕਾਬਲੇ ਕੁਝ ਵੀ ਨਹੀਂ।" ਉਸ ਨੇ ਕਿਹਾ।

ਬੱਟ ਸਾਹਿਬ ਉਸ ਦਿਨ ਛੁੱਟੀ ਤੇ ਸਨ ਉਹ ਬੜੇ ਥੱਕੇ ਟੁੱਟੇ ਲਗ ਰਹੇ ਸਨ। ਮੈਂ ਉਨ੍ਹਾਂ ਨੂੰ ਨਵੀਂ ਨੌਕਰੀ ਬਾਰੇ ਪੁੱਛਿਆ,

"ਸਈਅਦ ਸਾਹਿਬ! ਅੱਜ ਤੁਸੀਂ ਮੇਰਾ ਹਾਲ ਪੁੱਛ ਰਹੇ ਹੋ। ਮੇਰਾ ਖਿਆਲ ਹੈ ਕਿ ਤੁਹਾਨੂੰ ਸਾਡੀ ਦੋਸਤੀ ਪਸੰਦ ਨਹੀਂ। ਤੁਸੀਂ ਉਸ ਪਹਿਲੀ ਵਾਰ ਮਿਲਣ ਤੋਂ ਬਾਅਦ ਸਾਨੂੰ ਕਦੇ ਮਿਲਣ ਨਹੀਂ ਆਏ। ਮੈਂ ਸਲਮਾਨ ਭਾਈ ਨੂੰ ਕਈ ਵਾਰ ਤੁਹਾਡੇ ਬਾਰੇ ਪੁੱਛਿਆ, ਪਰ ਉਸ ਨੇ ਇਹੀ ਕਿਹਾ ਕਿ ਤੁਸੀਂ ਮਸਰੂਫ਼ ਹੋ।"

ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਮੈਨੂੰ ਘੱਟੋ-ਘੱਟ ਫੋਨ ਤਾਂ ਕਰ ਹੀ ਲੈਣਾ ਚਾਹੀਦਾ ਸੀ। ਸਲਮਾਨ ਨੇ ਜ਼ਰੂਰ ਮੈਨੂੰ ਇਕ ਅੱਧੀ ਵਾਰ ਬੱਟ ਅਤੇ ਉਸ ਦੇ ਦੋਸਤਾਂ ਦੇ ਕੋਲ ਖਾਣੇ ਦੀ ਦਾਵਤ ਲਈ ਚਲਣ ਨੂੰ ਕਿਹਾ ਵੀ ਸੀ, ਪਰ ਮੈਂ ਹੀ ਕਿਨਾਰਾ ਕਰ ਲਿਆ ਸੀ। ਉਸ ਤੋਂ ਬਾਅਦ ਉਸ ਨੇ ਇਨ੍ਹਾਂ ਪਾਰਟੀਆਂ ਲਈ ਮੈਨੂੰ ਪੁੱਛਣਾ ਹੀ ਛੱਡ ਦਿੱਤਾ ਸੀ।

"ਬੱਟ ਸਾਹਿਬ, ਕਿਉਂ ਨਾ ਤੁਸੀਂ ਇਸ ਹਫ਼ਤੇ ਮੇਰੇ ਘਰ ਆ ਜਾਓ।" ਮੈਂ ਉਸ ਨੂੰ ਪੁੱਛਿਆ।

"ਮੈਂ ਆਪਣੇ ਪਹਿਲਾਂ ਦੇ ਰੁੱਖੇ ਵਤੀਰੇ ਦਾ ਹਰਜਾਨਾ ਭਰਣਾ ਚਾਹੁੰਦਾ ਸੀ। ਆਪਣੇ ਦੋਸਤਾਂ ਨੂੰ ਵੀ ਨਾਲ ਲੈ ਕੇ ਆਉਣਾ।"

ਇਸ ਸਾਰੀ ਜੁੰਡਲੀ ਨੂੰ ਸੱਦਾ ਦੇ ਕੇ ਮੈਂ ਪਛਤਾਇਆ ਸੀ। ਪਰ ਸ਼ਾਇਦ ਬੱਟ ਸਾਹਿਬ ਮੇਰੇ ਅੰਦਾਜ਼ੇ ਨਾਲੋਂ ਵੱਧ ਸੁਲਝੇ ਹੋਏ ਸਨ।

"ਇੰਜ ਕਰਦੇ ਹਾਂ।" ਉਨ੍ਹਾਂ ਜਵਾਬ ਦਿੱਤਾ।

"ਅਸੀਂ ਤੁਹਾਡੇ ਵੱਲ ਫੇਰ ਕਦੇ ਆ ਜਾਵਾਂਗੇ, ਕਿਉਂ ਨਾ ਇਸ ਆਉਂਦੇ ਸ਼ਨਿਚਰਵਾਰ ਤੁਸੀਂ ਅਤੇ ਸਲਮਾਨ ਭਾਈ ਸ਼ਹਿਰ ਆ ਜਾਓ, ਉਸ ਦਿਨ ਸ਼ਾਮੀ ਮੇਰੀ ਛੁੱਟੀ ਹੈ, ਮੈਂ ਤੁਹਾਨੂੰ ਕਸੀਨੋ ਲੈ ਕੇ ਜਾਵਾਂਗਾ, ਤੁਹਾਨੂੰ ਇਸ ਦਾ ਵੀ ਤਜ਼ਰਬਾ ਹੋਣਾ ਚਾਹੀਦਾ ਹੈ।"

ਹਾਲਾਂਕਿ ਮੈਂ ਇਸ ਕਸੀਨੋ ਵਾਲੀ ਗੱਲ ਤੇ ਬਹੁਤਾ ਉਤਸੁਕ ਨਹੀਂ ਸਾਂ, ਪਰ ਫੇਰ ਵੀ ਇਹ ਤਜ਼ਵੀਜ਼ ਮੈਨੂੰ ਆਪਣੇ ਸੁਝਾਅ ਨਾਲੋਂ ਵਧੀਆ ਲੱਗੀ। ਅਸੀਂ ਅਗਲੇ ਸ਼ਨਿੱਚਰਵਾਰ ਉਸ ਦੇ ਹੋਟਲ ਵਿੱਚ ਮਿਲਣ ਦਾ ਵਾਅਦਾ ਕਰ ਲਿਆ। ਸਲਮਾਨ ਨੇ ਮੈਨੂੰ ਦੱਸਿਆ ਕਿ ਇਸ 'ਸਪੀਲਬੈਨਕ' ਕਸੀਨੋ ਵਿੱਚ ਜੈਕਟ ਅਤੇ ਟਾਈ ਪਾਉਣਾ ਲਾਜ਼ਮੀ ਸੀ। ਉਸ ਦਿਨ ਜਦੋਂ ਮੈਂ ਜਾਣ ਲਈ ਤਿਆਰ ਹੋ ਰਿਹਾ ਸਾਂ, ਮਿਸਿਜ਼ ਸ਼ਨਾਈਦਰ ਨੇ ਬੜੇ ਸ਼ਰਾਰਤੀ ਢੰਗ ਨਾਲ ਅੱਖ ਮਾਰਦਿਆਂ ਕਿਹਾ ਕਿ ਉਹ ਬੜੀ ਖ਼ੁਸ਼ ਸੀ ਕਿ ਆਖਰਕਾਰ ਮੈਨੂੰ ਵੀ ਬਾਹਰ ਜਾਣ ਲਈ ਕੋਈ ਮਹਿਬੂਬਾ ਮਿਲ ਗਈ ਸੀ।

"ਮਿਸਟਰ ਸਈਅਦ, ਮੈਂ ਤਾਂ ਸੋਚਦੀ ਸੀ ਕਿ ਤੁਹਾਨੂੰ ਸਾਡੀਆਂ ਕੁੜੀਆਂ ਪਸੰਦ ਨਹੀਂ।" ਉਸ ਨੇ ਕੁੜੀਆਂ ਲਈ ਜਰਮਨ ਲਫ਼ਜ਼ 'ਮੈਡਚੱਨ' ਵਰਤਿਆ।

ਉਸ ਵਕਤ ਮੇਰੀ ਉਮਰ ਇੱਕੀ ਸਾਲ ਸੀ ਅਤੇ ਮਿਸਿਜ਼ ਸ਼ਨਾਈਦਰ ਨਹੀਂ ਜਾਣਦੀ ਸੀ ਕਿ ਆਪਣੀ ਕਾਮ ਪੀੜਾ ਨੂੰ ਦਬਾਉਣ ਲਈ ਕਿਵੇਂ ਮੈਂ ਸ਼ਹਿਰ ਦੀਆਂ ਗਲੀਆਂ ਦੇ ਚੱਕਰ ਕੱਢਦਾ ਰਹਿੰਦਾ ਸਾਂ।

ਕਸੀਨੋ ਤੇ ਸਾਰੀ ਦੀ ਸਾਰੀ ਜੁੰਡਲੀ ਪਹੁੰਚੀ ਹੋਈ ਸੀ, ਬਾੱਬੀ ਸਿੰਘ, ਟੋਨੀ ਸਿੰਘ, ਛੋਟਾ ਟੋਨੀ ਅਤੇ ਯੂਨਸ ਆਪਣੀਆਂ ਆਪਣੀਆਂ ਜਰਮਨ ਗਰਲ ਫਰੈਂਡਸ ਨਾਲ, ਬੱਟ ਸਾਹਿਬ ਅਤੇ ਮਿਸਿਜ਼ ਬੱਟ, ਅਤੇ ਬਿੱਲਾ ਗੁੱਜਰ। ਸਿਰਫ ਖ਼ਾਨ ਨਹੀਂ ਸੀ। ਟੋਨੀ ਸਿੰਘ ਆਪਣੀ ਬੀਵੀ ਜਓਤਾ ਨੂੰ ਨਾਲ ਲਿਆਇਆ ਸੀ, ਜੋ ਕਿ ਆਪਣੇ ਖਾਵੰਦ ਦੀ ਤਰ੍ਹਾਂ ਨੇਕ ਦਿਲ ਸੀ। ਉਹ ਪੰਜਾਬੀ ਬੋਲਣਾ ਸਿੱਖ ਰਹੀ ਸੀ। ਟੋਨੀ ਸਿੰਘ ਨੇ ਬੜੇ ਫ਼ਖ਼ਰ ਨਾਲ ਦੱਸਿਆ ਕਿ ਉਹ ਪੰਜਾਬੀ ਔਰਤਾਂ ਦੀ ਤਰ੍ਹਾਂ ਬਹੁਤ ਵਧੀਆ ਰੋਟੀ ਬਣਾ ਲੈਂਦੀ ਹੈ। ਛੋਟਾ ਟੋਨੀ ਅਤੇ ਯੂਨਸ ਇਕ ਦੂਜੇ ਦੀਆਂ 'ਸਹੇਲੀਆਂ' ਨੂੰ ਪਰਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਲਾੱਬੀ ਵਿੱਚ ਸਭ ਨੂੰ ਆਪਣੇ ਸ਼ਨਾਖ਼ਤੀ ਕਾਰਡ ਵਿਖਾਉਣੇ ਪੈਂਦੇ ਸਨ ਅਤੇ ਇਕ ਜ਼ਮਾਨਤੀ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਸੀ। ਬੱਟ ਨੇ ਮੇਰੀ ਦਾਖ਼ਲਾ ਫੀਸ ਭਰਨ ਦੀ ਜ਼ਿਦ ਕੀਤੀ। ਕਾਂਉਟਰ 'ਤੇ ਸ਼ਨਾਖ਼ਤੀ ਕਾਰਡ ਚੈੱਕ ਕਰ ਰਹੇ ਆਦਮੀ ਨੇ ਬਿੱਲਾ ਗੁਜੱਰ ਨੂੰ ਅੰਦਰ ਜਾਣ ਤੋਂ ਰੋਕ ਲਿਆ ਕਿਉਂਕਿ ਉਹ ਆਪਣਾ ਸ਼ਨਾਖ਼ਤੀ ਕਾਰਡ ਘਰ ਭੁੱਲ ਆਇਆ ਸੀ। ਇਸ ਤੋਂ ਪਹਿਲਾਂ ਕਿ ਕਿਸੇ ਨੂੰ ਪਤਾ ਲੱਗੇ, ਬੱਟ ਸਾਹਿਬ ਨੇ ਗੱਲ ਸਾਂਭ ਲਈ।

"ਇਹ ਜਨਾਬ ਸਾਡੇ ਦੋਸਤ ਨੇ, ਅਸੀਂ ਸਾਰੇ ਇਨ੍ਹਾਂ ਦੀ ਗਰੰਟੀ ਦਿੰਦੇ ਹਾਂ, ਮਿਹਰਬਾਨੀ ਕਰ ਕੇ ਇਨ੍ਹਾਂ ਨੂੰ ਜਾਣ ਦਿਓ। ਜੇਕਰ ਸ਼ਨਾਖ਼ਤੀ ਕਾਰਡ ਇਨ੍ਹਾਂ ਹੀ ਜ਼ਰੂਰੀ ਹੈ, ਤਾਂ ਜਦੋਂ ਤੱਕ ਅਸੀਂ ਮਿਸਟਰ ਅਹਿਮਦ ਦਾ ਕਾਰਡ ਲੈ ਕੇ ਆਉਂਦੇ ਹਾਂ, ਤੂਸੀਂ ਮੇਰਾ ਕਾਰਡ ਰੱਖ ਲਓ।"

ਮੈਨੂੰ ਲਗ ਰਿਹਾ ਸੀ ਕਿ ਸਾਡੇ ਲਈ ਕੋਈ ਮੁਸੀਬਤ ਆਉਣ ਵਾਲੀ ਹੈ। ਬੱਟ ਆਪਣੇ ਆਪ ਨੂੰ ਰੋਕਣ ਦੀ ਬਹੁਤ ਜ਼ਿਆਦਾ ਕੋਸ਼ਿਸ਼ ਕਰ ਰਿਹਾ ਸੀ। ਪਰ ਡੈਸਕ 'ਤੇ ਬੈਠਾ ਬੰਦਾ ਅੜ ਗਿਆ।

"ਮੈਨੂੰ ਕੀ ਪਤੈ ਕਿ ਤੁਹਾਡਾ ਦੋਸਤ ਗੈਰ ਕਾਨੂੰਨੀ ਵਿਦੇਸ਼ੀ ਨਹੀਂ ਹੈ।"

ਇਸ ਗੱਲ ਨੇ ਬੱਟ ਨੂੰ ਭੜਕਾ ਦਿੱਤਾ।

"ਗੱਲ ਸੁਣ ਓਏ ਕੰਜਰਾ, ਨਾਜ਼ੀ ਫਾਸ਼ਿਸਟ ਸੂਅਰ! ਤੈਨੂੰ ਕੀ ਪਤੈ ਕਿ ਇਹ ਸਾਰੇ ਤੇਰੇ ਹਮਵਤਨ ਜਿਹੜੇ ਬਿਨਾਂ ਸ਼ਨਾਖ਼ਤੀ ਕਾਰਡ ਵਿਖਾਏ ਉਪਰ ਜਾ ਰਹੇ ਹਨ, ਉਹ ਭਗੌੜੇ ਮੁਜਰਮ, ਕਾਤਿਲ ਜਾਂ ਅਸਮਤ ਰੇਜ਼ ਨਹੀਂ ਹਨ। ਇਹ ਜਨਾਬ ਮੇਰੇ ਦੋਸਤ ਹਨ ਅਤੇ ਮੇਰੇ ਨਾਲ ਅੰਦਰ ਜਾ ਰਹੇ ਹਨ, ਲੈ ਫੇਰ ਰੋਕ ਸਕਦੈਂ ਤਾਂ ਰੋਕ ਕੇ ਵਿਖਾ।"

ਇਹ ਕਹਿੰਦਿਆਂ ਉਸ ਨੇ ਬਿੱਲੇ ਦਾ ਹੱਥ ਫੜ ਕੇ ਉਸ ਨੂੰ ਕਸੀਨੋ ਦੀਆਂ ਪੌੜੀਆਂ ਵੱਲ ਖਿੱਚਿਆ। ਇਸ ਤੋਂ ਪਹਿਲਾਂ ਕਿ ਸਾਡੇ ਵਿੱਚੋਂ ਕੋਈ ਕੁਝ ਕਰ ਸਕਦਾ, ਅੱਧੀ ਦਰਜਨ ਦੇ ਕਰੀਬ ਗਾਰਡ ਪਤਾ ਨਹੀਂ ਕਿੱਥੋਂ ਛਲਾਂਗ ਮਾਰ ਕੇ ਬੱਟ ਦਾ ਰਾਹ ਰੋਕ ਕੇ ਖੜੇ ਹੋ ਗਏ। ਮੈਂ ਵੇਖਿਆ ਡੈਸਕ ਵਾਲੇ ਬੰਦੇ ਨੇ ਫੋਨ ਚੁੱਕ ਕੇ ਗੱਲ ਕੀਤੀ ਜਿਸ ਵਿੱਚ ਉਸ ਨੇ ਕਈ ਵਾਰ 'ਵਿਦੇਸ਼ੀ' ਲਫ਼ਜ਼ ਕਿਹਾ। ਕੁਝ ਹੀ ਪਲਾਂ ਵਿੱਚ ਸਾਨੂੰ ਬਾਹਰ ਗਲੀ ਵਿੱਚ ਪੁਲਿਸ ਦੇ ਸਾਇਰਨ ਸੁਣਾਈ ਦਿੱਤੇ।

"ਬੱਟ, ਹੁਣ ਮੈਨੂੰ ਗੱਲ ਕਰ ਲੈਣ ਦੇ।" ਬਾੱਬੀ ਸਿੰਘ ਨੇ ਕਿਹਾ।

ਸਲਮਾਨ ਨੇ ਮਿਸਿਜ਼ ਬੱਟ ਸਮੇਤ ਸਾਨੂੰ ਸਾਰਿਆਂ ਨੂੰ ਉਪਰ ਕਸੀਨੋ ਵਿੱਚ ਭੇਜ ਦਿੱਤਾ।

"ਇਨ੍ਹਾਂ ਔਰਤਾਂ ਦੇ ਸਾਹਮਣੇ ਬੱਟ ਦਾ ਕੋਈ ਭਰੋਸਾ ਨਹੀਂ। ਇਸ ਨੇ ਸਾਨੂੰ ਸਾਰਿਆਂ ਨੂੰ ਘੱਟੋ ਘੱਟ ਇਕ ਰਾਤ ਲਈ ਤਾਂ ਜ਼ਰੂਰ ਹੀ ਅੰਦਰ ਕਰਵਾ ਦੇਣਾ ਹੈ," ਉਸਨੇ ਹੌਲੀ ਜਿਹੇ ਮੇਰੇ ਕੰਨ ਵਿੱਚ ਕਿਹਾ।

ਬਿੱਲਾ ਤਾਂ ਥਰ ਥਰ ਕੰਬ ਰਿਹਾ ਸੀ। ਮੇਰਾ ਖਿਆਲ ਹੈ ਉਸ ਨੂੰ ਯਕੀਨ ਸੀ ਕਿ ਇਸ ਤੋਂ ਬਾਅਦ ਉਸ ਦੀ ਵਤਨ ਵਾਪਸੀ ਹੋਣ ਵਾਲੀ ਸੀ।

ਉਹ ਛੇ ਜਣੇ ਸੀ, ਉਨ੍ਹਾਂ'ਚੋਂ ਇਕ ਡੈਸਕ ਦੇ ਪਿੱਛੇ ਕਸੀਨੋ ਵਾਲਿਆਂ ਨਾਲ ਗੱਲ ਕਰਨ ਚਲਾ ਗਿਆ ਅਤੇ ਚਾਰ ਗੇਟ ਘੇਰ ਕੇ ਖੜੋ ਗਏ। ਸੱਭ ਤੋਂ ਮਧਰਾ ਅਤੇ ਕਮੀਨਾ ਬੱਟ ਕੋਲ ਆਇਆ।

"ਕੀ ਹੋ ਰਿਹਾ ਹੈ ਇੱਥੇ?" ਉਹਨੇ ਬੜੇ ਬੇਇੱਜ਼ਤ ਢੰਗ ਨਾਲ ਪੁੱਛਿਆ।

ਬੱਟ ਦੇ ਕੁਝ ਕਹਿਣ ਤੋਂ ਪਹਿਲਾਂ ਬਾੱਬੀ ਸਿੰਘ ਨੇ ਉਸ ਨੂੰ ਟੋਕਿਆ ਅਤੇ ਅਫ਼ਸਰ ਨੂੰ ਇਕ ਪਾਸੇ ਲੈ ਗਿਆ। ਉਨ੍ਹਾਂ ਵਿਚਕਾਰ ਵੀਹ ਮਿੰਟ ਤੱਕ ਚੱਲੀ ਗੱਲਬਾਤ ਦੌਰਾਨ ਅਸੀਂ ਸਭ ਲਾੱਬੀ ਵਿੱਚ ਖੜੇ ਸੀ ਅਤੇ ਲੋਕ ਸਾਨੂੰ ਇੰਜ ਦੇਖ ਕੇ ਲੰਘ ਰਹੇ ਸਨ ਜਿਵੇਂ ਕਿ ਅਸੀਂ ਕੋਈ ਮੁਜਰਮ ਹੋਈਏ। ਮੇਰੇ ਅੰਦਰ ਗੁੱਸੇ ਦਾ ਗੁਬਾਰ ਇਕੱਠਾ ਹੋ ਰਿਹਾ ਸੀ ਅਤੇ ਉਸ ਪਲ ਪਹਿਲੀ ਵਾਰ ਮੈਂ ਬੱਟ ਨੂੰ ਸਮਝ ਸਕਿਆ ਸਾਂ, ਇੱਕ ਪਾਕਿਸਤਾਨੀ ਦੇ ਰੂਪ ਵਿੱਚ ਨਹੀਂ, ਜਿਸ ਨੂੰ ਮੈਂ ਇਸ ਪਰਾਏ ਮੁਲਕ ਵਿੱਚ ਇਕ ਦੋਸਤ ਜਾਂ ਜਾਣਕਾਰ ਦੇ ਰੂਪ ਵਿੱਚ ਮਿਲਣਾ ਨਹੀਂ ਸੀ ਚਾਹੁੰਦਾ, ਬਲਕਿ ਇੱਕ ਇਨਸਾਨ ਦੇ ਰੂਪ ਵਿੱਚ।

ਇਹ ਫੈਸਲਾ ਹੋਇਆ ਕਿ ਬਾੱਬੀ, ਬਿੱਲੇ ਅਤੇ ਉਨ੍ਹਾਂ ਅਫ਼ਸਰਾਂ ਨਾਲ ਬਿੱਲੇ ਦੇ ਘਰ ਕਾਰਡ ਲੈਣ ਜਾਵੇਗਾ। ਸਲਮਾਨ ਨੇ ਕਸੀਨੋ ਜਾ ਕੇ ਬਾਕੀ ਸਭ ਨੂੰ ਇਹ ਜਾਣਕਾਰੀ ਦਿੱਤੀ। ਮੈਂ ਅਤੇ ਬੱਟ ਸਾਹਿਬ ਨੇ ਬਾਹਰ ਚਹਿਲਕਦਮੀ ਕਰਨ ਦਾ ਫੈਸਲਾ ਕੀਤਾ।

"ਸਈਅਦ ਸਾਹਿਬ।" ਕਸੀਨੋ ਤੋਂ ਬਾਹਰ ਨਿਕਲਦਿਆਂ ਬੱਟ ਨੇ ਕਿਹਾ,

"ਮੈਂ ਉਸ ਡੈਸਕ ਵਾਲੇ ਬੰਦੇ ਨੂੰ ਮਾਰ ਦੇਣਾ ਸੀ, ਬਿਨਾਂ ਕਿਸੇ ਪਛਤਾਵੇ ਦੇ," ਉਸ ਨੇ ਪੰਜਾਬੀ ਵਿੱਚ ਕਿਹਾ।

"ਪਾਕਿਸਤਾਨ ਛੱਡਣ ਲੱਗਿਆਂ ਇਹ ਨਹੀਂ ਸੀ ਸੋਚਿਆ ਕਿ ਮੈਂ ਇਕ ਨਰਕ 'ਚੋਂ ਨਿਕਲ ਕੇ ਦੂਜੇ ਨਰਕ ਵਿੱਚ ਜਾ ਰਿਹਾਂ, ਫ਼ਰਕ ਸਿਰਫ ਇਨਾਂ ਹੈ ਕਿ ਇਹ ਵਾਲਾ ਨਰਕ ਉੱਥੋਂ ਵਾਲੇ ਨਾਲੋਂ ਜ਼ਿਆਦਾ ਸੁੰਞਾ ਹੈ। ਉੱਥੇ ਸਾਰੇ ਤੁਹਾਡਾ ਪਰਿਵਾਰ, ਬੀਵੀ, ਬੱਚੇ, ਮਾਪੇ, ਸੰਗੀ ਸਾਥੀ ਤੁਹਾਡੇ ਸਿਰ ਤੇ ਸਵਾਰ ਰਹਿੰਦੇ ਨੇ। ਕੋਈ ਵੀ, ਅਤੇ ਹਰ ਕੋਈ, ਜਿਸ ਦਾ ਤੁਹਾਡੀ ਜ਼ਿੰਦਗੀ ਵਿੱਚ ਦਖ਼ਲ ਦੇਣ ਦਾ ਕੋਈ ਕੰਮ ਨਹੀਂ, ਤੁਹਾਡੇ ਨਾਲ ਖਹਿਣਾ ਆਪਣਾ ਧਰਮ ਬਣਾ ਲੈਂਦੇ ਹਨ ਅਤੇ ਤੁਹਾਨੂੰ ਮਜਬੂਰ ਕਰਦੇ ਹਨ ਕਿ ਜਾਂ ਤਾਂ ਮੰਨੋ ਨਹੀਂ ਤਾਂ ਮਰੋ। ਇੱਥੇ ਕਿਸੇ ਨੂੰ ਪਰਵਾਹ ਨਹੀਂ ਤੁਸੀਂ ਭਾਂਵੇ ਜੀਓ ਜਾਂ ਮਰੋ। ਸੋ, ਗੱਲ ਤਾਂ ਇੱਕੋ ਹੀ ਹੈ।"

ਅਸੀਂ ਵੱਡੇ ਰੇਲਵੇ ਸਟੇਸ਼ਨ ਦੇ ਬਾਹਰ ਟਰਾੱਮ ਸਟਾੱਪ 'ਤੇ ਖੜੇ ਸਾਂ, ਗਰਮੀਆਂ ਦੇ ਮੌਸਮ ਦੀ ਸ਼ਾਮ ਬਹੁਤ ਸੁਹਾਵਣੀ ਸੀ। ਅਸੀਂ ਸਟੇਸ਼ਨ ਦੇ ਸਾਮ੍ਹਣੇ ਪਲਾਜ਼ਾ ਵਿੱਚ ਥਾਂ ਥਾਂ ਤੇ ਪਏ ਬੈਂਚਾਂ ਵਿੱਚੋਂ ਇੱਕ ਉੱਤੇ ਬੈਠ ਗਏ ਅਤੇ ਲੋਕਾਂ ਨੂੰ ਟਰੱਾਮ ਤੋਂ ਚੜ੍ਹਦੇ ਉਤਰਦੇ, ਕਲੱਬਾਂ ਵਿੱਚ ਅਤੇ ਪਲਾਜ਼ਾ ਦੇ ਓਪਨ ਏਅਰ ਹੋਟਲਾਂ ਵਿੱਚ ਜਾਂਦਿਆਂ ਵੇਖਣ ਲਗੇ। ਬੱਟ ਇੱਕ ਖੋਖੇ ਤੋਂ ਕੁਝ ਬੀਅਰ ਅਤੇ ਜਰਮਨ ਸ਼ਰਾਬ ਦੀਆਂ ਛੋਟੀਆਂ ਬੋਤਲਾਂ ਲੈ ਆਇਆ।

"ਬੱਟ ਸਾਹਿਬ, ਮੈਂ ਸੁਣਿਐ ਤੁਹਾਡੀ ਬੇਟੀ ਦਾ ਵਿਆਹ ਹੋਣ ਵਾਲਾ ਹੈ। ਤੁਸੀਂ ਇਸ ਬਾਰੇ ਬਹੁਤ ਖੁਸ਼ ਵਿੱਚ ਹੋਵੋਗੇ?" ਮੈਂ ਉਸ ਨੂੰ ਪੁਛਿਆ।

"ਹਾਂ," ਉਸਨੇ ਇਕ ਹਰਫ਼ਾ ਜਵਾਬ ਦਿੱਤਾ।

ਥੋੜ੍ਹੀ ਦੇਰ ਬਾਅਦ ਮੈਂ ਕਿਹਾ,

"ਸਾਨੂੰ ਕਸੀਨੋ ਵਾਪਸ ਚਲਣਾ ਚਾਹੀਦਾ ਹੈ। ਬਿੱਲਾ ਤੇ ਬਾੱਬੀ ਵਾਪਸ ਆ ਗਏ ਹੋਣਗੇ।"

"ਤੁਹਾਨੂੰ ਪਤੈ ਸਈਅਦ ਸਾਹਿਬ।" ਬੱਟ ਨੇ ਮੇਰੀ ਗੱਲ ਨੂੰ ਅਣਸੁਣਿਆ ਕਰਦਿਆਂ ਕਿਹਾ, "ਕਿ ਛੋਟੇ ਟੋਨੀ ਨਾਲ ਕੰਮ ਕਰਣ ਦਾ ਇੱਕ ਕਾਰਣ ਇਹ ਸੀ ਕਿ ਮੈਂ ਵੱਧ ਤੋਂ ਵੱਧ ਪੈਸਾ ਕਮਾ ਕੇ ਆਪਣੀ ਧੀ ਦੇ ਵਿਆਹ ਲਈ ਆਪਣੀ ਬੀਵੀ ਨੂੰ ਭੇਜ ਸਕਾਂ। ਪਰ ਮੈਂ ਕਿਸੇ ਲਈ ਕੁਝ ਮਹਿਸੂਸ ਨਹੀਂ ਕਰਦਾ। ਬਹੁਤ ਦੇਰ ਪਹਿਲਾਂ, ਪਤਾ ਨਹੀਂ

ਕਦੋਂ, ਪਰ ਮੈਂ ਕਿਸੇ ਵੀ ਚੀਜ਼ ਵਿੱਚ ਯਕੀਨ ਕਰਨਾ ਛੱਡ ਦਿੱਤਾ ਹੈ। ਮੈਂ ਪੜ੍ਹਿਆ ਲਿਖਿਆ ਬੰਦਾ ਨਹੀਂ ਹਾਂ ਅਤੇ ਨਾ ਹੀ ਮੈਨੂੰ ਕਦੇ ਇਸ ਗੱਲ ਦੀ ਸੋਝੀ ਸੀ ਕਿ ਮੈਂ ਕਾਹਦੇ ਵਿੱਚ ਯਕੀਨ ਕਰਦਾ ਸਾਂ, ਪਰ ਫਿਰ ਵੀ ਕੁਝ ਸੀ, ਜੋ ਹੁਣ ਖ਼ਤਮ ਹੋ ਗਿਆ ਹੈ। ਮੇਰਾ ਖਿਆਲ ਹੈ ਕਿ ਇਸ ਦੇਸ਼ ਵਿੱਚ ਜਿਹੜੀ ਜ਼ਿੰਦਗੀ ਮੈਂ ਆਪਣੇ ਲਈ ਚੁਣੀ ਹੈ, ਉਸ ਨੇ ਮੈਨੂੰ ਬਦਲ ਦਿੱਤਾ ਹੈ। ਜਿਹੋ ਜਿਹੀ ਹੋਂਦ ਮੈਂ ਇੰਨੇ ਸਾਲਾਂ ਤੱਕ ਅਪਣਾਈ ਹੈ, ਉਹ ਮੈਨੂੰ ਫਾਲਤੂ ਭਾਰ ਚੁੱਕਣ ਦੀ ਇਜਾਜ਼ਤ ਨਹੀਂ ਦਿੰਦੀ। ਸ਼ਾਇਦ ਮੇਰੇ ਵਰਗੇ ਲੋਕ ਤਾਂ ਆਦਤਣ ਹੀ ਜਿਉਂਈਂ ਜਾਂਦੇ ਹਨ ਅਤੇ ਇੱਕ ਦਿਨ ਇਹ ਆਦਤ ਛੁੱਟ ਜਾਂਦੀ ਹੈ ਅਤੇ ਬੰਦਾ ਉਹ ਗਿਆ, ਓਹ ਗਿਆ। ਤੁਹਾਡੇ ਜੀਉਣ ਮਰਨ ਨਾਲ ਕਿਸੇ ਨੂੰ, ਕਿਤੇ ਵੀ ਕੋਈ ਫ਼ਰਕ ਨਹੀਂ ਪੈਂਦਾ। ਛੋਟਾ ਟੋਨੀ ਇਸ ਜਜ਼ਬੇ ਨੂੰ ਸਮਝਦਾ ਹੈ ਕਿਉਂਕਿ ਉਹ ਵੀ ਇੱਥੇ ਮੇਰੇ ਵਾਂਗ ਹੀ ਰਿਹਾ ਹੈ। ਪਰ ਉਹ ਬਹੁਤ ਪੱਥਰ ਦਿਲ ਹੋ ਗਿਆ ਹੈ।"

ਮੇਰਾ ਦਿਲ ਹੁਣ ਕਸੀਨੋ ਵਾਪਸ ਜਾਣ ਨੂੰ ਬਿਲਕੁਲ ਨਹੀਂ ਸੀ ਅਤੇ ਜਦੋਂ ਮੈਂ ਬੱਟ ਨੂੰ ਕਿਹਾ ਕਿ ਮੈਂ ਘਰ ਜਾ ਰਿਹਾ ਹਾਂ, ਤਾਂ ਉਸ ਨੇ ਆਪਣੇ ਸੁਭਾਅ ਦੇ ਉਲਟ ਮੈਂਨੂੰ ਆਪਣੇ ਨਾਲ ਕਸੀਨੋ ਜਾਣ ਲਈ ਬਿਲਕੁਲ ਵੀ ਨਾ ਕਿਹਾ।

ਕਸੀਨੋ ਵਾਲੀ ਘਟਨਾ ਦੇ ਤਿੰਨ ਹਫ਼ਤੇ ਬਾਅਦ ਇਕ ਸ਼ੁਕਰਵਾਰ ਸ਼ਾਮ ਮੈਂ ਅਤੇ ਸਲਮਾਨ ਸ਼ਹਿਰ ਤੋਂ ਵਾਪਸ ਘਰ ਪਰਤ ਰਹੇ ਸਾਂ। ਸਲਮਾਨ ਘਰ ਜਾ ਕੇ ਰਾਤ ਨੂੰ ਨਿਹਾਰੀ ਅਤੇ ਪਰੌਂਠੇ ਬਣਾਉਣ ਬਾਰੇ ਸੋਚ ਰਿਹਾ ਸੀ। ਅਸੀਂ ਇਸ ਖ਼ਾਸ ਪਕਵਾਨ ਲਈ ਵਧੀਆ ਮੀਟ ਲੈਣ ਲਈ ਤੁਰਕੀ ਬਜ਼ਾਰ ਗਏ ਹੋਏ ਸੀ। ਮੈਂ ਸਲਮਾਨ ਤੋਂ ਸਟੇਸ਼ਨ ਸਾਮ੍ਹਣੇ ਕੌਫ਼ੀ ਦੀ ਦੁਕਾਨ 'ਤੇ ਨਾ ਰੁਕਣ ਦਾ ਵਾਅਦਾ ਲਿਆ ਹੀ ਸੀ ਕਿ ਜਦੋਂ ਅਸੀਂ ਪਾਕਿਸਤਾਨੀਆਂ ਅਤੇ ਹਿੰਦੋਸਤਾਨੀਆਂ ਦੀ ਭੀੜ ਆਪਣੇ 'ਅੱਡੇ' 'ਤੇ ਦੇਖੀ। ਸਲਮਾਨ ਨੇ ਛੇਤੀ ਨਾਲ ਭੀੜ ਵੱਲ ਜਾਂਦਿਆਂ ਕਿਹਾ,

"ਜ਼ਰੂਰ ਕੁਝ ਵਾਪਰਿਆ ਹੈ।"

ਸਾਨੂੰ ਬਾੱਬੀ ਅਤੇ ਬਿੱਲਾ ਗੁੱਜਰ ਨਜ਼ਰ ਆਏ ਜੋ ਸਾਨੂੰ ਆਉਂਦਿਆ ਵੇਖ ਭੀੜ ਤੋਂ ਵੱਖਰੇ ਹੋ ਗਏ।

"ਸਲਮਾਨ ਭਾਈ! ਬੱਟ ਸਾਹਿਬ ਮਰ ਗਏ, ਮੇਰਾ ਦੋਸਤ ਨਹੀਂ ਰਿਹਾ।" ਬਾੱਬੀ ਨੇ ਸਲਮਾਨ ਨੂੰ ਜੱਫ਼ੀ ਪਾਉਂਦਿਆਂ ਕਿਹਾ।

ਉਸ ਨੇ ਇਹ ਗੱਲ ਇਹੋ ਜਿਹੀ ਦਰਦ ਭਰੀ ਅਤੇ ਦਿੱਲ ਚੀਰਵੀਂ ਆਵਾਜ਼ ਵਿੱਚ ਕਹੀ, ਜੋ ਕਿ ਮੈਂ ਅੱਗੇ ਵੀ ਬਹੁਤ ਵਾਰ, ਬਹੁਤ ਥਾਵਾਂ 'ਤੇ ਸੁਣ ਚੁਕਿਆ ਸਾਂ।

"ਕਦੋਂ, ਕਿਵੇਂ, ਕੀ ਹੋਇਆ!!" ਸਲਮਾਨ ਨੇ ਪੁੱਛਿਆ।

"ਸਾਨੂੰ ਪੂਰਾ ਵੇਰਵਾ ਤਾਂ ਨਹੀਂ ਪਤਾ, ਪਰ ਜਿਨ੍ਹਾਂ ਕੁ ਵੀ ਪਤਾ ਲੱਗਾ ਹੈ।" ਉਸ ਨੇ ਬੜਾ ਸੋਚ ਸਮਝ ਕੇ ਕਹਿਣਾ ਸ਼ੁਰੂ ਕੀਤਾ।

"ਛੋਟੇ ਟੋਨੀ ਅਤੇ ਬੱਟ ਦਾ ਝਗੜਾ ਹੋ ਗਿਆ ਅਤੇ ਬੱਟ ਇੱਕ ਹਫ਼ਤੇ ਪਹਿਲਾਂ ਗ਼ਲਤੀ ਨਾਲ ਚਾਕੂ ਲੱਗਣ ਤੇ ਮਾਰਿਆ ਗਿਆ। ਛੋਟਾ ਟੋਨੀ ਕੱਲ ਹੀ ਜਮਾਨਤ ਤੇ ਬਾਹਰ ਆਇਆ ਸੀ ਅਤੇ ਅੱਜ ਸ਼ਾਮੀਂ ਬਿੱਲਾ ਉਸ ਨੂੰ ਸਟੇਸ਼ਨ ਦੇ ਸਾਮ੍ਹਣੇ ਬਾਜ਼ਾਰ ਵਿੱਚ 'ਸੀ ਐਂਡ ਏ' ਨਾਮਕ ਦੁਕਾਨ ਵਿੱਚ ਮਿਲਿਆ। ਉਸ ਨੇ ਉਸਨੂੰ ਸਾਰੀ ਕਹਾਣੀ ਦੱਸੀ। ਬਿੱਲਾ ਉਦੋਂ ਦਾ ਰੋਈ ਜਾ ਰਿਹਾ ਹੈ ਅਤੇ ਉਸ ਤੋਂ ਛੋਟੇ ਟੋਨੀ ਦੀ ਦੱਸੀ ਗੱਲ ਵੀ ਨਹੀਂ ਸੁਣਾਈ ਜਾ ਰਹੀ ਸੀ।"

"ਉਹ ਕਹਿ ਰਿਹਾ ਹੈ ਕਿ ਉਹ ਜ਼ਮਾਨਤ ਤੋੜ ਕੇ ਘਰ ਵਾਪਸ ਜਾ ਰਿਹਾ ਹੈ। ਸਲਮਾਨ ਭਾਈ ਤੁਹਾਨੂੰ ਪਤੈ ਉਸ ਨੇ ਕੀ ਕਿਹਾ ਹੈ।" ਬਿੱਲੇ ਨੇ ਫਿਰ ਰੋਣਾ ਸ਼ੁਰੂ ਕਰ ਦਿੱਤਾ।

"ਛੋਟੇ ਟੋਨੀ ਨੇ ਕਿਹਾ ਕਿ ਕੋਈ ਫ਼ਰਕ ਨਹੀਂ ਪੈਂਦਾ ਕਿ ਕੌਣ ਮਰਿਆ ਹੈ।" ਉਸ ਨੇ ਕਿਹਾ।

"ਬਿੱਲਿਆ! ਇਹ ਤੂੰ ਵੀ ਹੋ ਸਕਦਾ ਸੈਂ, ਮੈਂ ਵੀ ਜਾਂ ਸਾਡੇ ਵਿੱਚੋਂ ਕੋਈ ਹੋਰ। ਕਿਸ ਨੂੰ

ਫ਼ਰਕ ਪੈਂਦਾ ਹੈ। ”

ਹੌਲੀ ਹੌਲੀ ਇਸ ਦੁਰਘਟਨਾ ਦੇ ਡਰਾਉਣੇ ਵੇਰਵੇ ਇੱਕ ਇੱਕ ਕਰਕੇ ਸਾਮ੍ਹਣੇ ਆਉਣ ਲੱਗੇ। ਸ਼ੁਕਰਵਾਰ ਰਾਤੀਂ ਆਪਣੇ ਰੋਜ਼ਾਨਾ ਦੇ ਵਕਤ, ਸਵੇਰ ਦੇ ਦੋ ਵਜੇ ਹੋਟਲ ਬੰਦ ਕਰਨ ਬਾਅਦ ਉਹ ਦੋਵੇਂ ਹੋਟਲ ਦੇ ਉੱਪਰ ਆਪਣੇ ਕਮਰੇ ਵਿੱਚ ਚਲੇ ਗਏ ਸ਼ਾਇਦ ਕੰਮ ਨੂੰ ਲੈ ਕੇ ਕਿਸੇ ਸਧਾਰਣ ਗੱਲ ਤੇ ਦੋਨ੍ਹਾਂ ਵਿੱਚ ਝਗੜਾ ਹੋ ਇਆ, ਜੋ ਕਿ ਫਿਰ ਸੰਜੀਦਾ ਅਤੇ ਭਿਆਨਕ ਸ਼ਕਲ ਇਖ਼ਤਿਆਰ ਕਰ ਗਿਆ। ਬੱਟ ਨੇ ਛੋਟੇ ਟੋਨੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਹੇਠਾਂ ਦੌੜ ਕੇ ਰਸੋਈ ਵਿੱਚ ਚਾਕੂ ਲੈਣ ਲਈ ਚਲਾ ਗਿਆ। ਹੱਥੋ ਪਾਈ ਵਿੱਚ ਬੱਟ ਦੀ ਛਾਤੀ ਵਿੱਚ ਉਸਦੇ ਆਪਣੇ ਹੀ ਹੱਥ ਵਾਲਾ ਚਾਕੂ ਵੱਜ ਗਿਆ ਅਤੇ ਉਹ ਉੱਥੇ ਹੀ ਮਰ ਗਿਆ। ਰਸੋਈ ਦਾ ਫਰਸ਼ ਸਾਫ ਕਰਨ ਬਾਅਦ ਛੋਟੇ ਟੋਨੀ ਨੇ ਬੱਟ ਦੀ ਲਾਸ਼ ਕਮਰੇ ਵਿੱਚ ਘਸੀਟ ਕੇ ਮੰਜੇ ਹੇਠ ਲੁਕਾ ਦਿੱਤੀ। ਅਗਲੇ ਦਿਨ ਉਹ 'ਸਦਮੇ ਦੀ ਹਾਲਤ' ਵਿੱਚ ਕੰਮ ਕਰਦਾ ਰਿਹਾ ਅਤੇ ਮਾਲਕ ਨੂੰ ਇਹ ਕਿਹਾ ਕਿ ਬੱਟ ਨੂੰ ਕਿਸੇ ਜ਼ਰੂਰੀ ਕੰਮ ਲਈ ਅਚਾਨਕ ਜਾਣਾ ਪੈ ਗਿਆ ਸੀ। ਇਸ ਭਿਆਨਕ ਘਟਨਾ ਤੋਂ ਬਾਅਦ ਅਗਲੀਆਂ ਦੋ ਰਾਤਾਂ ਛੋਟਾ ਟੋਨੀ ਹੋਟਲ ਬੰਦ ਕਰਕੇ, ਮੀਟ ਕੱਟਣ ਵਾਲਾ ਚਾਕੂ ਆਪਣੇ ਨਾਲ ਕਮਰੇ ਵਿੱਚ ਲੈ ਕੇ ਜਾਂਦਾ ਅਤੇ ਬੱਟ ਦੇ ਜਿਸਮ ਨੂੰ ਸਵੇਰ ਹੋਣ ਤੱਕ ਛੋਟੇ ਛੋਟੇ ਟੁਕੜਿਆਂ ਵਿੱਚ ਕੱਟਦਾ ਰਹਿੰਦਾ। ਸਵੇਰੇ ਹੋਟਲ ਦੀ ਰਸੋਈ ਕੰਮ ਲਈ ਤਿਆਰ ਕਰਨ ਤੋਂ ਪਹਿਲਾਂ ਉਹ ਲਾਸ਼ ਦੇ ਟੁਕੜਿਆਂ ਨੂੰ ਕੂੜੇ ਵਾਲੇ ਬੈਗ ਵਿੱਚ ਪਾ ਦਿੰਦਾ ਅਤੇ ਹੋਟਲ ਦੀ ਰਸੋਈ ਦੇ ਪਿੱਛੇ ਪਏ ਕੂੜੇ ਦਾਨ ਵਿੱਚ ਦਬਾ ਆਉਂਦਾ। ਕੂੜਾ ਹਰ ਸੋਮਵਾਰ ਨੂੰ ਚੁੱਕਿਆ ਜਾਂਦਾ ਸੀ। ਛੋਟੇ ਟੋਨੀ ਦੀ ਸਲਾਹ ਬੱਟ ਦੀ ਲਾਸ਼ ਨੂੰ ਕੱਟਣ ਦਾ ਕੰਮ ਸੋਮਵਾਰ ਸਵੇਰ ਤੱਕ ਖਤਮ ਕਰਨ ਦੀ ਸੀ। ਐਤਵਾਰ ਸ਼ਾਮ ਤੱਕ ਮੰਜੇ ਹੇਠਾਂ ਪਏ ਮੁਰਦੇ 'ਚੋਂ ਜ਼ਬਰਦਸਤ ਬੋਅ ਆਉਣੀ ਸ਼ੁਰੂ ਹੋ ਗਈ ਜਿਹੜੀ ਕਿ ਰਸੋਈ, ਹੋਟਲ ਅਤੇ ਬਾਹਰ ਗਲੀ ਤੱਕ ਪਹੁੰਚ ਗਈ। ਛੋਟੇ ਟੋਨੀ ਨੂੰ ਨਾ ਹੀ ਕੋਈ ਬੋਅ ਆਈ ਤੇ ਨਾ ਹੀ ਕੁਝ ਮਹਿਸੂਸ ਹੋਇਆ। ਉਹ ਦੋ ਰਾਤਾਂ ਤੋਂ ਸੁੱਤਾ ਨਹੀਂ ਸੀ। ਦਿਨ ਵੇਲੇ ਕੰਮ ਕਰਦਿਆਂ ਉਸ ਦਾ ਧਿਆਨ ਸਿਰਫ ਇਸ ਗੱਲ ਵੱਲ ਹੁੰਦਾ ਸੀ ਕਿ ਸੋਮਵਾਰ ਸਵੇਰੇ ਕੂੜੇ ਦਾ ਟੱਰਕ ਆਉਣ ਤੋਂ ਪਹਿਲਾਂ ਸਾਰੇ ਜਿਸਮ ਦੇ ਟੁਕੜੇ ਕਰ ਕੇ ਕੂੜੇ ਦੇ ਢੋਲ ਵਿੱਚ ਪਾ ਦਿੱਤੇ ਜਾਣ।

ਸੋਮਵਾਰ ਸਵੇਰੇ ਅੱਠ ਵਜੇ, ਹੋਟਲ ਦੇ ਮਾਲਕ ਨੇ ਨੌਕਰਾਂ ਵੱਲੋਂ ਉਪਰੋਂ ਫ਼ੈਲੀ ਬਦਬੋ ਬਾਰੇ ਸ਼ਿਕਾਇਤ ਕਰਨ ਤੇ ਮਿਸਤਰੀ ਨੂੰ ਇਹ ਸੋਚ ਕੇ ਬੁਲਵਾਇਆ ਕੇ ਸ਼ਾਇਦ ਉਪਰਲੇ ਬਾਥਰੂਮ ਦੀ ਨਾਲੀ ਰੁੱਕ ਗਈ ਸੀ। ਮਿਸਤਰੀ ਨੂੰ ਬਾਥਰੂਮ ਬਿਲਕੁਲ ਠੀਕ ਠਾਕ ਲੱਗਾ, ਪਰ ਉਸ ਨੇ ਉਸ ਬਦਬੋ ਦੀ ਲੀਹ ਛੋਟੇ ਟੋਨੀ ਦੇ ਕਮਰੇ ਤੱਕ ਲੱਭ ਲਈ। ਮਾਲਕ ਨੇ ਗੜਬੜ ਮਹਿਸੂਸ ਕਰਦਿਆਂ ਪੁਲਿਸ ਸੱਦ ਲਈ। ਜਦੋਂ ਪੁਲਿਸ ਆਈ ਉਸ ਵੇਲੇ ਛੋਟਾ ਟੋਨੀ ਰਸੋਈ ਵਿੱਚ ਕੰਮ ਕਰ ਰਿਹਾ ਸੀ। ਉਨ੍ਹਾਂ ਨੇ ਉਸ ਨੂੰ ਕਮਰਾ ਖੋਲ੍ਹਣ ਲਈ ਆਖਿਆ ਅਤੇ ਬੱਟ ਦੇ ਜਿਸਮ ਦਾ ਬਚਿਆ-ਖੁਚਿਆ ਹਿੱਸਾ ਲੱਭ ਲਿਆ। ਟੋਨੀ ਨੇ ਦੱਸ ਦਿੱਤਾ ਕਿ ਬਾਕੀ ਦਾ ਹਿੱਸਾ ਕਿੱਥੇ ਸੀ ਅਤੇ ਉਸ ਨੂੰ ਵੀ ਸ਼ਹਿਰ ਦੇ ਬਾਹਰ ਕੂੜੇ ਦੇ ਢੇਰ 'ਚੋਂ, ਜਿੱਥੇ ਕੂੜੇ ਵਾਲੇ ਟਰੱਕ ਕੂੜਾ ਸੁੱਟਦੇ ਸਨ, ਲੱਭ ਲਿਆ ਗਿਆ।

ਸਲਮਾਨ ਸਾਨੂੰ ਛੱਡ ਕੇ ਮਿਸਿਜ਼ ਬੱਟ ਨੂੰ ਇਹ ਖ਼ਬਰ ਸੁਨਾਉਣ ਚਲਾ ਗਿਆ। ਇਸ ਗੱਲ ਦਾ ਪਤਾ ਨਹੀਂ ਚਲ ਸਕਿਆ ਕਿ ਇਹ ਖ਼ਬਰ ਅਖ਼ਬਾਰਾਂ ਵਿੱਚ ਛਪੀ ਸੀ ਕਿ ਨਹੀਂ, ਕਿਉਂਕਿ ਬੱਟ ਨੂੰ ਜਾਨਣ ਵਾਲੇ ਅਖ਼ਬਾਰਾਂ ਨਹੀਂ ਸਨ ਪੜ੍ਹਦੇ।

■

ਕਹਾਣੀ

# ਪੂਰਾ ਅਧੂਰਾ

**ਜ਼ੁਬੈਰ ਅਹਿਮਦ**

ਉਹ ਆਪਣਿਆਂ ਵਿੱਚੋਂ ਉੱਠ ਉਹਦੇ ਨਾਲ ਤੁਰ ਪਿਆ।

ਬਸ ਉਹ ਮੇਰੇ ਕੋਲ ਆ ਖਲੋਈ। ਕਿੰਨ੍ਹਾਂ ਚਿਰ ਤੱਕਦੀ ਰਹੀ ਉਹ ਮੈਂਨੂੰ। ਖ਼ਿਆਲਦੀ ਰਹੀ ਅੰਦਰਪਾ ਮਧਾਣੀ ਕਰਦੀ ਰਹੀ। ਅੱਖਾਂ ਪਾਰਸਾਂਦੀ ਰਹੀ ਦਿਲੇ ਸਮਾਂਦੀ ਰਹੀ। ਨੇੜੇ ਆ ਆ ਖਲੋਂਦੀ ਦੂਰੋਂ ਝਾਕਦੀ ਰਹੀ। ਕੋਲੋਂ ਲੰਘ ਲੰਘ ਜਾਂਦੀ ਕਿਤੇ ਓਹਲੇ ਖਲੋ ਧਿਆਂਦੀ ਰਹੀ। ਹੋਰਾਂ ਕੋਲੋਂ ਚੋਰ ਅੱਖ ਨਾਲ ਤਕਦੀ ਨੀਲੇ ਅਸਮਾਨ ਥੱਲੇ ਇਕੱਲ ਮੇਰੇ ਨੂੰ ਮਸੋਸਦੀ ਰਹੀ। ਰਾਤੀਂ ਸੌਣ ਤੋਂ ਪਹਿਲਾਂ ਸੋਚਦੀ, ਚਤਾਰਦੀ ਰਹੀ ਲੰਮੇ ਦਿਨਾਂ ਦੇ ਸੱਖਣੇ ਪਲਾਂ ਵਿੱਚ।

"ਤੂੰ ਕੱਲ ਨਹੀਂ ਆਇਆ?"

"ਰੁਝੇਵਾਂ ਸੀ ਇੱਕ। ਤੂੰ ਕਾਹਨੂੰ ਪੁਛਦੀ ਏਂ।"

"ਤੇਰਾ ਹੋਵਣ ਚੰਗਾ ਲਗਦਾ ਏ।"

ਪਹਿਲੀ ਵਾਰ ਆਪਣੇ ਦੁੱਖ ਦੱਸ ਉਹ ਕਿੰਨ੍ਹਾਂ ਰੋਈ। ਤੂੰ ਤਾਂ ਮੈਂਨੂੰ ਵੀ ਦੁਖੀ ਕਰ ਦਿੱਤਾ ਏ। ਕਿਸੇ ਨਾਲ ਤਾਂ ਕਰਨੀਆਂ ਸਨ ਸੋ ਤੇਰੇ ਨਾਲ ਕਰ ਲਈਆਂ।ਮੇਰੇ ਚੱਵੀ ਵਰ੍ਹਿਆਂ ਵਿੱਚ ਤੂੰ ਪਹਿਲਾ ਏਂ। ਕਦੀ ਦਿਲ ਨਹੀਂ ਕੀਤਾ, ਕਈਆਂ ਨੇ ਆਹਰ ਕੀਤਾ, ਕਈ ਅਗਾਂਹ ਹੋਏ। ਪਰ ਤੂਹੀਓਂ ਚੰਗਾ ਲੱਗਾ ਏਂ, ਤੇਰਾ ਚੁੱਪ ਜੇਹਾ ਹੋਵਣ, ਤੇਰਾ ਲਾਪਰਵਾਹ ਹੋਵਣ, ਤੇਰਾ ਕੰਮ ਨਾਲ ਕੰਮ ਰੱਖਣ। ਮੈਂ ਤਾਂ ਕਿਤਾਬ ਈ ਲੈਣ ਆਈ ਸਾਂ, ਲੋੜੇਂਦੀ ਸੀ ਮੈਂਨੂੰ ਡਾਢੀ।

ਤੂੰ ਕਿਤਾਬ ਤਾਂ ਦੇ ਦਿੱਤੀ ਪਰ ਨਜ਼ਰਾਂ ਚੁੱਕ ਕੇ ਤੱਕਿਆ ਨਾ। ਮੈਂਨੂੰ ਤੇਰੇ ਵਾਲ ਤੇ ਹੱਥ ਬੜੇ ਚੰਗੇ ਲੱਗੇ ਸਨ। ਚਿੱਟੀਆਂ ਮੁੱਛਾਂ ਮੈਂ ਨਾ ਗੌਲੀਆਂ।ਗੌਲ ਵੀ ਲੈਂਦੀ ਤਾਂ ਕੀ ਹੋਣਾ ਸੀ। ਏਹੋ ਹੋਣਾ ਸੀ। ਵਾਲ ਮੇਰੇ ਵੀ ਬੜੇ ਸੋਹਣੇ ਤੇ ਲੰਮੇ ਸਨ। ਯੂਨੀਵਰਸਿਟੀ ਯੂਨੀਫ਼ਾਰਮ ਵਿੱਚ ਤੂੰ ਮੇਰੇ ਜ਼ਨਾਨੀ ਹੋਵਣ ਦਾ ਧਿਆਨ ਨਾ ਕੀਤਾ। ਤੇਰੇ ਬੁੱਲ੍ਹਾਂ ਦਾ ਨੇੜੇ ਦਾ ਤਿਲ ਤਾਂ ਮੈਨੂੰ ਖਾ ਗਿਆ ਸੀ। ਮੇਰਾ ਦਿਲ ਕੀਤਾ ਆਖਾਂ ਇਹ ਤਿਲ ਮੈਨੂੰ ਦੇ ਦੇ।

ਗੁਲਾਬੀ ਜੇਹੀ ਰੁੱਤ ਸੀ ਜਦ ਮੈਂ ਤੈਨੂੰ ਮੁੜ

ਤੱਕਿਆ। ਬੱਦਲ ਆਂਦੇ ਸਨ ਤੇ ਮਾਰੂ ਹਵਾ ਸੀ ਅੱਗ ਲਾਂਦੀ। ਮੇਰਾ ਚਿੱਤ ਉਸ ਦਿਨ ਘਰ ਜਾਵਣ ਨਾ ਕਰੇ। ਘਰ ਜਾ ਮੈਂ ਕਈ ਮਹੀਨੇ ਪਹਿਲਾਂ ਤੇਰਾ ਦਿੱਤਾ ਫ਼ੋਨ ਲੱਭ ਤੈਨੂੰ ਟੱਲੀ ਮਾਰੀ। ਬੜੀ ਓਪਰੀ ਲੱਗੀ ਤੇਰੀ ਵਾਜ। ਇੱਕ ਦਿਲ ਕੀਤਾ ਬੰਦ ਕਰ ਦਿਆਂ ਫ਼ੋਨ। ਤੂੰ ਹੌਲੀ ਹੌਲੀ ਫ਼ੋਨ ਉੱਤੇ ਬੋਲਦਾ ਰਿਹਾ। ਫਿਰ ਤੇਰੀ ਵਾਜ਼ ਵਿੱਚ ਨਿੱਘ ਆਵਣ ਲੱਗ ਪਿਆ। ਤੂੰ ਦੱਸਿਆ ਤੂੰ ਫ਼ੋਨ ਦੇ ਕੇ ਕਈ ਦਿਨ ਉਡੀਕਦਾ ਰਿਹਾ ਤੇ ਮੁੜ ਭੁੱਲ ਗਿਆ। ਤੂੰ ਆਖਿਆ ਤੈਨੂੰ ਆਸ ਮੁੱਕ ਗਈ ਸੀ। ਏਹੋ ਗੱਲ ਤੇਰੀ ਸੋਹਣੀ ਏ। ਤੂੰ ਪਿੱਛੇ ਨਹੀਂ ਆਇਆ।

ਸੁੰਜੀਆਂ ਸ਼ਾਮਾਂ ਦੀ ਇਕ ਲੜੀ ਏ ਜਿਸ ਮਗਰੋਂ ਤੂੰ ਮਿਲੀ ਏਂ। ਇੱਕ ਹੋਰ ਸਹੇਲੜੀ ਏ ਮੇਰੀ। ਐਵੇਂ ਕੋਈ ਗ਼ਲਤ ਮਤਲਬ ਨਾ ਲਈਂ ਬੁੱਢੀ ਮਾਈ ਏ ਅੰਗਰੇਜ਼ੀ ਅਖ਼ਬਾਰਾਂ ਵਿੱਚ ਕਦੀ ਕਦਾਈਂ ਲਿਖਦੀ ਏ। ਇਕ ਦਿਨ ਆਖਣ ਲੱਗੀ "ਤੂੰ ਚੰਗਾ ਏਂ ਤੈਨੂੰ ਚੰਗੇ ਲੋਕ ਮਿਲਸਨ। ਆਸ ਰੱਖ।" ਪਰ ਮੈਂ ਕੀ ਕਰਾਂ। ਖਾਲੀ ਥਾਂ ਨਹੀਂ ਭਰਦੀ, ਦਿਲ ਮਘੋਰਾ ਜਾਨ ਕੱਢ ਲੈਂਦਾ ਏ। ਘਰ ਜਾਣ ਨੂੰ ਦਿਲ ਨਹੀਂ ਕਰਦਾ। ਮੈਂ ਦੂਜਿਆਂ ਮਰਦਾਂ ਹਾਰ ਕੂੜ ਨਹੀਂ ਮਾਰਾਂਗਾ ਪਈ ਮੇਰੀ ਸਵਾਨੀ ਬਿਮਾਰ ਏ।

ਚੰਗੀ ਏ ਬੜੀ ਚੰਗੀ ਏ ਘਰਵਾਲੀ, ਬਾਲ ਵੀ ਚੰਗੇ ਨੇ, ਰੱਬ ਦਾ ਦਿੱਤਾ ਸਭੋ ਕੁਝ ਏ। ਖ਼ਾਲੀ ਥਾਂ ਨਹੀਂ ਭਰਦੀ। ਚਿਟਿਆਈ ਕਿਵੇਂ ਖੁਰਚਾਂ, ਇੱਕ ਹੂਕ ਜੇਹੀ ਉਠਦੀ ਏ ਇਨ੍ਹਾਂ ਖ਼ਾਲੀ ਬੈਂਚਾ ਉੱਤੇ ਜਿੱਥੇ ਅੱਜ ਬੈਠੇ ਆਂ। ਮੈਂ ਵਰ੍ਹਿਆਂ ਤੋਂ ਬੈਠਾ ਹੋਇਆਂ ਆਂ। ਅੱਜ ਪਹਿਲੀ ਵਾਰ ਝਾੜ ਪੂੰਝ ਕੇ ਬੈਠਾ ਹਾਂ ਤੇਰੇ ਸਾਫ਼ ਕੱਪੜਿਆਂ ਪਾਰੋਂ। ਹੁਣ ਛੱਡ ਕੇ ਨਾ ਜਾਵੀਂ ਮੈਥੋਂ ਜਰ ਨਹੀਂ ਹੋਣਾ।

ਮੈਂ ਪੱਕੀ ਯਾਰੀ ਲਾਨੀ ਆਂ। ਮੇਰੀਆਂ ਸਾਰੀਆਂ ਸਹੇਲੜੀਆਂ ਪੱਕੀਆਂ ਨੇਂ। ਮੈਨੂੰ ਆਪਣੇ ਕੋਲ ਰੱਖ ਲੈ, ਆਪਣੇ ਵਿੱਚ ਸਮਾ ਲੈ ਮੈਨੂੰ।

ਪਰ ਨਹੀਂ। ਜਦ ਮੇਰਾ ਦਿਲ ਕਰਦਾ ਏ ਤੂੰ ਆਪਣੇ ਘਰੀਂ ਹੁੰਦਾ ਏਂ। ਆਪਣੇ ਬਾਲਾਂ ਨਾਲ, ਆਪਣੀ ਜ਼ਨਾਨੀ ਨਾਲ ਤਦ ਮੈਂ ਕੇ ਕਰਾਂ।

ਉਸ ਦੂਰੋਂ ਆਪਣੇ ਆਪ ਨੂੰ ਤੱਕਿਆ, ਉਸ ਕੁੜੀ ਨਾਲ ਬੈਠੀ ਆਪਣੇ ਪਰਛਾਂਵੇਂ ਹੋਂਦ ਨੂੰ। ਸੁਫ਼ਨਿਆਂ ਮਾਰੇ ਵਜ਼ੂਦ ਨੂੰ, ਕਹਾਣੀਆਂ ਅੰਦਰ ਜੀਊਂਦੇ ਪੱਤਰ ਨੂੰ। ਉਸਨੂੰ ਦੋਵੇਂ ਓਪਰੇ ਲੱਗੇ। ਕਿੰਨੇ ਨੇੜੇ ਤੇ ਕਿੰਨੇ ਦੁਰਾਡੇ।

ਮੈਂ ਵੀ ਹੈਰਾਨ ਰਹਿ ਗਈ ਸਾਂ ਜਦ ਤੂੰ ਮੇਰੇ ਕੋਲ ਆਇਆ ਏਂ। ਛੋਹਿਆ ਏ ਜਦ ਤੂੰ ਮੈਨੂੰ। ਏਨਾ ਤਿਰਹਾਇਆ, ਏਨਾ ਉਤਾਵਲਾ, ਏਨਾ ਕਾਹਲਾ। ਮੈਂ ਬੇਵਸ ਹੋ ਜਾਨੀ ਆਂ, ਬੇਹੱਥਲ, ਨਿੱਸਲ। ਜੋ ਕੁਝ ਤੂੰ ਇਹ ਕਰਨਾ ਏਂ ਤੇ ਮੇਰਾ ਇਕ ਪਾਸਾ ਤੇਰੇ ਨਾਲ ਨਹੀਂ ਤੁਰਦਾ ਪਰ ਦੂਜਾ ਤੈਨੂੰ ਛੱਡਦਾ ਨਹੀਂ। ਜਦ ਤੂੰ ਗੱਲਾਂ ਕਰਨਾ ਏਂ ਸ਼ੈਵਾਂ ਨੂੰ ਪਰਖਦਾ ਏਂ ਤੇ ਮੈਨੂੰ ਚਾਨਣ ਹੁੰਦਾ ਏ। ਪਰ ਫੇਰ ਤੂੰ ਮੈਨੂੰ ਬੇਬੱਸ ਕਰ ਦੇਂਦਾ ਏਂ। ਮੈਂ ਇਹ ਕਦੇ ਨਹੀਂ ਚਾਹਿਆ ਮੈਂ ਤਾਂ ਇੰਜ ਨਹੀਂ ਸੀ ਸੋਚਿਆ। ਬਾਹਰ ਤੂੰ ਉੱਕਾ ਹੋਰ ਏਂ, ਮੇਰੇ ਕੋਲ ਹੋਰ। ਪਤਾ ਨਹੀਂ ਜ਼ਨਾਨੀ ਕੋਲ ਤੂੰ ਕਿਵੇਂ ਦਾ ਏਂ।

ਮੈਂ ਏਹੋ ਸੋਚਨੀ ਆਂ ਪਈ ਮੈਂ ਤੇਰੇ ਕੋਲ ਉਨ੍ਹਾਂ ਚਿਰ ਆਂ ਜਦ ਤੀਕ ਤੂੰ ਮੇਰੇ ਨਾਲ ਏਂ। ਮੁੜ ਤੂੰ ਤੁਰ ਜਾਣਾ ਏਂ ਹੋਰ ਜਹਾਨੀ ਜਿੱਥੇ ਮੈਂ ਨਹੀਂ ਆਂ। ਪਰ ਮੈਂ ਤੈਨੂੰ ਕੋਲ ਰੱਖਣਾ ਚਾਹੁੰਦੀ ਆਂ। ਮੈਂ ਹਰ ਪਲ ਤੈਨੂੰ ਮਾਨਣਾ ਚਾਹੁੰਦੀ ਆਂ। ਕਦ ਤੀਕ ਇਹ ਚਲਸੀ। ਅਖ਼ੀਰ ਅਖ਼ੀਰ ........... ਨਹੀਂ ਨਹੀਂ ਮੈਂ ਵਿਆਹ ਪਿੱਛੋਂ ਵੀ ਤੈਨੂੰ ਮਿਲਾਂਗੀ। ਤੂੰ ਮੈਨੂੰ ਕੁੱਛੜ ਵਿਚੋਂ ਲਾਹਵੇਂ ਤਾਂ ਮੈਂ ਕੁਝ ਕਰਾਂ।

ਉਹ ਤਰਬਕਿਆ ਰਹਿੰਦਾ, ਡਰਿਆ, ਡੌਰ ਭੌਰਾ। ਸ਼ੈਵਾਂ ਏਧਰ ਉਧਰ ਰੱਖ ਭੁੱਲ ਜਾਂਦਾ, ਫ਼ਾਈਲਾਂ ਅੱਗੇ ਪਿੱਛੇ ਕਰ ਦੇਂਦਾ। ਉਹ ਆਪੇ ਇੱਕ ਨਿੱਕਾ ਜੇਹਾ ਅਫ਼ਸਰ ਸੀ ਪਰ ਵੱਡਾ ਓਹਨੂੰ ਇਕੱਲੇ ਨੂੰ ਇੱਕ ਅੱਧ ਝਾੜ ਪਾ ਦਿੰਦਾ ਤੇ ਮੁੜ ਚਾਹ ਵੀ ਪਿਲਾ ਦੇਂਦਾ। ਘਰੇ ਆ ਉਹਨੂੰ ਚੁੱਪ ਲੱਗ ਜਾਂਦੀ। ਬਾਲਾਂ ਨੂੰ ਵੇਖ ਖਿੜ ਜਾਂਦਾ ਪਰ ਸਵਾਣੀ ਨੂੰ ਵੇਖ ਮਸੋਸਿਆ ਜਾਂਦਾ।ਕਦੀ ਓਹਨੂੰ ਰੱਜ ਮਿਲ ਕੇ ਆਂਦਾ ਤਾਂ ਘਰੀਂ ਵੀ ਬਾਲਾ ਖ਼ੁਸ਼ ਹੋ ਜਾਂਦਾ। ਸਵਾਣੀ ਤੇ ਬਾਲਾਂ ਨੂੰ ਲੈ ਸੈਰ ਨੂੰ ਨਿੱਕਲ ਜਾਂਦਾ।

ਪਰ ਰਾਤੀਂ ਮੁੜ ਔਖਾ ਹੋ ਜਾਂਦਾ, ਸਵਾਣੀ ਨਾਲ ਸੁੱਤਾ ਜਾਗਦਾ ਰਹਿੰਦਾ। ਘਰ ਮੁੜ ਆ ਪਿਆਰਿਆ, ਘਰ ਮੁੜ ਆ, ਝੱਖੜਾਂ ਅੰਦਰੀਂ ਰੁਲ ਜਾਵੇਂਗਾ, ਕੱਖਾਂ ਹਾਰ ਉੱਡ ਜਾਵੇਂਗਾ। ਉਹਦੇ ਕੰਨ ਸੁੰਨ ਹੋ ਜਾਂਦੇ, ਸੁਫ਼ਨਿਆਂ ਅੰਦਰ ਉਹ ਡਰ ਜਾਂਦਾ। ਪਰ ਅਗਲੇ ਦਿਹਾੜੇ ਜਦ ਉਹ ਸਲਾਮਾਂ ਕਰਦੀ ਕਮਰੇ ਵਿੱਚ ਆਂਦੀ ਉਹ ਸਭੇ ਕੁਝ ਭੁਲ ਜਾਂਦਾ। ਬਾਹਰ ਦੀ ਦੁਨੀਆਂ ਗ਼ੈਰ ਹਾਜ਼ਿਰ ਹੋ ਜਾਂਦੀ। ਮਿਰਾ ਉਹਦੇ ਨਾਲ ਲੰਘਦਾ ਵੇਲਾ ਓਹਨੂੰ ਉਡਾਈ ਰੱਖਦਾ। ਉਹ ਅੱਖਾਂ ਵਿੱਚ ਅੱਖਾਂ ਪਾ ਕਿੰਨਾ ਚਿਰ ਚੁੱਪ ਬੈਠੇ ਕਿੰਨ੍ਹਾਂ ਕਿੰਨ੍ਹਾਂ ਹੱਸਦੇ ਰਹਿੰਦੇ। ਓਹਦੇ ਨਰੋਏ ਧੋਤੇ ਵਾਲਾਂ ਵਿੱਚੋਂ ਅਣਛੁਹੀ ਜੇਹੀ ਖ਼ੁਸ਼ਬੋਈ ਸਿੰਮਦੀ ਰਹਿੰਦੀ। ਦਫ਼ਤਰ ਤੋਂ ਛੁੱਟੀ ਮਗਰੋਂ ਉਹ ਬਾਗ਼ ਵਿੱਚ ਮਿੱਥੀ ਥਾਂ ਆ ਮਿਲਦੇ। ਕੁਝ ਚਿਰ ਪਿੱਛੋਂ ਉਸਨੂੰ ਜਾਣ ਦੀ ਕਾਹਲ ਪੈ ਜਾਂਦੀ। ਉਸਦੀ ਪੜ੍ਹਾਈ ਅਜੇ ਰਹਿੰਦੀ ਸੀ। ਨਾਲ ਨਾਲ ਉਹ ਨੌਕਰੀ ਵੀ ਕਰਦੀ ਪਈ ਸੀ ਤੇ ਉਹਦੇ ਕੋਲ ਤਾਂ ਐਂਵੇ ਕੰਮ ਦੀ ਪੌਂਦ ਵਿੱਚ ਲੋੜੀਂਦੀ ਸਿਖਲਾਈ ਲੈਣ ਆ ਗਈ ਸੀ।

ਪੂਰਾ ਇੱਕ ਵਰ੍ਹਾ ਉਹ ਉਹਨੂੰ ਤੱਕਦੀ ਰਹੀ ਸੀ। ਇਹ ਉਹਨੇ ਗੂੜੀਆਂ ਪਾਵਣ ਪਿੱਛੋਂ ਦੱਸਿਆ ਸੀ। ਪੂਰਾ ਇਕ ਵਰ੍ਹਾ ਕੋਈ ਉਹਨੂੰ ਇੰਝ ਨੀਝ ਨਾਲ ਤੱਕਦਾ ਰਿਹਾ ਏ ਏਸ ਗੱਲ ਨੇ ਉਸ ਨੂੰ ਝੱਲਾ ਈ ਤਾਂ ਕਰ ਦਿੱਤਾ ਸੀ। ਉਹਨੇ ਸਾਰੀਆਂ ਪੜ੍ਹਾਈਆਂ ਕੀਤੀਆਂ ਹੋਈਆਂ ਸਨ। ਉਹ ਲਾਇਕ ਅਫ਼ਸਰ ਸੀ ਤੇ ਕਿਸੇ ਨੇ ਕੁੜੀ ਨੂੰ ਉਹਦੇ ਵੱਲ ਟੋਰ ਦਿੱਤਾ ਸੀ। ਉਹ ਉਹਨੂੰ ਕੁਝ ਚਿਰ ਮਿਲਣ ਮਗਰੋਂ ਪਿੱਛੇ ਹਟ ਗਈ ਸੀ।

ਉਹਨੂੰ ਅਚੰਬਾ ਹੋਇਆ ਪਰ ਮੁੜ ਉਹ ਭੁੱਲ ਗਿਆ। ਪਰ ਜੀ ਕਿਤੇ ਪਿਆ ਰਹਿ ਗਿਆ। ਜਿਹੜਾ ਸਹਿਜੇ ਸਹਿਜੇ ਮੌਲਦਾ ਰਿਹਾ। ਵਰ੍ਹੇ ਪਿੱਛੋਂ ਜਦ ਉਹ ਪਰਤੀ ਤਾਂ ਉਸ ਜੂੜਾ ਖੋਲ੍ਹ ਕੇ ਸਾਰੇ ਵਾਲ ਖਿਲਾਰ ਦਿੱਤੇ। ਉਹਦੇ ਖਾਲੀ ਹੱਥਾਂ ਨੂੰ ਭਰ ਦਿੱਤਾ। ਪਰ ਵਿੱਚ ਵਿੱਚ ਉਹ ਡਰ ਜਿਹਾ ਜਾਂਦਾ। ਹੱਥ ਪਿੱਛੇ ਖਿੱਚ ਲੈਂਦਾ। ਉਹ ਸੇਕ ਨਾਲ ਤਪਦੀ ਰਹਿੰਦੀ। ਮਰਦ ਨੂੰ ਇਹ ਸਮਝ ਕਦੀ ਨਹੀਂ ਆਂਦੀ ਪਈ ਸਵਾਣੀ ਟੁੱਟੇ ਸਾਹਵਾਂ ਦੀ ਪਰਵਾਹ ਨਹੀਂ ਕਰਦੀ ਪਰ ਪਿਆਰ ਦੀ ਘਾਟ ਨੂੰ ਕਦੀ ਨਹੀਂ ਬਖ਼ਸ਼ਦੀ। ਉਹ ਅੱਧਖੜ ਉਮਰ ਵਿੱਚ ਮਸਾਂ ਆਨੇ ਬਹਾਨੇ ਅੱਧ ਕਾਲੇ ਅੱਧ ਧੌਲਿਆਂ ਨੂੰ ਢੱਕੀ ਖਲਾਸੀ ਉਹਦੇ ਨਾਲ ਪੂਰਾ ਕਿਵੇਂ ਵਗ ਪੈਂਦਾ।

ਇਕ ਵਰ੍ਹੇ ਗਿਆਰਾਂ ਮਹੀਨੇ ਤੇਰਾਂ ਦਿਨਾਂ ਮਗਰੋਂ ਓਹਦੀ ਅਚਨਚੇਤ ਦੂਜੇ ਦਫ਼ਤਰ ਬਦਲੀ ਹੋ ਗਈ। ਪਰ ਏਸ ਤੋਂ ਪਹਿਲਾਂ ਈ ਉਨ੍ਹਾਂ ਵਿਚਕਾਰ ਕੋਈ ਸ਼ੈਅ ਟੁੱਟ ਗਈ ਸੀ। ਨਾ ਉਹ ਖੁੱਲ੍ਹ ਕੇ ਮਿਲ ਸਕਦੇ ਸਨ ਤੇ ਲੁਕਣ ਲਈ ਕੋਈ ਥਾਂ ਨਹੀਂ ਸੀ। ਬਾਗ਼ ਵਿੱਚ ਉਹ ਥਾਂਵਾਂ ਬਦਲ ਬਦਲ ਅਖ਼ੀਰ ਹਾਰ ਕੇ ਘਰੀਂ ਤੁਰ ਜਾਂਦੇ। ਉਹਦੇ ਘਰ ਵਾਲਿਆਂ ਨੂੰ ਵੀ ਕੁਝ ਸ਼ੱਕ ਪੈ ਗਿਆ। ਇੱਕ ਵਾਰੀ ਉਹਦੇ ਭਰਾ ਘਰੋਂ ਫ਼ੋਨ ਚੁੱਕਿਆ ਤੇ "ਆਇੰਦਾ ਸੇ ਫ਼ੋਨ ਨਾ ਕਰਨਾ।" ਕਹਿ ਕੇ ਬੰਦ ਕਰ ਦਿੱਤਾ। ਛੇ ਮਹੀਨੇ ਪਿੱਛੋਂ ਉਹਨੇ ਫ਼ੋਨ ਕਰ ਕੇ ਦੱਸਿਆ ਕਿ ਉਹਦਾ ਵਿਆਹ ਪਿਆ ਹੁੰਦਾ ਏ।

ਚਲੋ ਜਾਨ ਛੁੱਟੀ ਉਹ ਸੁਖੀ ਹੋ ਕੇ ਦੁਖੀ ਹੋ ਗਿਆ, ਬਰੀ ਹੋ ਕੇ ਕੈਦ ਹੋ ਗਿਆ, ਕੈਦ ਹੋ ਗਿਆ ਬਰੀ ਹੋ ਗਿਆ।

ਉਹਦੇ ਵਿੱਚੋਂ ਇਕ ਪਰਛਾਂਵਾਂ ਨਿਕਲ ਬਾਗ਼ੀਂ ਖਾਲੀ ਬੈਂਚਾਂ ਉੱਤੇ ਬੈਠਾ ਰਹਿੰਦਾ। ਆਪੇ ਉਹ ਘਰੀਂ ਬਾਲਾਂ ਨਾਲ ਹੱਸਦਾ ਹੱਸਦਾ ਚੁੱਪ ਕਰ ਜਾਂਦਾ।

ਵਗਦੀ ਹਵਾ ਦਾ ਲੜ ਫੜਦਾ ਫੜਦਾ, ਉਹਦਾ ਹੱਥ ਖਿਸਕ ਜਾਂਦਾ। ਸਾਰੀਆਂ ਥਾਂਵਾਂ ਉੱਤੇ ਉਹ ਕਿੰਨਾ ਪੂਰਾ, ਕਿੰਨਾ ਅਧੂਰਾ ਸੀ।

ਉਹਨੇ ਨਾਂਹ ਤਾਂ ਨਾਂ ਕੀਤੀ ਪਰ ਹੌਲੀ ਹੌਲੀ ਉਹਦੀ ਹਾਂ ਮੁਕਦੀ ਗਈ।

■

ਸਿੰਧੀ ਕਹਾਣੀ

# ਜੀਵਨ ਜ਼ਹਿਰ ਪਿਆਲਾ

**ਅਮਰ ਜਲੀਲ**

ਪੰਜਾਬੀ ਰੂਪਕਾਰ:
**ਐਮ.ਏ. ਰਜ਼ਾ**

ਉੱਚਾ ਤੇ ਲੰਮਾ ਜ਼ੋਰਾਵਰ ਕੁਲੀ ਫ਼ਜ਼ਲੂ ਖਿੜਕਦਾ, ਲਮਕਦਾ ਤੇ ਉਬਾਸੀਆਂ ਲੈਂਦਾ। ਸਾਡੇ ਨੇੜਿਓਂ ਲੰਘਿਆ। ਜਾਂਦਿਆਂ ਜਾਂਦਿਆਂ ਆਖ ਗਿਆ, “ਖ਼ੈਬਰ ਮੇਲ ਕੁੱਤੇ ਦੀ ਪੁੱਤਰ ਦੋ ਘੰਟੇ ਲੇਟ ਏ”।

ਰਾਤ ਦੇ ਢਾਈ ਵੱਜੇ ਸਨ। ਲੋੜ੍ਹੇ ਦੀ ਗਰਮੀ ਹੱਥੋਂ ਬੰਦੇ ਤੇ ਜਨੌਰ ਬੇਕਲ ਹੋਏ ਪਏ ਸਨ।ਪਲੇਟ ਫ਼ਾਰਮ ਕਿਸੇ ਤੰਦੂਰ ਹਾਰ ਪਿਆ ਤਪਦਾ ਸੀ। ਕੁਝ ਮੁਸਾਫ਼ਿਰ ਲੰਮੇ ਪਏ ਸਨ, ਕੁਝ ਬੈਠੇ ਸਨ ਤੇ ਕਈ ਪਲੇਟ ਫ਼ਾਰਮ ਉੱਤੇ ਬੇ-ਮਕਸਦ ਟੁਰ ਫਿਰ ਰਹੇ ਸਨ। ਦੂਜੀ ਨੁੱਕਰੇ ਕੁਲੀ ਥਾਂ ਵਲਾਰ ਕੇ ਤੇ ਪਰਨਾ ਵਿਛਾ ਕੇ ਧੁੱਤ ਸੁੱਤੇ ਹੋਏ ਸਨ। ਉਹਨਾਂ ਦੀ ਨੀਂਦਰ ਪੱਕੀ ਨਹੀਂ ਸੀ। ਮਾਹੌਲ ਵਿੱਚ ਮੱਛਰਾਂ ਦੀ ਵਜ੍ਹਾ ਨਾਲ ਬੇਚੈਨੀ ਖਿੱਲਰੀ ਪਈ ਸੀ। ਹਰ ਕੋਈ ਹੱਥ ਪੈਰ ਛੰਡ ਰਿਹਾ ਸੀ ਤੇ ਆਪੋ ਆਪਣੇ ਜੁੱਸੇ ਨੂੰ ਚਪੇੜਾਂ ਪਿਆ ਮਾਰਦਾ ਸੀ। ਵੰਨ ਸਵੰਨੇ ਕੀੜੇ ਮਕੌੜੇ ਲਾਈਟਾਂ ਦੁਆਲੇ ਘੁੰਮ ਰਹੇ ਸਨ। ਪਤੰਗੇ ਸੜ ਬਲ ਕੇ ਬਲਬਾਂ ਥੱਲੇ ਡਿਗਦੇ ਪਏ ਸਨ।

ਮੈਂ ਦੌਲਤ ਰਾਮ ਨੂੰ ਆਖਿਆ “ਗੱਡੀ ਦੋ ਘੰਟੇ ਲੇਟ ਏ, ਏਸ ਲਈ ਮੈਂ ਵੀ ਲੰਮਲੇਟ ਹੋ ਰਿਹਾ ਹਾਂ।”

ਓਸ ਵੇਲੇ ਦੌਲਤ ਰਾਮ ਰਾਮਾਇਣ ਦਾ ਮੰਜ਼ੂਮ ਤਰਜੁਮਾ ਪੜ੍ਹ ਰਿਹਾ ਸੀ ਤੇ ਮੁਤਾਸਰ ਹੋ ਰਿਹਾ ਸੀ।

ਪੁੱਛਦਾ ਏ, “ਦੋਜ਼ਖ਼ ਵਿੱਚ ਸੌਣ ਦੀ ਪਰੈਕਟਸ ਪਿਆ ਕਰਨਾ ਏਂ ਕੀ?”

ਫ਼ਰਸ਼ 'ਤੇ ਚਾਦਰ ਵਿਛਾਉਂਦੇ ਮੈਂ ਆਖਿਆ, “ਮੈਂ ਦੋਜ਼ਖ਼ ਵਿੱਚ ਏ.ਸੀ. ਨਾਲ ਲੈ ਕੇ ਜਾਸਾਂ।”

ਲੇਟਣੋਂ ਪਹਿਲਾਂ ਆਪਣਾ ਭੈੜਾ ਜਿਹਾ ਖ਼ਾਕੀ ਕੋਟ, ਟੁੱਟੀ ਜੁੱਤੀ ਤੇ ਸੋਡਾ ਵਾਟਰ ਦੀਆਂ ਬੋਤਲਾਂ ਭਰੀ ਬਾਲਟੀ ਦੌਲਤ ਰਾਮ ਵੱਲ ਧੱਕਦਿਆਂ ਮੈਂ ਆਖਿਆ, “ਮੇਰੀ ਮਲਕੀਅਤ ਦਾ ਖ਼ਿਆਲ ਰੱਖੀਂ। ਮੈਂ ਵੀ ਘੰਟਾ ਕੁ ਖ਼ਾਬ ਵੇਖ ਲਵਾਂ।”

ਉਹਨੇ ਹਾਂ ਵਿੱਚ ਧੌਣ ਹਿਲਾਈ ਤੇ ਮੁੜ ਕਿਤਾਬ ਪੜ੍ਹਨ ਲੱਗ ਪਿਆ।

ਬੜੇ ਚਿਰ ਪਹਿਲਾਂ ਜਦੋਂ ਮੈਂ ਠਾਰੂ ਸ਼ਾਹ ਹਾਈ ਸਕੂਲੋਂ ਮੈਟਰਿਕ ਪਾਸ ਕੀਤੀ ਸੀ ਤਦ ਆਪਣੇ ਸਾਕਾਂ ਤੇ ਖ਼ਾਸ ਕਰ ਆਪਣੀ ਬੁੱਢੜੀ ਮਾਂ ਨੂੰ

ਆਖਿਆ ਸੀ, ਮੈਂ ਸਿੰਧ ਦੇ ਦੂਜੇ ਨੰਬਰ ਦੇ ਸਭ ਤੋਂ ਵੱਡੇ ਸ਼ਹਿਰ ਹੈਦਰਾਬਾਦ ਜਾਵਾਂਗਾ, ਜਿੱਥੇ ਵੱਡੇ ਵੱਡੇ ਕਾਲਜ ਤੇ ਇਕ ਵੱਡੀ ਯੂਨੀਵਰਸਿਟੀ ਏ ਤੇ ਓਥੇ ਮੈਂ ਆਲਾ ਤਾਲੀਮ ਹਾਸਿਲ ਕਰਕੇ ਵੱਡਾ ਬੰਦਾ ਬਣਾਂਗਾ।

ਉਸ ਵੇਲੇ ਮੇਰਾ ਨਿੱਕਾ ਭਰਾ ਜਾਨਣ (ਜਿਹਨੂੰ ਕਦੇ ਕਦੇ ਜਿੰਨ ਆ ਜਾਂਦਾ ਏ) ਸਾਡੇ ਨੇੜੇ ਬੈਠਾ ਗੰਨਾ ਚੂਪ ਰਿਹਾ ਸੀ। ਉਸ ਪੁੱਛਿਆ ਸੀ, "ਵੀਰਾ ਵੱਡੇ ਬੰਦੇ ਕਿੰਜ ਦੇ ਹੋਂਦੇ ਨੇਂ?"

ਮੈਨੂੰ ਜਾਨਣ ਦੇ ਸਵਾਲ ਤੇ ਕੌੜ ਚੜ੍ਹੀ ਸੀ ਤੇ ਮੈਂ ਉਹਨੂੰ ਦੱਸਿਆ ਸੀ, "ਵੱਡੇ ਬੰਦੇ ਦੇ ਸਿਰ ਉੱਤੇ ਸਿੰਗ ਹੋਂਦੇ ਨੇਂ ਤੇ ਨਾਲ ਇਕ ਪੂਛ ਹੋਂਦੀ ਏ।"

ਉਹ ਖੁੱਲ੍ਹ ਕੇ ਹੱਸਿਆ ਸੀ। ਮੇਰਾ ਅਟਲ ਇਰਾਦਾ ਵੇਖ ਕੇ ਮੈਨੂੰ ਦੁਆਵਾਂ ਦੇਂਦਿਆਂ ਮੇਰੀ ਮਾਂ ਆਖਿਆ ਸੀ, "ਬਾਬਾ ਰੱਬ ਮਿਹਨਤ ਦਾ ਫਲ ਜ਼ਰੂਰ ਦੇਵੇਗਾ।"

ਜਾਨਣ ਨੇ ਪੁੱਛਿਆ, "ਵੀਰਾ ਮਿਹਨਤ ਦਾ ਫਲ ਕਿਹੋ ਜਿਹਾ ਹੋਂਦਾ ਹੈ?"

ਮੈਂ ਦੱਸਿਆ, "ਮਿਹਨਤ ਦਾ ਫਲ ਮਤੀਰੇ ਤੋਂ ਥੋੜ੍ਹਾ ਵੱਡਾ ਤੇ ਹਿਦਵਾਣੇ ਤੋਂ ਥੋੜ੍ਹਾ ਜਿਹਾ ਨਿੱਕਾ ਹੋਂਦਾ ਏ।" ਜਾਨਣ ਖ਼ੁਸ਼ ਹੋ ਕੇ ਮੇਰੇ ਸਿਰ ਉੱਤੇ ਗੰਨਾ ਟਿਕਾ ਮਾਰਿਆ ਸੀ।

ਮੈਂ ਸਿੰਧ ਦੇ ਦੂਜੇ ਨੰਬਰ ਦੇ ਸਭ ਤੋਂ ਵੱਡੇ ਸ਼ਹਿਰ ਹੈਦਰਾਬਾਦ ਟੁਰ ਆਇਆ ਸਾਂ। ਜਿੱਥੇ ਇੱਕ ਕੱਚਾ ਤੇ ਇਕ ਪੱਕਾ ਕਿਲ੍ਹਾ ਸੀ। ਜਿੱਥੇ ਚੱਪੇ ਚੱਪੇ ਤੇ ਨਿੱਕੀਆਂ ਨਿੱਕੀਆਂ ਗਲੀਆਂ ਤੇ ਸਿਗਰਟਾਂ ਦੇ ਧੂੰਏਂ ਨਾਲ ਭਰੇ ਛੋਟੇ ਛੋਟੇ ਹੋਟਲ ਸਨ। ਜਿੱਥੇ ਵੰਨ ਸਵੰਨੇ ਲੋਕ ਰਹਿੰਦੇ ਸਨ। ਹੈਦਰਾਬਾਦ ਦਾ ਇਕ ਸ਼ਾਹੀ ਬਜ਼ਾਰ ਵੀ ਹੈ ਜੋ ਤਰੈ ਕੁ ਮੀਲ ਲੰਮਾ ਤੇ ਤਿੰਨ ਕੁ ਫ਼ੁਟ ਚੌੜਾ ਹੈ। ਪੱਕੇ ਕਿਲ੍ਹੇ ਤੋਂ ਸ਼ੁਰੂ ਹੋ ਕੇ ਮਾਰਕਿਟ ਵਿੱਚ ਖ਼ਤਮ ਹੋ ਜਾਂਦਾ ਏ। ਮਾਰਕਿਟ ਨੇੜੇ ਏ ਤੇ ਹਰ ਸ਼ੈਅ ਮਿਲਦੀ ਏ। ਬੰਦੇ ਦੇ ਗੋਸ਼ਤ ਤੋਂ ਲੈ ਕੇ ਹਲਵੇ ਤੀਕ। ਜਿਊਂਦੇ ਮੁੰਡਿਆਂ ਤੇ ਕੁੜੀਆਂ ਤੀਕ।

ਏਸ ਸ਼ਹਿਰ ਦੀ ਆਬਾਦੀ ਦੱਸ ਲੱਖ ਏ ਜਿਸ ਚੋਂ ਚਾਰ ਲੱਖ ਚੁਤਾਲੀ ਹਜ਼ਾਰ ਅੱਠ ਸੌ ਨਨਿਨਵੇਂ ਹੀਰੋ ਤੇ ਚਾਰ ਲੱਖ ਚੁਤਾਲੀ ਹਜ਼ਾਰ ਅੱਠ ਸੌ ਨਨਿਨਵੇਂ ਹੀਰੋਇਨਾਂ ਨੇਂ ਤੇ ਬਾਕੀ ਉਹਨਾਂ ਦੇ ਬੁੱਢੜੇ ਮਾਪੇ ਨੇਂ। ਇਸ ਸ਼ਹਿਰ ਵਿੱਚ ਕੋਈ ਵੀ ਸਾਈਡ ਹੀਰੋ ਨਹੀਂ। ਇਸੇ ਸ਼ਹਿਰ ਇਕ ਫ਼ਕੀਰ ਦਾ ਪਿੜ ਵੀ ਏ ਜਿੱਥੇ ਕਦੇ ਕੋਈ ਫ਼ਕੀਰ ਨਜ਼ਰੀਂ ਨਹੀਂ ਆਉਂਦਾ। ਇਥੇ ਚਰਸ, ਅਫ਼ੀਮ ਤੇ ਭੰਗ ਦੇ ਚੋਖੇ ਟਿਕਾਣੇ ਨੇਂ ਜਿੱਥੇ ਫ਼ਿਲਮੀ ਅਦਾਕਾਰਾਂ ਦੇ ਫ਼ੋਟੋਆਂ ਸਣੇ ਕੌਮੀ ਆਗੂਆਂ ਤੇ ਮਜ਼ਹਬੀ ਦਰਗਾਹਵਾਂ ਅਤੇ ਰੋਜ਼ੇ ਮੁਬਾਰਕਾਂ ਦੀਆਂ ਤਸਵੀਰਾਂ ਟੰਗੀਆਂ ਹੋਂਦੀਆਂ ਨੇਂ।

ਨਾਈਆਂ ਦੀਆਂ ਦੁਕਾਨਾਂ ਤੇ ਸੁਹਣੇ ਮੁੰਡਿਆਂ ਦੀਆਂ ਫ਼ੋਟੋਆਂ ਲਾਈਆਂ ਹੋਂਦੀਆਂ ਨੇਂ। ਏਸ ਸ਼ਹਿਰ ਵਿੱਚ ਮਜ਼ਹਬੀ ਜਜ਼ਬਾ ਵੇਖਣ ਵਾਲਾ ਏ। ਇਥੇ ਰਿਸ਼ਵਤੀ ਅਫ਼ਸਰ ਤੇ ਚੋਰ ਬਾਜ਼ਾਰੀ ਕਰਦੇ ਸੇਠਾਂ ਨੇ ਮਸੀਤਾਂ ਬਣਵਾਈਆਂ ਹੋਈਆਂ ਨੇਂ ਤੇ ਈਦ ਮੀਲਾਦ ਅਲ ਨਬੀ ਦੇ ਮੌਕੇ ਤੇ ਰੌਸ਼ਨੀਆਂ ਕਰਦੇ ਨੇਂ। ਉੱਥੇ ਫ਼ੋਹਸ਼ ਤੋਂ ਫ਼ੋਹਸ਼ ਤਵਾਇਫ਼ ਮੁਹੱਰਮ ਦੇ ਦੱਸ ਦਿਹਾੜੇ ਕਾਲੇ ਕੱਪੜੇ ਪਾਉਂਦੀ ਏ ਤੇ ਇਮਾਮ ਹੁਸੈਨ ਦੀ ਸ਼ਹਾਦਤ ਦਾ ਗ਼ਮ ਕਰਦੀ ਏ। ਮਲੰਗ ਤੇ ਮਵਾਲੀ ਵੀ ਇਮਾਮ ਹੁਸੈਨ ਦੇ ਗ਼ਮ ਵਿੱਚ ਬੇਹਾਲ ਹੋਂਦੇ ਨੇਂ।

ਇਸ ਸ਼ਹਿਰ ਵਿੱਚ ਆਉਣ ਮਗਰੋਂ ਮੈਨੂੰ ਚੋਖੀ ਮਿਹਨਤ ਕਰਨੀ ਪਈ ਸੀ ਤੇ ਵੱਖੋ ਵੱਖ ਨੌਕਰੀਆਂ ਵੀ ਕਰਨੀਆਂ ਪਈਆਂ, ਟੋਕਰੀਆਂ ਵੀ ਚੁੱਕੀਆਂ। ਹਾਰ ਕੇ ਮੈਂ ਰੇਲਵੇ ਸਟੇਸ਼ਨ 'ਤੇ ਦੌਲਤ ਰਾਮ ਨਾਲ ਭਾਈਵਾਲੀ ਵਿੱਚ ਸੋਡਾ ਵਾਟਰ ਦੀਆਂ ਬੋਤਲਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ।

ਦੌਲਤ ਰਾਮ ਦਾ ਨਾਂ ਦੌਲਤ ਰਾਮ ਇਸ ਲਈ ਏ ਕਿ ਉਹ ਪਾਈ ਪਾਈ ਲਈ ਮੁਥਾਜ ਏ। ਇੰਜੇ ਈ ਮੇਰਾ ਨਾਂ ਅਮੀਰ ਬਖ਼ਸ਼ ਏ ਤੇ ਮੈਂ ਬੈਨੁਲ ਅਕਵਾਮੀ ਕੰਗਾਲ ਹਾਂ। ਦੌਲਤ ਰਾਮ ਅਜੇ ਤੀਕ ਸਿੰਧ ਵੱਸਦਾ ਏ ਕਿਉਂ ਜੋ ਉਹਨੂੰ ਸਿੰਧ ਦੀ ਮਿੱਟੀ ਨਾਲ ਪਿਆਰ ਏ ਤੇ ਉਹ ਸਿੰਧ ਦੀ ਮਿੱਟੀ ਆਪਣੀ ਮਾਂਗ ਵਿੱਚ ਪਾਈ ਫਿਰਦਾ ਏ। ਉਹਦੇ ਰਿਸ਼ਤੇਦਾਰ ਹਿੰਦੁਸਤਾਨ ਵਿੱਚ ਨੇਂ। ਉਹ ਸਟੇਸ਼ਨ 'ਤੇ ਸੋਡਾ ਵਾਟਰ ਦੀਆਂ ਬੋਤਲਾਂ ਵੇਚਦਾ ਏ ਤੇ ਮੈਂ ਉਹਦਾ

ਭਾਈਵਾਲ ਹਾਂ। ਉਹਦੇ ਮੱਥੇ ਉੱਤੇ ਇਕ ਸੱਟ ਦਾ ਨਿਸ਼ਾਨ ਏ ਤੇ ਦੂਜਾ ਨਿਸ਼ਾਨ ਦਿਲ ਉੱਤੇ। ਚਲਦੀ ਗੱਡੀ ਚੋਂ ਡਿਗਣ ਦੀ ਵਜ੍ਹਾ ਨਾਲ ਉਹਨੂੰ ਇਹ ਨਿਸ਼ਾਨ ਪਿਆ। ਤੇ ਦਿਲ 'ਤੇ ਸੱਟ ਇਹਨੂੰ 1947 ਵਿੱਚ ਵੱਜੀ ਸੀ ਜਦ ਅੱਲਾਹ ਦੇ ਕੁਝ ਨੇਕ ਬੰਦਿਆਂ ਉਹਦੀ ਮਾਂ ਦੀ ਇੱਜ਼ਤ ਲੁੱਟੀ ਸੀ ਤੇ ਫੇਰ ਉਹਨੂੰ ਅੱਲਾਹ ਦੀ ਰਾਹ ਵਿੱਚ ਕਤਲ ਕੀਤਾ ਸੀ। ਉਸੇ ਸਾਲ ਹਿੰਦੁਸਤਾਨ ਵਾਲੇ ਹੈਦਰਾਬਾਦ ਵਿੱਚ ਕਿਸੇ ਅਮੀਰ ਬਖ਼ਸ਼ ਦੀ ਮਾਂ ਨੂੰ ਈਸ਼ਵਰ ਦੇ ਕੁਝ ਪਿਆਰਿਆਂ ਬੇਆਬਰੂ ਕੀਤਾ ਸੀ ਤੇ ਫੇਰ ਉਹਨੂੰ ਈਸ਼ਵਰ ਦੇ ਨਾਂ 'ਤੇ ਕਤਲ ਕੀਤਾ ਸੀ। ਅਸਲ ਵਿੱਚ ਕੁਝ ਨੇਕ ਬੰਦਿਆਂ ਲਈ, 47 ਵਾਲਾ ਸਾਲ, ਈਸ਼ਵਰ ਤੇ ਅੱਲਾਹ ਦੇ ਨਾਵਾਂ 'ਤੇ ਇੱਜ਼ਤ ਲੁੱਟਣ ਤੇ ਕਤਲ ਕਰਨ ਦਾ ਸਾਲ ਸੀ।

ਮੇਰਾ ਮਾਮਾ ਖ਼ੁਸ਼ੀ ਮੁਹੰਮਦ ਪ੍ਰਾਇਮਰੀ ਸਕੂਲ ਦਾ ਮਾਸਟਰ ਏ ਤੇ ਸੁਖਪੁਰ ਵਿੱਚ ਬੇਹੱਦ ਦੁਖੀ ਹਯਾਤੀ ਹੰਢਾਉਂਦਾ ਪਿਆ ਏ। ਉਸ ਮੈਨੂੰ ਇਕ ਵਾਰੀ ਇਸ ਸਟੇਸ਼ਨ ਤੇ ਬੋਤਲਾਂ ਵੇਚਦਿਆਂ ਵੇਖਿਆ ਸੀ। ਉਹਨੇ ਮੇਰੀ ਕੰਡ ਥਾਪੜਦਿਆਂ ਆਖਿਆ ਸੀ, "ਮਰਹੂਮ ਸ਼ਮਸੁਲ ਉਲਾਮਾਅ ਡਾਕਟਰ ਉਮਰ ਦਾਊਦ ਪੋਤਾ ਤਾਲੀਮ ਖਾਤੇ ਦਾ ਇਕ ਨਾਮਵਰ ਹਾਕਿਮ ਹੋ ਗੁਜ਼ਰਿਆ ਏ। ਉਹਨੇ ਵੀ ਮੰਜੀਆਂ ਉਣ ਕੇ ਇਲਮ ਹਾਸਿਲ ਕੀਤਾ ਤੇ ਉਰੂਜ ਮਾਣਿਆਂ ਸੀ।"

ਮੈਂ ਜੁਆਬ ਵਿੱਚ ਆਖਿਆ, "ਅੱਜ ਕੱਲ੍ਹ ਵਾਣ ਦਾ ਰਿਵਾਜ ਮੁੱਕ ਗਿਆ ਏ ਮਾਮਾ।" ਡਾਕਟਰ ਦਾਊਦ ਪੋਤਾ ਇਸ ਦੌਰ ਵਿੱਚ ਹੋਂਦਾ ਤਾਂ ਉਹਨੂੰ ਪਲਾਸਟਿਕ ਦੀਆਂ ਕੁਰਸੀਆਂ ਉਣਨੀਆਂ ਪੈਂਦੀਆਂ। ਤੇ ਮੈਂ ਪਲਾਸਟਿਕ ਨਾਲ ਕੁਰਸੀਆਂ ਉਣਨ ਦੀ ਥਾਂ ਸਟੇਸ਼ਨ 'ਤੇ ਸੋਡਾ ਵਾਟਰ ਦੀਆਂ ਬੋਤਲਾਂ ਵੇਚਦਾਂ।

ਸ਼ੁਰੂ ਵਿੱਚ ਜਦੋਂ ਮੈਂ ਰੁਜ਼ਗਾਰ ਲਈ ਰੁਲਦਾ ਫਿਰਦਾ ਸਾਂ ਤਦ ਭੁੱਖੇ ਮਰਣ ਤੋਂ ਬਚਣ ਲਈ ਮੈਂ ਦੋ ਆਨਿਆਂ ਦਾ ਤੇਲ ਲੈ ਕੇ ਬੰਦਿਆਂ ਦੇ ਚੰਪੇ, ਯਾਨੀ ਮਾਲਸ਼ੀਏ ਦਾ ਧੰਦਾ ਸ਼ੁਰੂ ਕਰ ਦਿੱਤਾ ਸੀ। ਇੱਥੇ ਇੱਕ ਚੌਕ ਵਿੱਚ ਇਹ ਕੰਮ ਬੜੇ ਜ਼ੋਰਾਂ 'ਤੇ ਚਲਦਾ ਏ। ਹੋਮ ਸਟੇਡੀਅਮ ਹਾਲ ਦੇ ਲਹਿੰਦੇ ਪਾਸੇ ਸਟੇਸ਼ਨ ਰੋਡ ਦੇ ਨੇੜੇ ਸੁਲਤਾਨ ਹੋਟਲ ਕੋਲ। ਉਸ ਚੌਕ ਵਿੱਚ ਕਿਤਾਬਾਂ ਦੀਆਂ ਨਿੱਕੀਆਂ ਦੁਕਾਨਾਂ ਨੇਂ। ਪਾਨ ਬੀੜੀ ਦੇ ਖੋਖੇ ਤੇ ਟਾਂਗੇ ਰਿਕਸ਼ੇ ਮਿਲਦੇ ਨੇਂ। ਉਸ ਚੌਕ ਵਿੱਚ ਕੌਮੀ ਯਕਜਹਿਤੀ ਦੇ ਜਿਉਂਦੇ ਜਾਗਦੇ ਆਸਾਰ ਮਿਲਦੇ ਨੇਂ। ਵੰਨ ਸਵੰਨੇ ਬੰਦੇ ਹਰ ਵੇਲੇ ਨਜ਼ਰੀਂ ਆਉਂਦੇ ਨੇਂ। ਜਿਵੇਂ ਮਾਲਸ਼ੀਏ ਤੇ ਬੂਟ ਪਾਲਸ਼ੀਏ, ਦਾਦਾਗੀਰ ਤੇ ਉਹਨਾਂ ਦੇ ਚਮਚੇ, ਸਿਆਸਤਦਾਨ ਤੇ ਐਕਟਰ ਛਾਪ, ਖੁਸਰੇ ਤੇ ਪਾਕਿਟਮਾਰ ਤੇ ਸੀ.ਆਈ.ਡੀ. ਵਾਲੇ। ਚੋਰ ਤੇ ਚੌਕੀਦਾਰ ਸੱਭੇ ਇਕੋ ਥਾਈਂ ਬਹਿੰਦੇ ਖਲੋਂਦੇ ਨੇਂ।

ਮੈਂ ਉੱਥੇ ਮਾਲਸ਼ੀਏ ਦਾ ਬਿਜ਼ਨਸ ਕਰਦਾ ਸਾਂ। ਪਰ ਫੇਰ ਛੇਤੀ ਮੈਨੂੰ ਇਹ ਧੰਦਾ ਛੱਡਣਾ ਪਿਆ ਕਿਉਂ ਜੋ ਬੰਦੇ ਮਾਲਸ਼ਾਂ ਕਿਸੇ ਹੋਰ ਕਿਸਮ ਦੀਆਂ ਚਾਹੁੰਦੇ ਸਨ। ਮਤਲਬ ਮੌਰਾਂ, ਢਿੱਡ, ਕੰਡ, ਪੈਰ, ਪਿੰਨੀਆਂ ਤੇ ਸੱਥਰ ਵਗੈਰਾ। ਮੈਨੂੰ ਇਹ ਗੱਲ ਵਾਰੇ ਨਾ ਖਾਹਦੀ ਤੇ ਮੈਂ ਮਾਲਸ਼ੀਏ ਦਾ ਧੰਦਾ ਛੱਡ ਕੇ ਪਾਲਸ਼ੀਏ ਵਾਲਾ ਕੰਮ ਫੜ ਲਿਆ।

ਲੋਕਾਂ ਨੂੰ ਜਦ ਸੂਹ ਲੱਗੀ ਕਿ ਮੈਂ ਮੈਟਰਿਕ ਪਾਸ ਹਾਂ ਤੇ ਬੂਟ ਪਾਲਿਸ਼ ਕਰ ਰਿਹਾ ਹਾਂ, ਤੇ ਕਿਸੇ ਜਾ ਕੇ ਸੀ.ਆਈ.ਡੀ. ਵਾਲਿਆਂ ਨੂੰ ਰਿਪੋਰਟ ਜਾ ਕੀਤੀ ਕਿ ਇਕ ਮੈਟਰਿਕ ਪਾਸ ਨੌਜਵਾਨ ਸੁਲਤਾਨ ਹੋਟਲ ਵਾਲੇ ਚੌਂਕ ਵਿੱਚ ਬੂਟ ਪਾਲਿਸ਼ ਕਰਦਾ ਏ। ਉਹ ਜਾਂ ਤੇ ਗ਼ੈਰ ਮੁਲਕੀ ਏਜੰਟ ਏ ਜਾਂ ਕੌਮਨਿਸਟ ਏ ਜਾਂ ਖ਼ੁਫ਼ੀਆ ਏਜੰਟ ......। ਇਸ ਤੋਂ ਪਹਿਲਾਂ ਕਿ ਮੈਂ ਫੜਿਆ ਜਾਂਦਾ ਮੈਂ ਆਪਣਾ ਪਾਲਸ਼ ਦਾ ਨਿੱਕ ਸੁੱਕ ਇਕ ਪਠਾਣ ਦਿਲਬਰ ਖ਼ਾਨ ਨੂੰ ਅੱਧੀ ਕੀਮਤ 'ਤੇ ਵੇਚ ਕੇ ਦੌਲਤ ਰਾਮ ਨਾਲ ਆ ਲੱਗਾ।

ਮੈਂ ਰਾਤੀਂ ਕੋਕਾਕੋਲਾ, ਸੈਵਨ ਅੱਪ ਤੇ ਫ਼ੈਂਟਾ ਵੇਚਦਾ ਤੇ ਦਿਨ ਨੂੰ ਪੜ੍ਹਦਾ। ਕੁਦਰਤ ਖ਼ੁਦਾ ਦੀ ਪੜ੍ਹਦਿਆਂ ਪੜ੍ਹਦਿਆਂ ਹੁਣ ਯੂਨੀਵਰਸਿਟੀ ਅੱਪੜ ਗਿਆਂ ਤੇ ਪੁਲਿਟੀਕਲ ਸਾਇੰਸ ਵਿੱਚ ਐਮ.ਏ. ਕਰਦਾ ਪਿਆਂ।

ਜਿਸ ਰਾਤ ਖ਼ੈਬਰਮੇਲ ਲੇਟ ਸੀ ਤੇ ਮੈਂ ਅੱਖਾਂ ਨੂਟੀ ਲੰਮਲੇਟ ਪੈ ਗਿਆ ਸਾਂ ਉਸ ਰਾਤ ਮੱਛਰਾਂ ਦਾ ਹੜ੍ਹ ਆਇਆ ਹੋਇਆ ਸੀ। ਇਕ ਬਦਬਖ਼ਤ

ਮੱਛਰ ਮੈਨੂੰ ਫ਼ਿਰਔਨ ਸਮਝ ਕੇ ਮੇਰੇ ਨੱਕ ਵਿੱਚ ਵੜਨ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਸੀ। ਮੈਂ ਨੱਕ ਮਲਦਿਆਂ ਉਠ ਬੈਠਾ।

ਰਾਮਾਇਣ ਦਾ ਮਨਜ਼ੂਮ ਤਰਜੁਮਾ ਦੌਲਤ ਰਾਮ ਦੀ ਗੋਦੀ ਵਿੱਚ ਰੱਖਿਆ ਸੀ ਤੇ ਥੱਲੇ ਹੱਥ ਰੱਖ ਕੇ ਨੀਝ ਲਾ ਕੇ ਚਾਰ ਖ਼ਾਲੀ ਬੋਤਲਾਂ ਵੱਲ ਵੇਖ ਰਿਹਾ ਸੀ ਜਿਹੜੀਆਂ ਕਤਾਰ ਵਿੱਚ ਉਹਦੇ ਮੂਹਰੇ ਰੱਖੀਆਂ ਸਨ।

ਮੈਂ ਪੁੱਛਿਆ, "ਇਹ ਚਾਰ ਬੋਤਲਾਂ ਰੱਬ ਦੀ ਰਾਹ ਵਿੱਚ ਖ਼ਾਲੀ ਹੋਈਆਂ ਨੇਂ ਜਾਂ?"

ਉਸ ਧੌਣ ਹਿਲਾਉਂਦਿਆਂ ਹਾਂ ਵਿੱਚ ਜੁਆਬ ਦਿੱਤਾ। ਤੇ ਖੱਬੇ ਪਾਸੇ ਇਸ਼ਾਰਾ ਕੀਤਾ ਜਿੱਥੇ ਹਾਜ਼ਾ ਮਿਨ ਫ਼ਜ਼ਲੇ ਰੱਬੀ ਖਾਤੇ ਦੇ ਦੋ ਫ਼ਰਿਸ਼ਤੇ ਖਲੋਤੇ ਸਨ। ਦੋਵੇਂ ਫ਼ਜ਼ਲੂ ਕੁਲੀ ਨਾਲ ਚਰਸ ਭਰੇ ਸਿਗਰਟ ਛਿਕ ਰਹੇ ਸਨ ਤੇ ਬੁਰਸ਼ ਜਿਹੀਆਂ ਮੁੱਛਾਂ ਵਟਦੇ ਪਏ ਸਨ।

ਦੌਲਤ ਰਾਮ ਠੰਡਾ ਸਾਹ ਭਰਿਆ ਤੇ ਆਖਿਆ, "ਨੁਕਸਾਨ ਅੱਧੋ-ਅੱਧ ਜਰ ਲਾਂਗੇ।"

"ਨਹੀਂ"। ਉਹਦੇ ਮੋਢੇ 'ਤੇ ਹੱਥ ਧਰਦਿਆਂ ਮੈਂ ਆਖਿਆ, "ਇਹ ਚਾਰ ਬੋਤਲਾਂ ਮੈਂ ਜ਼ਕਾਤ ਦੇ ਅਕਾਊਂਟ 'ਚ ਲਿਖ ਛੱਡਾਂਗਾ। ਸਾਡੇ ਤੇ ਜ਼ਕਾਤ ਫ਼ਰਜ਼ ਏ।"

ਸਾਥੋਂ ਥੋੜ੍ਹਾ ਹਟਵਾਂ ਇਕ ਬੜਾ ਈ ਮੋਟਾ ਮੁਸਾਫ਼ਿਰ ਢਿੱਡ ਕੱਢੀ ਸੁੱਤਾ ਹੋਇਆ ਸੀ। ਉਹ ਜ਼ੋਰ ਜ਼ੋਰ ਨਾਲ ਘੁਰਾੜੇ ਮਾਰਦਾ ਪਿਆ ਸੀ। ਘੁਰਾੜਿਆਂ ਦੀ ਵਾਜ ਕੋਲੇ ਦੇ ਇੰਜਣ ਦੀ ਵਾਜ ਹਾਰ ਸੀ। ਉਸ ਤੋਂ ਪਰਾਂਹ ਤੇਲੀਆਂ ਦੇ ਛੇ ਸੱਤ ਕਾਲੇ ਕੋਝੇ ਬਾਲ ਬੈਠੇ ਸਨ। ਓਹ ਸਿਗਰਟ ਪਏ ਛਿਕਦੇ ਸਨ, ਤੇ ਇਕ ਦੂਜੇ ਨੂੰ ਮਾਂ ਭੈਣ ਦੀਆਂ ਗਾਲ੍ਹਾਂ ਕੱਢ ਰਹੇ ਸਨ। ਉਹਨਾਂ ਵਿਚੋਂ ਇਕ ਕੰਨ 'ਤੇ ਹੱਥ ਧਰ ਕੇ ਕੱਵਾਲੀ ਗਾ ਰਿਹਾ ਸੀ।

ਪਤੰਗੇ ਤੇ ਹੋਰ ਕੀੜੇ ਸੜ ਸੜ ਕੇ ਬੱਲਬ ਹੇਠਾਂ ਡਿੱਗ ਰਹੇ ਸਨ। ਦੌਲਤ ਰਾਮ ਬੋਤਲਾਂ ਵੇਖ ਰਿਹਾ ਸੀ।

ਮੈਂ ਉਹਨੂੰ ਆਖਿਆ, "ਇਸ ਵੇਲੇ ਤੂੰ ਗੌਤਮ ਬੁੱਧ ਹਾਰ ਲਗਦਾ ਏਂ।"

ਉਹਨੇ ਨਜ਼ਰ ਬੋਤਲਾਂ ਤੋਂ ਹਟਾ ਕੇ ਮੇਰੇ ਵੱਲ ਤੱਕਿਆ ਤੇ ਫੇਰ ਕਹਿਣ ਲੱਗਾ, "ਮੈਂ ਇਸ ਵੇਲੇ ਉੱਕਾ ਬੁੱਧੂ ਲਗ ਰਿਹਾਂ।"

ਇਕ ਮਾਲ ਗੱਡੀ ਸਹਿਜੇ ਸਹਿਜੇ ਲੰਘ ਗਈ। ਗੱਡੀ ਵਿੱਚ ਗਾਵਾਂ ਤੇ ਮੱਝਾਂ ਸਨ। ਉਸ ਵੇਲੇ ਤਗੜਾ ਫ਼ਜ਼ਲੂ ਕੁਲੀ ਸਾਡੇ ਨੇੜੇ ਆ ਖਲੋਤਾ। ਉਸ ਦੌਲਤ ਰਾਮ ਵੱਲ ਵੇਖਦੇ ਆਖਿਆ, ਅਸੀਂ ਗੋਸ਼ਤ ਖ਼ੋਰ ਕੌਮ ਹਾਂ, ਅਸੀਂ ਗਾਵਾਂ ਖਾਨੇ ਹਾਂ।"

ਦੌਲਤ ਰਾਮ ਨੇ ਕਿਸੇ ਜ਼ਖਮੀ ਚੀਤੇ ਹਾਰ ਉਹਦੇ ਵੱਲ ਵੇਖਿਆ। ਫ਼ਜ਼ਲੂ ਦੋਵੇਂ ਹੱਥ ਲੱਕ ਤੇ ਧਰ ਕੇ ਖਲੋਤਾ ਸੀ। ਉਹਨੇ ਦੌਲਤ ਰਾਮ ਤੋਂ ਪੁੱਛਿਆ, ਤੁਸੀਂ ਹਿੰਦੂ ਗਾਂ ਕਿਉਂ ਨਹੀਂ ਖਾਦੇ?"

ਉਹ ਨਜ਼ਰ ਟਿਕਾ ਕੇ ਫ਼ਜ਼ਲੂ ਵੱਲ ਤੱਕਦਾ ਰਿਹਾ। ਉਹ ਕਿਸੇ ਜ੍ਹਿੰਨ ਹਾਰ ਉਹਦੇ ਉੱਤੇ ਖਲੋਤਾ ਸੀ। ਉਹਦੇ ਚਿਹਰੇ ਤੇ ਨਫ਼ਰਤ ਭਖ਼ ਰਹੀ ਸੀ। ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਚਾਰ ਬੋਤਲਾਂ ਦੇ ਪੈਸੇ ਮੰਗਣ ਤੇ ਉਹਨਾਂ ਦੌਲਤ ਰਾਮ ਨੂੰ ਸਬਕ ਸਿਖਾਉਣ ਦੀ ਧਮਕੀ ਵੀ ਦਿੱਤੀ ਸੀ।

ਦੌਲਤ ਰਾਮ ਦੇ ਹੱਥ ਕੰਬਣ ਲਗ ਪਏ। ਕੁਝ ਮੁਸਾਫ਼ਿਰ ਜਿਹੜੇ ਬੇ ਮਕਸਦ ਘੁੰਮ ਫਿਰ ਰਹੇ ਸਨ ਸਾਡੇ ਕੋਲ ਆ ਖਲੋਤੇ। ਤੇ ਆਲ਼ੇ ਦੁਆਲ਼ੇ ਸੁੱਤੇ ਵੀ ਉਠ ਕੇ ਫ਼ਜ਼ਲੂ ਵੱਲ ਤੱਕਣ ਲਗ ਪਏ, ਤੇ ਮੋਟਾ ਬੰਦਾ ਉਂਜ ਹੀ ਸੁੱਤਾ ਘੁਰਾੜੇ ਮਾਰ ਰਿਹਾ ਸੀ।

ਫ਼ਜ਼ਲੂ ਉੱਚੀ ਦੇਣੀ ਬੋਲਿਆ, "ਜੁਆਬ ਦੇ, ਬਾਣੀਏ ਦੇ ਪੁੱਤਰ। ਓ ਤੁਸੀਂ ਗਾਂ ਕਾਹਤੋਂ ਨਹੀਂ ਖਾਂਦੇ?"

"ਤੁਸੀਂ ਮੁਸਲਮਾਨ ਸੂਰ ਕਿਉਂ ਨਹੀਂ ਖਾਂਦੇ?" ਦੌਲਤ ਰਾਮ ਨੇ ਬੈਠਿਆਂ ਬੈਠਿਆਂ ਕੰਬਦੀ ਵਾਜ ਵਿੱਚ ਆਖਿਆ।

ਫ਼ਜ਼ਲੂ ਨੂੰ ਜਿਵੇਂ ਕਿਸੇ ਲੂਹ ਦਿੱਤਾ ਹੋਵੇ। ਉਹ ਦੋ ਚਾਰ ਪੈਰ ਪਿਛਾਂਹ ਹਟ ਗਿਆ। ਦੌਲਤ ਰਾਮ ਉਠ ਖਲੋਤਾ। ਉਹ ਫ਼ਜ਼ਲੂ ਮੂਹਰੇ ਬਚੂੰਗੜਾ ਲੱਗ ਰਿਹਾ ਸੀ ਪਰ ਫੇਰ ਵੀ ਉਹ ਫ਼ਜ਼ਲੂ ਵੱਲ ਘੂਰਦਿਆਂ ਆਂਹਦਾ ਏ।

"ਜੁਆਬ ਦੇ, ਤੁਸੀਂ ਮੁਸਲਮਾਨ ਸੂਰ ਕਿਉਂ ਨਹੀਂ ਖਾਂਦੇ?"

"ਓ ਬਾਣੀਏ ਦਿਆ ਪੁੱਤਰਾ।" ਫ਼ਜ਼ਲੂ

ਦੌਲਤ ਰਾਮ ਵੱਲ ਉੱਲਰਿਆ, ਪਰ ਫੇਰ ਮੇਰੇ ਵੱਲ ਉਂਗਲ ਕਰ ਕੇ ਆਖਣ ਲੱਗਾ,

"ਤੂੰ ਇਸ ਹਰਾਮੀ ਦੀ ਉਂਗਲ 'ਤੇ ਮੱਛਰਦਾ ਏਂ।"

ਮੈਂ ਉਠ ਖਲੋਤਾ।

ਸਾਡੇ ਚਾਰੇ ਬੰਨੇ ਬੰਦੇ ਆ ਖਲੋਤੇ।

ਫ਼ਜ਼ਲੂ ਨੇ ਮੈਨੂੰ ਆਖਿਆ, "ਇਹ ਬਾਣੀਆ ਤੇਰੀ ਈ ਉਂਗਲ 'ਤੇ ਮੱਛਰਦਾ ਏ। ਤੂੰ ਕਿਹੜੀ ਕਿਸਮ ਦਾ ਬੇ ਗ਼ੈਰਤ ਮੁਸਲਮਾਨ ਏਂ?"

'ਫ਼ਜ਼ਲੂ'। ਮੈਂ ਫ਼ਜ਼ਲੂ ਦੇ ਮੂਹਰੇ ਹੋ ਖਲੋਤਾ।

ਮੈਂ ਨੇੜੇ ਖ਼ੈਰ ਦੀਨ ਮੱਛੀ ਵਾਲੇ ਦੇ ਛਾਬੇ ਵਿਚੋਂ ਇਕ ਰੋਟੀ ਚੁੱਕ ਕੇ ਫ਼ਜ਼ਲੂ ਨੂੰ ਵਿਖਾਂਦਿਆਂ ਆਖਿਆ।

'ਫ਼ਜ਼ਲੂ ਤੂੰ, ਮੈਂ ਤੇ ਇਹ ਦੌਲਤ ਰਾਮ ਤੇ ਉਹ ਲੈਟਰੀਨ ਨੇੜੇ ਲੇਟਿਆ ਕੁਲੀ, ਅਸੀਂ ਸਭ ਇਸ ਗੋਲ ਰੋਟੀ ਦੇ ਮੁਥਾਜ ਹਾਂ। ਇਸ ਗੋਲ ਰੋਟੀ ਲਈ ਭੱਜੇ ਫਿਰਦੇ ਹਾਂ। ਤੂੰ ਆਪਣਾ ਰੋਜ਼ਗਾਰ ਕਮਾ ਤੇ ਦੂਜਿਆਂ ਨੂੰ ਕਮਾਣ ਦੇ।'

ਫ਼ਜ਼ਲੂ ਨੇ ਮੈਨੂੰ ਧਿੱਕ ਕੇ ਪਰਾਂਹ ਕੀਤਾ ਤੇ ਘੂਰ ਕੇ ਦੌਲਤ ਰਾਮ ਵੱਲ ਵੇਖਣ ਲੱਗ ਪਿਆ।

'ਤੂੰ ਪਾਕਿਸਤਾਨੋਂ ਤੁਰ ਕਿਉਂ ਨਹੀਂ ਜਾਂਦਾ। ਬੁਜ਼ਦਿਲ ਬਾਣੀਏ। ਇਹ ਮੁਲਕ ਤਾਂ ਸਾਡਾ ਏ, ਮੁਸਲਮਾਨਾਂ ਦਾ, ਤੇ ਤੂੰ ਕਾਫ਼ਰ ਏਂ, ਹਿੰਦੂ ਏਂ, ਤੂੰ ਹਿੰਦੁਸਤਾਨ ਕਿਉਂ ਨਹੀਂ ਜਾਂਦਾ'।

ਫ਼ਜ਼ਲੂ ਨੇ ਦੌਲਤ ਰਾਮ ਨੂੰ ਆਖਿਆ।

ਦੌਲਤ ਰਾਮ ਦੀਆਂ ਅੱਖਾਂ ਵਿੱਚ ਹੰਝੂਆਂ ਦਾ ਦਰਿਆ ਡੁਲ੍ਹਕਣ ਲੱਗ ਪਿਆ।ਉਹਨੇ ਜੁਆਬ ਦਿੱਤਾ,

'ਸਿੰਧ ਦੇਸ਼ ਦੀ ਧਰਤੀ ਮੇਰੀ ਮਾਂ ਏ। ਮੈਂ ਮਾਂ ਨੂੰ ਛੱਡ ਕੇ ਕਿੱਧਰ ਜਾਂਵਾਂਗਾ।'

'ਮੈਂ ਤੇਰੀ ਮਾਂ ਦੇ ਮੂੰਹ 'ਤੇ ਥੁੱਕਦਾਂ।'ਫ਼ਜ਼ਲੂ ਨੇ ਧਰਤੀ ਤੇ ਥੁੱਕ ਸੁੱਟਦਿਆਂ ਆਖਿਆ।

'ਮੈਂ ਤੇਰੀ ਮਾਂ ਦੀ ਬੇਇੱਜ਼ਤੀ ਕੀਤੀ ਏ, ਆ ਮੈਥੋਂ ਬਦਲਾ ਲੈ ਲੈ ਬਾਣੀਏ।'

ਦੌਲਤ ਰਾਮ ਕੰਬਣ ਲੱਗ ਪਿਆ। ਉਹ ਗੋਡਿਆਂ ਭਾਰ ਭੋਏਂ 'ਤੇ ਬਹਿ ਗਿਆ। ਫੇਰ ਤਲੀ ਖੋਲ੍ਹ ਕੇ ਉਹਨੇ ਸੱਜਾ ਹੱਥ ਥੁੱਕੇ ਉੱਤੇ ਰੱਖ ਦਿੱਤਾ। ਬੰਦਿਆਂ ਦੇ ਮੂੰਹ ਬੰਦ ਹੋ ਗਏ। ਘੁਸਰ ਮੁਸਰ ਮੁੱਕ ਗਈ। ਹਰ ਪਾਸੇ ਚੁੱਪ ਖਿੱਲਰ ਗਈ। ਫ਼ਜ਼ਲੂ ਰਾਕਸ਼ਸ ਹਾਰ ਦੌਲਤ ਰਾਮ ਉੱਤੇ ਖਲੋਤਾ ਸੀ। ਉਹਨੇ ਥੁੱਕ ਨਾਲ ਲਿਬੜਿਆ ਹੱਥ ਉਤਾਂਹ ਕਰ ਕੇ ਮੂੰਹ 'ਤੇ ਮੱਲ ਲਿਆ।

ਫ਼ਜ਼ਲੂ ਦਾ ਤ੍ਰਾਹ ਨਿਕਲ ਗਿਆ। ਉਹਦਾ ਜੁੱਸਾ ਢਿੱਲਾ ਪੈਣ ਲਗ ਪਿਆ। ਅੱਖਾਂ ਵਿੱਚ ਨਫ਼ਰਤ ਸ਼ਿਕਸਤ ਦੇ ਇਹਸਾਸ ਵਿੱਚ ਲੁਕ ਗਈ। ਉਹ ਮੁੜਿਆ ਤੇ ਫੇਰ ਤ੍ਰਿਖੇ ਤ੍ਰਿਖੇ ਪੈਰ ਪੁਟਦਾ ਗਾਲ੍ਹਾਂ ਦੇਂਦਾ ਚਲਾ ਗਿਆ।

ਬੰਦੇ ਖਿੰਡ ਪੁੰਡ ਗਏ। ਮੋਟਾ ਮੁਸਾਫ਼ਿਰ ਮੁੜ ਕੇ ਢਿੱਡ ਕੱਢ ਕੇ ਸੌਂ ਗਿਆ ਤੇ ਸੌਂਦਿਆਂ ਸਾਰ ਈ ਘੁਰਾੜੇ ਮਾਰਨ ਲਗ ਪਿਆ। ਸਭ ਟੁਰ ਗਏ ਪਰ ਤੇਲੀਆਂ ਦੇ ਬਾਲ ਸਾਡੇ ਨੇੜੇ ਆ ਕੇ ਖਲੋ ਗਏ।ਉਹਨਾਂ ਵਿੱਚੋਂ ਇਕ ਜਣਾ ਦੋ ਮੁੰਡਿਆਂ ਤੋਂ ਇੰਚ ਕੁ ਲੰਮਾ ਸੀ ਤੇ ਰੱਜ ਕੇ ਕਾਲਾ। ਉਹਦਾ ਨਾਂ ਅੱਛੂ ਸੀ। ਉਸ ਦੀਆਂ ਅੱਖਾਂ ਵਿੱਚ ਹੈਰਤ ਸੀ। ਉਹਨੇ ਮੇਰੀ ਬਾਂਹ ਫੜਦਿਆਂ ਆਖਿਆ, "ਓਹ ਨੱਜਰ ਟਾਂਗੇ ਵਾਲਾ ਏ ਨਾ, ਨੱਜਰ ਕਾਣਾ।"

"ਤੇ ਫੇਰ ?"

"ਉਹ ਆਂਹਦਾ ਸੀ ਤੂੰ ਸਟੇਸ਼ਨ ਤੇ ਸਭ ਤੋਂ ਬਹੁਤਾ ਪੜ੍ਹਾਕੂ ਏਂ, ਬਾਬੂ ਤੂੰ ਐਡਾ ਵੱਡਾ ਏਂ ਤੇ ਫੇਰ ਵੀ ਤੂੰ ਫਜਲੂ ਨੂੰ ਤੌਣੀ ਨਹੀਂ ਲਾਈ।"

ਮੈਂ ਅੱਛੂ ਦੇ ਕਾਲੇ ਸ਼ਾਹ ਮੂੰਹ ਵੱਲ ਤੱਕਿਆ। ਉਹਦੀਆਂ ਗੋਲ ਚਿੱਟੀਆਂ ਅੱਖਾਂ, ਬਾਹਰ ਨਿਕਲ ਆਈਆਂ ਸਨ। ਨਾਸਾਂ ਵੀ ਫੁਲ ਜਹੀਆਂ ਗਈਆਂ ਸਨ। ਕਾਲੇ ਬੁੱਲ੍ਹ ਸੁੱਜ ਜਹੇ ਗਏ ਸਨ, ਤੇ ਉਹਦੇ ਸੂਲਾਂ ਦੰਦ ਜ਼ਾਹਿਰ ਹੋਵਣ ਲੱਗ ਪਏ। ਅੱਛੂ ਦੀ ਉਮਰ ਅੱਠ ਦਸ ਸਾਲ ਸੀ। ਉਹਨੇ ਸਿਗਰਟ ਦਾ ਇਕ ਲੰਮਾ ਕਸ਼ ਛਿਕ ਕੇ ਨੱਕ ਚੋਂ ਧੂੰ ਕੱਢਿਆ ਤੇ ਮੁੜ ਕੇ ਪੁੱਛਣ ਲੱਗਾ,

"ਅਮੀਰ ਬਖ਼ਸ਼ ਤੂੰ ਕਿੰਨਾ ਪੜ੍ਹਿਆ ਹੋਇਆ ਏਂ?"

ਫੇਰ ਉਸ ਫ਼ਜ਼ਲੂ ਨੂੰ ਮਾਂ ਦੀ ਗਾਲ੍ਹ ਦਿੱਤੀ,

"ਤੂੰ ਉਸ ਨੂੰ ਮਾਰਿਆ ਕਿਉਂ ਨਹੀਂ?"

ਉਹ ਦੋਹਾਂ ਹੱਥਾਂ ਦਾ ਮੁੱਕਾ ਬਣਾ ਕੇ ਮੈਨੂੰ ਕਹਿਣ ਲੱਗਾ।

“ਇਕ ਈ ਘਸੁੰਨ ਮਾਰ ਕੇ ਸਾਲੇ ਦੀ ਬੱਤੀ ਦੰਦ ਕੱਢ ਦੇਂਦੋਂ।”

ਜਦ ਮੈਂ ਉਹਨੂੰ ਕੋਈ ਜੁਆਬ ਨਾ ਦਿੱਤਾ, ਉਸ ਹੱਥ ਥੱਲੇ ਕਰ ਦਿੱਤੇ। ਬੁਲ੍ਹਾਂ ਚੋਂ ਸਿਗਰਟ ਦਾ ਟੋਟਾ ਕੱਢ ਕੇ ਚੁਟਕੀ ਨਾਲ ਪਰਾਂਹ ਵਗਾਹ ਮਾਰਿਆ ਤੇ ਫੇਰ ਇਕ ਨਿੱਕੇ ਬਾਲ ਨੂੰ (ਜਿਹਦੀ ਉਮਰ ਪੰਜ ਛੇ ਵਰ੍ਹੇ ਹੋਣੀ ਏ) ਦੇ ਮੱਥੇ ਤੇ ਹੱਥ ਧੱਰ ਕੇ ਦੁਖ ਭਰੀ ਵਾਜ ਵਿੱਚ ਆਖਣ ਲਗਾ।

'ਸਾਨੂੰ ਤਾਂ ਉੱਕਾ ਪਰਵਾਹ ਨਹੀਂ ਪਰ ਉਸ ਦੱਲੇ ਫਜਲੂ ਨੇ ਇਸ ਬਾਲ ਦਾ ਵੀ ਖ਼ਾਨਾ ਖ਼ਰਾਬ ਕਰ ਦਿੱਤਾ ਏ। ਤੂੰ ਉਸ ਦੱਲੇ ਦੇ ਪੁੱਤਰ ਨੂੰ ਫੈਂਟੀ ਕਿਉਂ ਨਹੀਂ ਚਾੜ੍ਹੀ।

'ਅੱਛਿਆ! ਮੈਂ ਬਾਲਾਂ ਤੋਂ ਨਿਗਾਹ ਹਟਾਂਦਿਆਂ ਆਖਿਆ। ਇਲਮ ਤਾਂ ਜਣਿਆਂ ਨੂੰ ਖੁਸਰਾ ਕਰ ਛੱਡਦਾ ਏ।'

ਬਾਲ ਟਹਿਕ ਕੇ ਹੱਸਣ ਲਗ ਪਏ।

ਅੱਛੂ ਆਖਿਆ, ਸਭ ਪੜ੍ਹਾਕੂ ਹੀਜੜੇ ਨੇਂ ਉਸਤਾਦ?

'ਹਾਂ ਅੱਛਿਆ', ਮੈਨੂੰ ਆਪਣੀ ਵਾਜ਼ ਵਿਚੋਂ ਕੁੜੱਤਣ ਦਾ ਇਹਸਾਸ ਹੋਇਆ।

ਮੈਂ ਕਿਹਾ, “ਤੁਸੀਂ ਜਵਾਨਾਂ ਦੇ ਪੁੱਤ ਜੋ ਨਹੀਂ ਪੜ੍ਹੇ। ਤੁਸੀਂ ਗੱਭਰੂ ਜਵਾਨ ਹੋ ਕੇ ਜਣੇ ਬਣੋਗੇ।”

ਅੱਛੂ ਕਹਿਣ ਲੱਗਾ, “ਅਸੀਂ ਵਈਦ ਮੁੜਾਦ (ਵਹੀਦ ਮੁਰਾਦ) ਬਣਾਂਗੇ।”

“ਕੁਝ ਵੀ ਬਣਿਓਂ ਪਰ ਪੜ੍ਹ ਕੇ ਆਪਣੀ ਬਹਾਦਰੀ ਨਾ ਗੁਆਇਓ। ਜਾਹਿਲ ਰਹਿ ਕੇ ਜਵਾਨ ਬਣਿਓਂ।” ਮੈਨੂੰ ਸ਼ਰਿਆਨਿਆਂ ਵਿੱਚ ਗੰਧਰਕ ਦੌੜਦੀ ਹੋਈ ਮਹਿਸੂਸ ਹੋਈ।

ਮੈਂ ਮੁੜ ਆਖਿਆ, “ਪਰ ਜਵਾਨ ਜੋਧੇ ਬਣ ਕੇ ਵੀ ਤੁਹਾਡੇ ਤੇ ਕੋਈ ਪੜ੍ਹਿਆ ਗਲਿਆ ਈ ਹਕੂਮਤ ਕਰੇਗਾ, ਜਿਹਦੇ ਮੱਥੇ ਤੇ ਟੋਪੀ ਹੋਵੇਗੀ।”

ਅੱਛੂ ਨੇ ਦੌਲਤ ਰਾਮ ਦਾ ਹੱਥ ਫੜ ਕੇ ਮੈਥੋਂ ਪੁੱਛਿਆ, 'ਉਸਤਾਦ! ਹਿੰਦੂ ਤੇ ਮੁਸਲਮਾਨ ਵਿੱਚ ਫਰਕ ਏ?'

ਮੈਂ ਹੈਰਤ ਨਾਲ ਅੱਛੂ ਵੱਲ ਵੇਖਿਆ।

ਮੈਂ ਕਿਹਾ, “ਮੈਨੂੰ ਨਹੀਂ ਪਤਾ।”

“ਤਾਂ ਤੂੰ ਪੜ੍ਹਾਕੂ ਨਹੀਂ?”

ਮੈਨੂੰ ਨਹੀਂ ਪਤਾ।

'ਕਮਾਲ ਏ ਬਈ, ਤੂੰ ਸੁਆਹ ਪੜ੍ਹਿਆ ਏਂ!'

“ਮੈਂ ਪੜ੍ਹਾਕੂ ਨਹੀਂ ਹਾਂ, ਨਹੀਂ ਹਾਂ। ਜਾਹਿਲ ਹਾਂ, ਚਿੱਟਾ ਕੋਰਾ।” ਮੈਂ ਕੌੜ ਵਿੱਚ ਜੁਆਬ ਦਿੱਤਾ।

“ਤਾਂ ਈ ਤੈਨੂੰ ਸੱਚੀ ਮੁੱਚੀ ਹਿੰਦੂ ਤੇ ਮੁਸਲਮਾਨ ਦੇ ਫਰਕ ਦਾ ਪਤਾ ਨਹੀਂ।”

ਅੱਛੂ ਆਖਣ ਲਗਾ।

“ਮੈਨੂੰ ਨਹੀਂ ਪਤਾ ਕਿ ਹਿੰਦੂ ਮੁਸਲਮਾਨ ਵਿੱਚ ਕਿਹੜਾ ਫ਼ਰਕ ਏ।”

“ਮੈਨੂੰ ਪਤਾ ਏ”, ਅੱਛੂ ਨੇ ਹਿੱਕ ਉੱਤੇ ਹੱਥ ਮਾਰਦਿਆਂ ਆਖਿਆ।

ਮੈਂ ਹੈਰਤ ਵਿੱਚ ਪੈ ਗਿਆ, “ਤੈਨੂੰ ਹਿੰਦੂ ਤੇ ਮੁਸਲਮਾਨ ਵਿਚਾਲੇ ਜਿਹੜਾ ਫ਼ਰਕ ਏ ਉਹਦਾ ਪਤਾ ਏ! ਕਿਵੇਂ?”

ਅੱਛੂ ਕਹਿਣ ਲੱਗਾ, “ਹਿੰਦੂ ਤੇ ਮੁਸਲਮਾਨ ਵਿਚਾਲੇ ਜਿਹੜਾ ਫ਼ਰਕ ਏ ਨਾ ਕਿ ਦੋਹਾਂ......”। ਅੱਛੂ ਜੁਮਲਾ ਪੂਰਾ ਨਾ ਕਰ ਸਕਿਆ ਤੇ ਮੂੰਹ ਤੇ ਹੱਥ ਰਖ ਕੇ ਹਸ ਹਸ ਕੇ ਦੂਹਰਾ ਹੋ ਗਿਆ।

ਉਹਦੇ ਨਾਲਦੇ ਸਾਰੇ ਉੱਚੀ ਉੱਚੀ ਹੱਸਣ ਲੱਗ ਪਏ।

ਬਾਲ ਇਕ ਦੂਜੇ ਦੇ ਮੋਢਿਆਂ ਤੇ ਹੱਥ ਰੱਖ ਕੇ ਝੂਮਦੇ ਫ਼ਿਲਮੀ ਗਾਣੇ ਗਾਉਂਦੇ ਪਰਾਂਹ ਹੋ ਬੈਠੇ।

ਉਸ ਵੇਲੇ ਮੈਨੂੰ ਆਪਣਾ ਨਿੱਕਾ ਭਰਾ ਜਾਨਣ ਯਾਦ ਆਇਆ। ਜਿਹਨੂੰ ਮੈਂ ਦੱਸਿਆ ਸੀ ਕਿ ਮਿਹਨਤ ਦਾ ਫਲ ਹਿਦਵਾਣੇ ਤੋਂ ਕੁਝ ਨਿੱਕਾ ਤੇ ਮਤੀਰੇ ਤੋਂ ਕੁਝ ਵੱਡਾ ਹੋਂਦਾ ਏ।

ਉਸ ਰਾਤੀਂ ਮੈਂ ਆਪਣੇ ਭਰਾ ਜਾਨਣ ਨੂੰ ਖ਼ਤ ਵਿੱਚ ਲਿਖਿਆ ਕਿ ਜਾਨਣ, ਮੇਰੇ ਨਿੱਕੇ ਵੀਰ ਇਸ ਦੌੜ ਵਿੱਚ ਮਿਹਨਤ ਦਾ ਫਲ ਸਜਰੇ ਜੰਮੇ ਬਾਲ ਦੇ ਅੰਗੂਠੇ ਜਿੱਡਾ ਹੋ ਗਿਆ ਏ ......।

■

ਕਹਾਣੀ

# ਆਪਨਾ ਖ਼ੂਨ

**ਡਾ. ਫ਼ਕੀਰ ਚੰਦ ਸ਼ੁਕਲਾ**

ਜੇ ਪਿੰਡੋਂ ਚਾਚੇ ਦੀ ਤਾਰ ਨਾ ਆਈ ਹੁੰਦੀ ਤਾਂ ਸ਼ਾਇਦ ਇਸ ਵੇਲੇ ਸੋਹਣ ਕਦੇ ਵੀ ਸਫ਼ਰ ਲਈ ਤਿਆਰ ਨਾ ਹੁੰਦਾ। ਦਫ਼ਤਰੋਂ, ਸਾਢੇ ਪੰਜ ਵਜੇ ਦੇ ਕਰੀਬ, ਜਦੋਂ ਘਰ ਪਹੁੰਚਿਆ ਸੀ ਤਾਂ ਮਕਾਨ ਮਾਲਕ ਨੇ ਤਾਰ ਉਸਨੂੰ ਫੜਾ ਦਿੱਤੀ ਸੀ। ਤਾਰ ਪੜ੍ਹਦਿਆਂ ਇਕ ਵਾਰੀ ਤਾਂ ਉਹ ਜਿਵੇਂ ਕੰਬ ਉੱਠਿਆ ਸੀ। “ਫ਼ੌਰਨ ਚਲਿਆ ਆ। ਪਾਰਵਤੀ ਦੀ ਹਾਲਤ ਨਾਜ਼ੁਕ ਹੈ।”

ਹੇਠਾਂ ਚਾਚੇ ਦਾ ਨਾਂ 'ਗੋਪਾਲ ਦਾਸ' ਲਿਖਿਆ ਹੋਇਆ ਸੀ। ਤਾਰ ਵੀ ਕੁਰਾਲੀ ਤੋਂ ਦਿੱਤੀ ਗਈ ਸੀ। ਪਿੰਡੋਂ ਛੇ-ਸੱਤ ਮੀਲ ਦੇ ਫ਼ਾਸਲੇ 'ਤੇ ਕਸਬਾ ਹੈ। ਉੱਥੇ ਹੀ ਡਾਕ-ਤਾਰ ਘਰ ਹੈ। ਸੱਚ-ਮੁੱਚ ਹੀ ਮਾਂ ਦੀ ਹਾਲਤ ਐਨੀ ਖਰਾਬ ਹੋਵੇਗੀ ਤਾਂਹੀਓ ਤਾਂ ਐਨੀ ਦੂਰ ਜਾ ਕੇ ਚਾਚੇ ਨੇ ਤਾਰ ਦਿੱਤੀ ਹੈ, ਓਸ ਮਨ ਹੀ ਮਨ ਸੋਚਿਆ ਸੀ।

ਉਸੇ ਵੇਲੇ ਤੁਰ ਪੈਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ। ਪਤਾ ਨਹੀਂ ਆਖਰੀ ਵੇਲੇ ਮਾਂ ਨੂੰ ਵੇਖ ਵੀ ਸਕੇਗਾ ਕਿ ਨਹੀਂ। ਉਸ ਦੀਆਂ ਅੱਖਾਂ ਭਰ ਆਈਆਂ ਸਨ। ਉਹ ਆਪਣੇ ਕਮਰੇ ਵਿੱਚ ਚਲਾ ਆਇਆ ਸੀ। ਇਕ ਕਾਗਜ਼ ਤੇ ਕੁਝ ਦਿਨਾਂ ਦੀ ਛੁੱਟੀ ਲਿਖ ਕੇ ਘਰੋਂ ਆਈ ਤਾਰ ਵੀ ਨਾਲ ਨੱਥੀ ਕਰ ਦਿੱਤੀ ਸੀ। ਛੇਤੀ ਛੇਤੀ ਦੋ ਚਾਰ ਕੱਪੜੇ ਬੈਗ ਵਿੱਚ ਪਾ ਕੇ ਉਹ ਲਗਭਗ ਤਿਆਰ ਹੋ ਗਿਆ ਸੀ।

ਮਾਲਕ ਮਕਾਨ ਨੇਕ ਦਿਲ ਹੈ। ਸ਼ਾਇਦ ਇਸੇ ਲਈ ਉਸ ਕੋਲੋਂ 'ਕੁਝ' ਮੰਗਦਿਆਂ ਉਸ ਨੂੰ ਓਨੀ ਝਿਜਕ ਨਹੀਂ ਹੋਈ ਸੀ। ਆਪਣੀ ਅਰਜ਼ੀ ਉਸ ਨੇ ਉਨ੍ਹਾਂ ਨੂੰ ਦੇ ਦਿੱਤੀ ਸੀ। ਸਵੇਰੇ ਦਫ਼ਤਰ ਜਾਣ ਤੋਂ ਪਹਿਲਾਂ ਉਸ ਦਾ ਦੋਸਤ ਉਸ ਨੂੰ ਬੁਲਾਉਣ ਲਈ ਆਇਆ ਕਰਦਾ ਹੈ, ਉਸ ਨੂੰ ਦੇ ਦੇਣਗੇ। ਹਾਲਾਂਕਿ ਜਿੰਨੀ ਉਮੀਦ ਨਾਲ ਉਸ ਨੇ ਮਾਲਕ ਮਕਾਨ ਤੋਂ ਮੰਗੇ ਸਨ ਉਸ ਤੋਂ ਕਿਤੇ ਘੱਟ ਮਾਲਕ ਮਕਾਨ ਨੇ ਉਸ ਨੂੰ ਦਿੱਤੇ ਸਨ ਪਰ ਫੇਰ ਵੀ ਉਹ

ਰੁਪਏ ਉਸ ਦਾ ਕਾਫ਼ੀ ਕੰਮ ਸਾਰ ਸਕਦੇ ਸਨ।

ਬੱਸ ਅੱਡੇ ਤੱਕ ਪਹੁੰਚਦਿਆਂ-ਪਹੁੰਚਦਿਆਂ ਸਾਢੇ ਛੇ ਤੋਂ ਉਪਰ ਹੋ ਚੁੱਕੇ ਸਨ। ਜ਼ਰਾ ਹੋਰ ਲੇਟ ਹੋ ਜਾਂਦਾ ਤਾਂ ਸ਼ਾਇਦ ਆਖ਼ਰੀ ਬੱਸ ਵੀ ਨਿਕਲ ਜਾਂਦੀ। ਬੇਸ਼ੱਕ ਗਰਮੀ ਦਾ ਮੌਸਮ ਸੀ, ਦਿਨ ਵੱਡੇ ਹੋ ਗਏ ਸਨ, ਪਰ ਫੇਰ ਵੀ ਜਦੋਂ ਉਹ ਕੁਰਾਲੀ ਦੇ ਬੱਸ ਅੱਡੇ 'ਤੇ ਉੱਤਰਿਆ ਤਾਂ ਕਾਫ਼ੀ ਹਨੇਰਾ ਹੋ ਗਿਆ ਸੀ। ਅੱਡੇ ਦੇ ਨੇੜੇ ਤੇੜੇ ਦੀਆਂ ਦੋ ਚਾਰ ਦੁਕਾਨਾਂ ਨੂੰ ਛੱਡ ਕੇ ਬਾਕੀ ਸਾਰੀਆਂ ਬੰਦ ਹੋ ਚੁੱਕੀਆਂ ਸਨ। ਜਿਹੜੀਆਂ ਖੁੱਲ੍ਹੀਆਂ ਸਨ ਉਨ੍ਹਾਂ 'ਚ ਵੀ ਟਾਵਾਂ-ਟਾਵਾਂ ਗਾਹਕ ਹੀ ਨਜ਼ਰ ਆ ਰਿਹਾ ਸੀ। ਉਂਝ ਵੀ ਐਥੇ ਕੋਈ ਜ਼ਿਆਦਾ ਰਸ਼ ਨਹੀਂ ਰਹਿੰਦਾ। ਕਿਹੜਾ ਅੰਬਾਲੇ ਵਰਗਾ ਵੱਡਾ ਅੱਡਾ ਹੈ। ਬਸ, ਥੋੜ੍ਹੀ ਜਿਹੀ ਖੁੱਲ੍ਹੀ ਥਾਂ ਹੈ, ਜਿੱਥੇ ਬੱਸ ਆ ਕੇ ਰੁਕਦੀ ਹੈ।

ਉਹ ਇਕ ਦੁਕਾਨ ਵੱਲ ਤੁਰਨ ਲੱਗਾ। ਸ਼ਾਇਦ ਕੁਝ ਖਾਣ ਲਈ ਮਿਲ ਜਾਵੇ। ਬੜੀ ਜ਼ੋਰ ਦੀ ਭੁੱਖ ਲੱਗੀ ਹੋਈ ਸੀ। ਦਫ਼ਤਰੋਂ ਆਉਣ ਮਗਰੋਂ ਉਹ ਅਕਸਰ ਚਾਹ ਨਾਲ ਦੋ ਚਾਰ ਬਿਸਕੁਟ ਜਾਂ ਡਬਲਰੋਟੀ ਦੇ ਇਕ ਦੋ ਪੀਸ ਖਾ ਲਿਆ ਕਰਦਾ ਸੀ। ਪਰ ਅੱਜ ਤਾਂ ਉਹ ਵੀ...। ਤੇ ਜੇ ਇੱਥੇ ਵੀ ਕੁਝ ਨਾ ਮਿਲਿਆ ਤਾਂ ਅੱਗੇ ਦਾ ਪੈਂਡਾ ਤਹਿ ਕਰਨਾ ਮੁਸ਼ਕਿਲ ਹੋ ਜਾਵੇਗਾ। ਪੰਜ ਛੇ ਮੀਲ ਪੈਦਲ ਤੁਰਨਾ ਪੈਂਦਾ ਹੈ। ਦੁਕਾਨਦਾਰ ਨੇ ਉਸ ਲਈ ਚਾਹ ਦਾ ਪਾਣੀ ਭੱਠੀ 'ਤੇ ਰੱਖ ਦਿੱਤਾ। ਖਾਣ ਲਈ ਸਵੇਰ ਦੇ ਕੱਢੇ ਪਕੌੜੇ ਸਨ, ਉਹਨਾਂ ਨੂੰ ਗਰਮ ਕਰ ਦੇਵੇਗਾ। ਕੁਝ ਹੋਰ ਤਾਂ ਏਸ ਵੇਲੇ ਮਿਲਣ ਤੋਂ ਰਿਹਾ। ਚਲੋ ਖਾਲੀ ਪੇਟ ਦੀ ਬਜਾਏ ਕੁਝ ਤਾਂ ਆਸਰਾ ਹੋਵੇਗਾ।

ਬੇਮਨਾ ਉਹ ਪਕੌੜੇ ਖਾਣ ਲੱਗਾ। ਪਰ ਮਨ ਉਸਦਾ ਹਾਲੇ ਵੀ ਪਿੰਡ ਵਿੱਚ ਹੀ ਭਟਕ ਰਿਹਾ ਸੀ। ਪਤਾ ਨਹੀਂ ਮਾਂ ਹੁਣ ਜਿਉਂਦੀ ਵੀ ਹੋਵੇਗੀ? ਹੋ ਸਕਦੈ ਚਾਚੇ ਨੇ ਐਂਵੇ ਤਾਰ ਦਿੱਤੀ ਹੋਵੇ। ਉਸ ਮਨ ਹੀ ਮਨ ਸੋਚਿਆ। ਉਹ ਕਿਹੜਾ ਕਿਸੇ ਨਾਲੋਂ ਘੱਟ ਏ, ਪੂਰਾ ਨੌਸਰਬਾਜ਼ ਏ। ਅੱਵਲ ਦਰਜੇ ਦਾ ਚਾਰ ਸੌ ਵੀਹ। ਉਸਨੂੰ ਆਪਣੇ ਆਪ ਤੇ ਰਤਾ ਗੁੱਸਾ ਵੀ ਆਇਆ। ਪਤਾ ਨਹੀਂ ਕਿਉਂ ਚਾਚੇ ਬਾਰੇ ਇੰਜ ਊਟ-ਪਟਾਂਗ ਉਸ ਦੇ ਦਿਮਾਗ਼ ਵਿੱਚ ਆਉਣ ਲੱਗਿਆ ਸੀ। ਉਸ ਨੇ ਫਟਾਫਟ ਚਾਹ ਦੇ ਘੁੱਟ ਪਕੌੜਿਆਂ ਨਾਲ ਭਰੇ ਅਤੇ ਫੇਰ ਪੈਦਲ ਤੁਰਨ ਲੱਗਾ। ਚਾਨਣੀ ਰਾਤ ਸੀ ਇਸ ਲਈ ਰਾਹ ਸਾਫ਼ ਵਿਖਾਈ ਦੇ ਰਿਹਾ ਸੀ। ਪਿੱਛੋਂ ਜਦੋਂ ਕਿਸੇ ਸਾਈਕਲ ਦੀ ਆਵਾਜ਼ ਆਉਂਦੀ ਤਾਂ ਉਹ ਥੋੜ੍ਹਾ ਹੌਲੀ ਹੋ ਜਾਂਦਾ। ਕੋਲੋਂ ਦੀ ਲੰਘ ਰਹੇ ਸਾਈਕਲ ਵਾਲੇ ਨੂੰ ਗਹੁ ਨਾਲ ਵੇਖਦਾ। ਸ਼ਾਇਦ ਕੋਈ ਪਿੰਡ ਦਾ ਬੰਦਾ ਨਿਕਲ ਆਵੇ। ਇਕ ਦੋ ਦੀਆਂ ਉਸ ਨੇ ਮਿੰਨਤਾਂ ਵੀ ਕੀਤੀਆਂ-

"ਭਰਾਵਾ ਕੋਠੀ ਤੱਕ ਲੈ ਚੱਲ। ਛੇਤੀ ਪਿੰਡ ਪਹੁੰਚਣਾ ਏ। ਮਾਂ ਬੀਮਾਰ ਏ।"

"ਮੈਨੂੰ ਤਾਂ ਕੋਈ ਇਤਰਾਜ਼ ਨੀ, ਪਰ ਸਾਈਕਲ 'ਚ ਫ਼ੂਕ ਘੱਟ ਏ।"

ਸਾਈਕਲ ਦੀ ਰਫ਼ਤਾਰ ਨਾਲ ਆਪਣਾ ਜੁਆਬ ਸੁੱਟ ਕੇ ਸਾਈਕਲ ਵਾਲਾ ਅੱਗੇ ਲੰਘ ਜਾਂਦਾ। ਹੁਣ ਕਿਸੇ ਹੋਰ ਨੂੰ ਪੁੱਛਣ ਦਾ ਉਸ ਇਰਾਦਾ ਹੀ ਛੱਡ ਦਿੱਤਾ।ਆਪਣੇ ਵੱਲੋਂ ਜਿੰਨਾ ਤੇਜ਼ ਤੁਰ ਸਕਦਾ ਸੀ, ਤੁਰਨ ਲੱਗਾ।

ਕੁੱਝ ਵਰ੍ਹੇ ਪਹਿਲਾਂ ਮਾਂ ਚੰਗੀ ਭਲੀ ਸੀ। ਕਈ ਵਾਰੀ ਉਹ ਮਾਂ ਨੂੰ ਆਪਣੇ ਨਾਲ ਲੈ ਆਇਆ ਸੀ। ਪਰ ਮਾਂ ਦਾ ਉੱਥੇ ਦਿਲ ਨਾ ਲੱਗਦਾ। ਕਿੱਥੇ ਪਿੰਡ ਦਾ ਖੁੱਲ੍ਹਾ ਵਾਤਾਵਰਣ ਅਤੇ ਕਿੱਥੇ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਾਲੀ ਬਸਤੀ। ਅਤੇ ਇਸ ਤੋਂ ਇਲਾਵਾ ਮਾਂ ਨੂੰ ਆਪਣੀ ਜ਼ਮੀਨ ਦਾ ਜ਼ਿਆਦਾ ਫਿਕਰ ਲੱਗਿਆ ਰਹਿੰਦਾ। ਜਿੰਨਾ ਉਹ ਮਾਂ ਨੂੰ ਆਪਣੇ ਕੋਲ ਰਹਿਣ ਲਈ ਜ਼ੋਰ ਦਿੰਦਾ ਰਹਿੰਦਾ ਉਸ ਤੋਂ ਜ਼ਿਆਦਾ ਉਹ ਉਸ ਨੂੰ ਪਿੰਡ ਛੱਡ ਆਉਣ ਲਈ ਆਖਦੀ ਰਹਿੰਦੀ-

"ਪੁੱਤ ਤੂੰ ਨੀ ਸਮਝ ਸਕਦਾ। ਜੇ ਮੈਂ ਐਥੇ ਰਹਿਣ ਲੱਗ ਪਈ ਤਾਂ ਤੇਰਾ ਚਾਚਾ ਸਾਰੀ ਜ਼ਮੀਨ ਹੜੱਪ ਜਾਵੇਗਾ। ਪਿੰਡ 'ਚ ਰਵ੍ਹਾਂਗੀ ਤਾਂ

ਦਾਣਿਆਂ ਦੀਆਂ ਦੋ ਚਾਰ ਬੋਰੀਆਂ ਵੀ ਆਉਂਦੀਆਂ ਰਹਿਣਗੀਆਂ ਅਤੇ ਜ਼ਮੀਨ ਜਾਇਦਾਦ ਵੀ ਅੱਖਾਂ ਮੂਹਰੇ ਰਵ੍ਹੇਗੀ।"

"ਤੂੰ ਜ਼ਮੀਨ ਜਾਇਦਾਦ ਦਾ ਫ਼ਿਕਰ ਛੱਡ ਮਾਂ। ਆਪਾਂ ਕਿਹੜੇ ਮਹੱਲ ਖੜੇ ਕਰਨੇ ਨੇ। ਦੋ ਵੇਲੇ ਦੀ ਰੋਟੀ ਮਿਲਦੀ ਰਵ੍ਹੇ.."

"ਰਹਿਣ ਦੇ ਵੇ ਤੂੰ। ਪੁਰਖਿਆਂ ਦੀ ਨਸ਼ਾਨੀ ਹੁੰਦੀ ਏ ਜ਼ਮੀਨ ਜੈਦਾਦ ਤਾਂ। ਏਹ ਤਾਂ ਮੇਰੇ ਕਰਕੇ ਮਾੜਾ ਮੋਟਾ ਮਿਲਦਾ ਰਹਿੰਦੈ, ਮੈਂ ਨਾ ਰਹੀ ਤਾਂ ਏਸ ਨੇ ਤਾਂ ਤੈਨੂੰ ਫ਼ੁੱਟੀ ਕੌਡੀ ਨੀ ਦੇਣੀ।"

ਉਹ ਮਾਂ ਨੂੰ ਸਮਝਾ ਸਮਝਾ ਕੇ ਅੱਕ ਜਾਂਦਾ ਤੇ ਮਾਂ ਉਸ ਨੂੰ। ਪਰ ਦੋਵੇਂ ਕਦੇ ਸਮਝੌਤੇ ਲਈ ਤਿਆਰ ਨਾ ਹੁੰਦੇ। ਕਦੇ ਕਦੇ ਤਾਂ ਉਸ ਨੂੰ ਮਾਂ 'ਤੇ ਖਿਝ ਵੀ ਆ ਜਾਂਦੀ ਸੀ। ਕਿਹੜੀ ਬਹੁਤੀ ਜ਼ਮੀਨ ਹੈ। ਆਪਣੇ ਹਿੱਸੇ ਤਾਂ ਵੀਹ-ਪੰਝੀ ਵਿੱਘਿਆਂ ਤੋਂ ਜ਼ਿਆਦਾ ਆਉਣ ਤੋਂ ਰਹੀ। ਕਾਇਦੇ ਕਾਨੂੰਨ ਤਦੇ ਕੰਮ ਆ ਸਕਦੇ ਹਨ ਜਦੋਂ ਕੋਈ ਸਬੂਤ ਕੋਲ ਹੋਵੇ।

ਜਦੋਂ ਉਸ ਦਾ ਪਿਉ ਮਰਿਆ ਸੀ, ਉਹ ਸਕੂਲ ਵਿੱਚ ਪੜ੍ਹਦਾ ਸੀ। ਸੁਣਿਐ, ਪਿਓ ਦੀ ਬਿਮਾਰੀ 'ਤੇ ਕਾਫ਼ੀ ਖ਼ਰਚ ਆਇਆ ਸੀ। ਬਿਮਾਰੀ ਦਾ ਖ਼ਰਚਾ ਚਲਾਉਣ ਲਈ ਆਪਣੇ ਹਿੱਸੇ ਦੀ ਅੱਧੀ ਜ਼ਮੀਨ ਉਸਨੂੰ ਕਿਸੇ ਕੋਲ ਗਿਰਵੀ ਰੱਖਣੀ ਪਈ ਸੀ। ਪਰ ਉੱਥੇ ਵੀ ਚਾਚੇ ਨੇ ਚਾਲ ਖੇਡੀ ਸੀ। ਗਿਰਵੀ ਦੇ ਕਾਗਜ਼ਾਂ ਵਿੱਚ ਸਮੇਂ ਦੀ ਮੋਹਲਤ ਲਿਖਵਾ ਦਿੱਤੀ ਸੀ ਕਿ ਜੇ ਮਿੱਥੇ ਸਮੇਂ ਤੱਕ ਜ਼ਮੀਨ ਨਾ ਛੁਡਵਾਈ ਗਈ ਤਾਂ ਜ਼ਬਤ ਹੋ ਜਾਵੇਗੀ।

ਪਿਉ ਇਕ ਦਿਨ ਦਮ ਤੋੜ ਗਿਆ। ਜ਼ਮੀਨ ਕੌਣ ਛੁਡਵਾਉਂਦਾ! ਇਹ ਤਾਂ ਉਸ ਨੂੰ ਕਾਫ਼ੀ ਬਾਅਦ ਵਿੱਚ ਪਤਾ ਲੱਗਾ ਸੀ, ਸ਼ਾਇਦ ਮਾਂ ਕੋਲੋਂ ਜਾਂ ਪਿੰਡ ਦੇ ਕਿਸੇ ਹੋਰ ਆਦਮੀ ਕੋਲੋਂ ਕਿ ਚਾਚੇ ਨੇ ਗਿਰਵੀ ਵਾਲੇ ਕਾਗਜ਼ ਆਪਣੇ ਨਾਂ 'ਤੇ ਬਣਵਾਏ ਸਨ। ਆਪਣੇ ਕੋਲੋਂ ਰੁਪਏ ਦੇ ਕੇ ਕਿਸੇ ਹੋਰ ਆਦਮੀ ਦਾ ਝੂਠੀ ਮੂਠੀ ਨਾਂ ਲੈ ਦਿੱਤਾ ਸੀ ਕਿ ਫ਼ਲਾਣੇ ਕੋਲ ਜ਼ਮੀਨ ਗਹਿਣੇ ਧਰ ਦਿੱਤੀ ਹੈ। ਬਿਮਾਰੀ ਦੀ ਹਾਲਤ ਵਿੱਚ ਉਸਦਾ ਪਿਉ ਕੀ ਜਵਾਬ ਤਲਬੀ ਕਰਦਾ। ਫੇਰ ਲੈਣ ਦੇਣ ਕਰਨ ਵਾਲਾ ਕੋਈ ਓਪਰਾ ਬੰਦਾ ਥੋੜ੍ਹਾ ਸੀ, ਸਕਾ ਭਰਾ ਸੀ। ਉਸ ਦੇ ਪਿਉ ਨੂੰ ਤਾਂ ਚਾਚੇ ਤੇ ਏਨਾ ਏਤਬਾਰ ਸੀ ਕਿ ਜ਼ਮੀਨ ਗਿਰਵੀ ਰੱਖਣ ਨਾਲ ਜਿਹੜੇ ਪੈਸੇ ਮਿਲੇ ਸਨ ਉਹ ਵੀ ਉਸ ਨੂੰ ਹੀ ਫੜਾ ਦਿੱਤੇ ਸਨ-

"ਇਹਨਾਂ ਨੂੰ ਆਪਣੇ ਕੋਲ ਈ ਰੱਖ ਲੈ, ਗੋਪਾਲ। ਦਵਾ ਦਾਰੂ ਦੇ ਕੰਮ ਆਉਣਗੇ।"

ਪਰ ਪੈਸੇ ਪਿਉ ਦੀ ਦਵਾਈ ਦੇ ਨਹੀਂ ਚਾਚੇ ਦੀ ਦਾਰੂ ਦੇ ਹੀ ਕੰਮ ਆਏ ਸਨ।

ਉਂਜ ਚਾਚੇ ਨਾਲ ਕਿਹੜਾ ਲੜਾਈ ਝਗੜਾ ਕਰੇ। ਸਾਰਾ ਪਿੰਡ ਉਸ ਦੇ ਨਾਂ ਤੋਂ ਕੰਬਦਾ ਹੈ। ਅੱਵਲ ਦਰਜੇ ਦਾ ਮੁਕੱਦਮੇਬਾਜ਼ ਹੈ। ਪਤਾ ਨਹੀਂ ਕਦੋਂ ਕਿਸੇ ਤੇ ਝੂਠਾ ਕੇਸ ਬਣਵਾ ਦੇਵੇ। ਛੜਾ-ਮਲੰਗ ਆਦਮੀ ਹੈ। ਬਾਲ-ਬੱਚੇ ਹੁੰਦੇ ਤਾਂ ਆਪਣੀ ਜ਼ਿੰਮੇਵਾਰੀ ਸਮਝਦਾ। ਜ਼ਮੀਨ ਵਟਾਈ ਤੇ ਦਿੱਤੀ ਹੋਈ ਹੈ। ਜਿਹੜੀ ਆਮਦਨ ਹੁੰਦੀ ਹੈ ਉਹ ਮੁਕੱਦਮੇਬਾਜ਼ੀ ਅਤੇ ਸ਼ਰਾਬ ਵਿੱਚ ਉਜਾੜ ਦੇਂਦਾ ਹੈ।

ਪਿਉ ਦੀ ਮੌਤ ਮਗਰੋਂ ਪਿਉ ਦੇ ਹਿੱਸੇ ਦੀ ਜਮੀਨ ਉਸ ਦੀ ਮਾਂ ਦੇ ਨਾਂ ਇੰਤਕਾਲ ਕਰ ਦਿੱਤੀ ਗਈ ਸੀ। ਮਾਂ ਨੇ ਉਸ ਵੇਲੇ ਵੀ ਬਥੇਰਾ ਜੋਰ ਲਾਇਆ ਸੀ ਕਿ ਜ਼ਮੀਨ ਦੀ ਵੰਡ ਹੋ ਜਾਵੇ। ਪਰ ਚਾਚੇ ਨੇ ਝਿੜਕ ਦਿੱਤਾ ਸੀ-"ਜ਼ਰੂਰ ਕਚਹਿਰੀਆਂ 'ਚ ਖੱਜਲ ਖੁਆਰ ਹੋਣੈ! ਅੱਜ ਤੱਕ ਜ਼ਮੀਨ ਸਾਂਝੀ ਰਹੀ ਏ ਤੇ ਹੁਣ ਵੰਡ ਦੀ ਕੀ ਲੋੜ ਪੈ ਗਈ।" ਕੁਝ ਪਲ ਮਗਰੋਂ ਉਸ ਰਤਾ ਸਮਝਾਉਣ ਦੇ ਲਹਿਜ਼ੇ 'ਚ ਕਿਹਾ ਸੀ-

"ਮੇਰੇ ਕਿਹੜਾ ਨਿਆਣੇ ਨੇ। ਜੋ ਕੁੱਝ ਵੀ ਏ ਥੋਡੇ ਕੰਮ ਈ ਔਣੈ"।

ਚਾਚੇ ਦੀਆ ਚਾਲਾਂ ਤੋਂ ਜਾਣੂ ਹੁੰਦਿਆਂ ਹੋਇਆਂ ਵੀ ਮਾਂ ਹਮੇਸ਼ਾ ਚੁੱਪ ਰਹਿੰਦੀ ਸੀ।

ਮਨ 'ਚ ਭਾਵੇਂ ਲੱਖ ਕੁੜ੍ਹਦੀ ਰਹਿੰਦੀ ਪਰ ਚਾਚੇ ਦੇ ਮੂਹਰੇ ਕਦੇ ਮੱਥੇ 'ਤੇ ਤਿਉੜੀਆਂ ਨਾ ਪਾਉਂਦੀ। ਬੇਬੱਸ, ਲਚਾਰ। ਹੋਰ ਕਰ ਵੀ ਕੀ ਸਕਦੀ ਸੀ ਉਹ। ਸਾਰੀ ਜ਼ਮੀਨ ਵਟਾਈ 'ਤੇ ਦਿੱਤੀ ਹੋਈ ਸੀ। ਚਾਚਾ ਹੀ ਦੇਖਭਾਲ ਕਰਦਾ। ਜਿੰਨਾ ਹਿੱਸਾ ਦੇ ਦੇਂਦਾ, ਲੈ ਲੈਂਦੀ। ਇਕ ਦੋ ਵਾਰੀ ਖ਼ੁਦ ਵੀ ਮੁਜਾਰਿਆਂ ਕੋਲ ਗਈ ਸੀ। ਪਰ ਉਹ ਕਿਹੜੇ ਕਿਸੇ ਨਾਲੋਂ ਘੱਟ ਸਨ। ਮਗਜ਼-ਖਪਾਈ ਕਰ ਕੇ ਮੁੜ ਆਈ ਸੀ। ਕਿਸੇ ਵੀ ਲੜ ਨਹੀਂ ਸੀ ਫੜਾਇਆ।

ਦਸਵੀਂ ਵਿੱਚ ਉਸ ਦੀ ਫ਼ਸਟ ਡਵੀਜ਼ਨ ਆਈ ਸੀ। ਨੌਕਰੀ ਵਾਸਤੇ ਖੂਬ ਨੱਠ-ਭੱਜ ਕੀਤੀ ਸੀ। ਪੈਰਾਂ ਦੀਆਂ ਤਲੀਆਂ ਘਿਸ ਗਈਆਂ ਸਨ। ਪਿੰਡ ਵਿੱਚ ਰਹਿਣ ਲਈ ਉਸ ਦਾ ਮਨ ਨਹੀਂ ਮੰਨਦਾ ਸੀ। ਚਾਚੇ ਨੂੰ ਵੇਖਦਿਆਂ ਸਾਰ ਹੀ ਪਤਾ ਨਹੀਂ ਕਿਉਂ ਉਸਦੇ ਮਨ ਅੰਦਰ ਬਦਲੇ ਦੀ ਅੱਗ ਭੜਕਣ ਲੱਗ ਜਾਂਦੀ ਸੀ। ਤੇ ਜੇ ਭਗਵਾਨ ਦਾਸ ਪਟਵਾਰੀ ਨੇ ਮਦਦ ਨਾ ਕੀਤੀ ਹੁੰਦੀ ਤਾਂ ਸ਼ਾਇਦ ਅਨਰਥ ਹੋ ਜਾਂਦਾ। ਸਾਰੇ ਪਿੰਡ ਵਿੱਚ ਭਗਵਾਨ ਦਾਸ ਪਟਵਾਰੀ ਹੀ ਇਕ ਅਜਿਹਾ ਵਿਅਕਤੀ ਹੈ ਜਿਸ ਨੂੰ ਹਮੇਸ਼ਾ ਇਨ੍ਹਾਂ ਨਾਲ ਹਮਦਰਦੀ ਰਹੀ ਹੈ। ਫ਼ਸਲ ਦੇ ਲੈਣ-ਦੇਣ ਦੇ ਸੰਬੰਧ ਵਿੱਚ ਇਕ ਵਾਰੀ ਉਸ ਦੀ (ਸੋਹਣ ਦੀ) ਚਾਚੇ ਨਾਲ ਤਕਰਾਰ ਹੋ ਗਈ ਸੀ। ਜੇ ਐਨ ਮੌਕੇ ਤੇ ਭਗਵਾਨ ਦਾਸ ਨਾਂ ਆਉਂਦਾ ਤਾਂ ਚਾਚੇ ਨੇ ਗੰਡਾਸੇ ਨਾਲ ਉਸ ਦਾ ਸਿਰ ਪਾੜ ਦੇਣਾ ਸੀ। ਭਗਵਾਨ ਦਾਸ ਨੇ ਹੀ ਸਮਝਾ-ਬੁਝਾ ਕੇ ਚਾਚੇ ਨੂੰ ਸ਼ਾਂਤ ਕੀਤਾ ਸੀ ਅਤੇ ਉਸ ਨੇ ਹੀ ਸ਼ਹਿਰ ਵਿੱਚ ਕਿਸੇ ਨੂੰ ਕਹਿ ਕੁਹਾ ਕੇ ਸੋਹਣ ਨੂੰ ਨੌਕਰੀ ਤੇ ਲੁਆਇਆ ਸੀ।

ਸ਼ਾਇਦ ਪਿੰਡੋਂ ਦੂਰ ਰਹਿਣ ਕਰਕੇ ਉਸ ਦੇ ਅਤੇ ਚਾਚੇ ਦੇ ਦਰਮਿਆਨ ਆਈ ਕੁੜੱਤਣ ਘਟ ਗਈ ਸੀ। ਇਕ ਦੋ ਵਾਰੀ (ਮਾਂ ਦੇ ਬਹੁਤ ਜ਼ੋਰ ਪਾਉਣ ਤੇ) ਉਹ ਚਾਚੇ ਵਾਸਤੇ ਸਾਫ਼ੇ ਅਤੇ ਕਮੀਜ-ਪਜਾਮੇ ਦਾ ਕੱਪੜਾ ਵੀ ਲੈ ਆਇਆ ਸੀ। ਮਾਂ ਉਸ ਕੋਲ ਘੱਟ ਹੀ ਰਹਿੰਦੀ ਸੀ। ਪਰ ਫੇਰ ਵੀ ਉਹ ਜ਼ੋਰ ਪਾਕੇ ਉਸ ਨੂੰ ਆਪਣੇ ਨਾਲ ਲੈ ਆਇਆ ਕਰਦਾ ਸੀ, ਭਾਵੇਂ ਥੋੜ੍ਹੇ ਦਿਨਾਂ ਲਈ ਹੀ। ਕੀ ਪਤਾ ਹਾਲੇ ਮਾਂ ਕਿੰਨਾ ਚਿਰ ਰਾਜੀ ਖ਼ੁਸ਼ੀ ਰਹਿੰਦੀ ਜੇ ਉਸ ਨੂੰ ਸਦਮਾ ਨਾ ਲੱਗਦਾ। ਹਾਂ, ਡਾਕਟਰਾਂ ਦੀ ਇੱਕੋ ਰਾਇ ਸੀ "ਕੋਈ ਗਹਿਰਾ ਸਦਮਾ ਲੱਗਾ ਏ। ਆਪਣੇ ਆਪ ਤੇ ਕੰਟਰੋਲ ਰੱਖਣਾ ਹੀ ਇਸ ਦਾ ਇੱਕੋ ਇੱਕ ਇਲਾਜ ਹੈ।" ਉਨੀਂ ਦਿਨੀਂ ਮਾਂ ਉਸ ਕੋਲ ਆਈ ਹੋਈ ਸੀ ਜਦੋਂ ਚਾਚੇ ਦੀ ਚਿੱਠੀ ਆਈ ਸੀ। ਲਿਖਿਆ ਸੀ-

"ਮੈਂ ਸਾਰੀ ਜ਼ਮੀਨ ਇੱਕ ਸੇਠ ਨੂੰ ਵੇਚ ਦਿੱਤੀ ਹੈ। ਤੁਹਾਡਾ ਹਿੱਸਾ ਵੀ ਵੇਚ ਦਿੱਤਾ ਏ ਕਿਉਂਕਿ ਉਸ ਨਾਲ ਸਾਰੀ ਜ਼ਮੀਨ ਦਾ ਹੀ ਸੌਦਾ ਹੋਇਆ ਸੀ। ਟੋਟੇ ਟੋਟੇ ਜ਼ਮੀਨ ਉਹ ਖਰੀਦਣੀ ਨਹੀਂ ਸੀ ਮੰਨਦਾ ਅਤੇ ਸਾਨੂੰ ਉਸ ਤੋਂ ਚੰਗਾ ਹੋਰ ਕੋਈ ਗਾਹਕ ਵੀ ਨਹੀਂ ਸੀ ਮਿਲ ਸਕਦਾ।"

ਚਿੱਠੀ ਸੁਣਦਿਆਂ ਸਾਰ ਹੀ ਮਾਂ ਤਾਂ ਜਿਵੇਂ ਗੁੰਮਸੁੰਮ ਹੋ ਗਈ ਸੀ। ਕਾਫ਼ੀ ਚਿਰ ਕੁਝ ਵੀ ਨਹੀਂ ਸੀ ਬੋਲੀ, ਸੋਹਣ ਦੇ ਬਹੁਤ ਬੁਲਾਉਣ ਤੇ ਵੀ। ਆਖਿਰ ਮਾਂ ਦੀ ਚੁੱਪ ਰੋਣ 'ਚ ਵਟ ਗਈ ਸੀ-"ਮੈਨੂੰ ਪਹਿਲਾਂ ਈ ਪਤਾ ਸੀ ਏਸ ਸਪੋਲੀਏ ਨੇ ਮੈਨੂੰ ਡੱਸ ਲੈਣਾ ਏ। ਤਾਹੀਓਂ ਤਾਂ ਤੈਨੂੰ ਕਿਹਾ ਕਰਦੀ ਸੀ ਮੈਨੂੰ ਪਿੰਡ ਵਿੱਚ ਈ ਰਹਿਣ ਦੇ। ਹੁਣ ਵੇਖ ਲੀਂ ਇਕ ਧੇਲਾ ਵੀ ਪੱਲੇ ਨਹੀਂ ਪਾਊਗਾ"।

"ਛੱਡ ਪਰੇ ਮਾਂ ਜਿਹੋ ਜਿਹੀ ਕਰੇਗਾ ਭਰ ਲਵੇਗਾ। ਤੂੰ ਕਾਹਨੂੰ ਚਿੰਤਾ ਕਰਦੀ ਏਂ।"

ਮਾਂ ਨੂੰ ਹੌਂਸਲਾ ਦੇਣ ਲਈ ਉਹ ਕਹਿ ਤਾਂ ਗਿਆ ਸੀ ਪਰ ਆਵਾਜ਼ ਵਿੱਚ ਤਲਖ਼ੀ ਵੀ ਘੱਟ ਨਹੀਂ ਸੀ। ਜੇ ਵੇਚਣੀ ਹੀ ਸੀ ਤਾਂ ਆਪਣੇ ਹਿੱਸੇ ਦੀ ਵੇਚ ਦਿੰਦਾ। ਸਾਡਾ ਹਿੱਸਾ ਵੇਚਣ ਦਾ ਉਸ ਨੂੰ ਕੀ ਹੱਕ! ਅਤੇ ਅਗਲੇ ਹੀ ਦਿਨ ਉਹ ਮਾਂ ਦੇ ਨਾਲ ਪਿੰਡ ਆ ਗਿਆ ਸੀ। ਚਾਚੇ ਵਰਗਾ ਨੌਸਰੀਆ ਵੀ ਧੋਖਾ ਖਾ ਜਾਵੇਗਾ, ਜਾਣ ਕੇ ਉਸ ਨੂੰ ਵਾਹਵਾ ਹੈਰਾਨੀ ਹੋਈ ਸੀ। ਸੇਠ ਨੇ ਚਾਚੇ ਨੂੰ ਰੰਮ ਪਲਾਈ ਸੀ। ਸ਼ਾਇਦ ਰੰਮ ਦਾ ਨਸ਼ਾ ਸੀ ਜਾਂ ਨਗਦ ਪੰਜਾਹ

ਹਜ਼ਾਰ ਦੇ ਨੋਟਾਂ ਦੀ ਗਰਮੀ, ਚਾਚੇ ਨੇ ਅਜਿਹੇ ਕਾਗਜ਼ਾਤ 'ਤੇ ਦਸਖ਼ਤ ਕਰ ਦਿੱਤੇ ਸਨ ਕਿ ਹੋਸ਼ ਆਉਣ ਤੇ ਇਕ ਵਾਰੀ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਸੀ। ਉਸਨੂੰ ਪੰਜਾਹ ਹਜ਼ਾਰ ਰੁਪਇਆ ਦਿੱਤੇ ਗਏ ਸਨ ਜਦੋਂ ਕਿ ਕਾਗਜਾਤ 'ਤੇ ਪੰਜ ਲੱਖ ਦੀ ਰਸੀਦ 'ਤੇ ਦਸਖ਼ਤ ਕੀਤੇ ਸਨ। ਬਾਕੀ ਦਾ ਰੁਪਈਆ ਜ਼ਮੀਨ ਦੀ ਰਜਿਸਟਰੀ ਮਗਰੋਂ ਮਿਲਣਾ ਸੀ। ਉਨ੍ਹਾਂ ਦੀ ਜ਼ਮੀਨ ਦੇ ਹੱਕ ਵੀ ਚਾਚੇ ਨੇ ਜਾਲ੍ਹੀ ਦਸਖ਼ਤ ਕਰਕੇ ਦੇ ਦਿੱਤੇ ਸਨ। ਮਾਂ ਜਿਵੇਂ ਜ਼ਹਿਰ ਦਾ ਘੁੱਟ ਭਰਕੇ ਰਹਿ ਗਈ ਸੀ। ਪੁਲਿਸ 'ਚ ਰਪੋਰਟ ਕਰਦੀ ਤਾਂ ਚਾਚੇ ਨੂੰ ਹੇਰਾ ਫੇਰੀ ਦੇ ਜੁਰਮ 'ਚ ਜੇਲ ਹੋ ਜਾਣੀ ਕੋਈ ਵੱਡੀ ਗੱਲ ਨਹੀਂ ਸੀ। ਪਰ ਉਸ ਦੀ ਸੁਣਦਾ ਹੀ ਕੌਣ ਸੀ? ਉਹ ਮਾਂ ਨੂੰ ਨਾਲ ਲੈ ਕੇ ਸੇਠ ਨੂੰ ਮਿਲਿਆ ਸੀ। ਪਰ ਸੇਠ ਨੇ ਬੜਾ ਰੁੱਖਾ ਜਵਾਬ ਦਿੱਤਾ ਸੀ-

"ਮੈਂ ਤਾਂ ਤੁਹਾਥੋਂ ਜ਼ਮੀਨ ਖਰੀਦੀ ਈ ਨੀ। ਉਹ ਚੋਏ ਦੇ ਲਾਗੇ ਆਲੇ ਤੁਹਾਡੇ ਖੇਤ ਉਵੇਂ ਈ ਪਏ ਨੇ।"

"ਪਰ ਬੰਜਰ ਤੇ ਰੇਤਲੀ ਜ਼ਮੀਨ ਸਾਡੀ ਕਿਵੇਂ ਹੋ ਗਈ। ਜ਼ਮੀਨ ਤਾਂ ਸਾਂਝੀ ਏ। ਚਾਚੇ ਨੇ ਤੁਹਾਨੂੰ ਜਮੀਨ ਵੇਚੀ ਏ ਤਾਂ ਏਸ ਦਾ ਏਹ ਮਤਲਬ ਤਾਂ ਨੀ ਹੋਇਆ ਕਿ ਉਪਜਾਊ ਖੇਤ ਤੁਹਾਡੇ ਹੋ ਗਏ ਤੇ ਰੇਤਲੀ ਜਮੀਨ ਸਾਡੇ ਹਿੱਸੇ ਆ ਗੀ।"

ਮਜਬੂਰ ਹੋ ਕੇ ਮਾਂ ਪੁੱਤ ਦੋਹਾਂ ਨੂੰ ਕਚਹਿਰੀ ਦਾ ਮੂੰਹ ਵੇਖਣਾ ਪਿਆ ਸੀ। ਮਾਂ ਨੇ ਜ਼ਮੀਨ ਦੀ ਵੰਡ ਲਈ ਅਰਜ਼ੀ ਦੇ ਦਿੱਤੀ ਸੀ। ਫੇਰ ਦੋ ਸਾਲ ਕਚਹਿਰੀ ਵਿੱਚ ਕੇਸ ਚਲਦਾ ਰਿਹਾ ਪਰ ਕੋਈ ਫ਼ੈਸਲਾ ਹੋਣ ਵਿੱਚ ਹੀ ਨਹੀਂ ਆ ਰਿਹਾ ਸੀ। ਜਿੰਨੀ ਵਾਰੀ ਤਰੀਕ ਪੈਂਦੀ, ਮਾਂ ਪੁੱਤ ਕਚਹਿਰੀ 'ਚ ਹਾਜ਼ਰੀ ਲਾਉਣ ਲਈ ਚਲੇ ਜਾਂਦੇ। ਹਾਂ, ਸਿਰਫ ਹਾਜ਼ਰੀ ਹੀ। ਕਿਉਂਕਿ ਹਰ ਵਾਰ ਕੋਈ ਨਾ ਕੋਈ ਅੜਚਨ ਪੈ ਜਾਂਦੀ। ਕਦੇ ਚਾਚਾ ਤਰੀਖ ਤੇ ਨਾ ਪਹੁੰਚਦਾ, ਤੇ ਸੇਠ ਤਾਂ ਆਉਂਦਾ ਹੀ ਕਦੇ ਕਦਾਈ ਸੀ।

ਮੁਕੱਦਮੇ ਦੀਆਂ ਏਹ ਤਰੀਕਾਂ ਮਾਂ ਨੂੰ ਜਿਵੇਂ ਲੈ ਡੁੱਬੀਆਂ। ਉਹ ਜ਼ਿਆਦਾਤਰ ਚੁੱਪ ਹੀ ਰਹਿਣ ਲੱਗੀ ਸੀ। ਕਦੇ ਕਦਾਂਈ ਗੱਲ ਬਾਤ 'ਚ ਹਿੱਸਾ ਲੈਂਦੀ ਵੀ ਤਾਂ ਬਸ ਹਰ ਵਾਰ ਇਹੋ ਆਖਦੀ- "ਮੇਰੀ ਜ਼ਮੀਨ ਦਾ ਫ਼ੈਸਲਾ ਹੋ ਜਾਵੇ"। ਉਸ ਨੇ ਬਹੁਤ ਇਲਾਜ ਕਰਵਾਇਆ। ਵੱਡੇ ਤੋਂ ਵੱਡੇ ਡਾਕਟਰ ਨੂੰ ਵਿਖਾਇਆ। ਪਰ ਸਭ ਫ਼ਜੂਲ। ਅੰਦਰ ਹੀ ਅੰਦਰ ਪਤਾ ਨਹੀਂ ਕਿਹੜੀ ਚੀਜ਼ ਘੁਣ ਵਾਂਗ ਮਾਂ ਨੂੰ ਖਾਈ ਜਾ ਰਹੀ ਸੀ। ਪਿੰਡ ਜਾਣ ਤੋਂ ਪਹਿਲਾਂ ਮਾਂ ਦੀ ਤਬੀਅਤ ਵਿੱਚ ਕਾਫ਼ੀ ਸੁਧਾਰ ਆ ਗਿਆ ਸੀ। ਮਾਂ ਨੇ ਪਿੰਡ ਜਾਣ ਲਈ ਬਹੁਤ ਜ਼ਿੱਦ ਕੀਤੀ ਸੀ ਅਤੇ ਉਸ ਨੂੰ ਮਾਂ ਦੀ ਜ਼ਿੱਦ ਦੇ ਮੂਹਰੇ ਝੁਕਣਾ ਪਿਆ ਸੀ।

ਰਾਤ ਅੱਧੀ ਗੁਜ਼ਰਨ ਵਾਲੀ ਸੀ ਜਦੋਂ ਉਹ ਪਿੰਡ ਪਹੁੰਚਿਆ। ਚਾਰੇ ਪਾਸੇ ਸੁਨਸਾਨ ਵਾਤਾਵਰਣ ਵਿੱਚ ਬੀਂਡਿਆਂ ਦੀ ਆਵਾਜ਼ ਗੂੰਜ ਰਹੀ ਸੀ। ਕਦੇ-ਕਦੇ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਰਾਤ ਦੀ ਚੁੱਪ ਨੂੰ ਤੋੜ ਰਹੀ ਸੀ। ਉਸ ਨੇ ਘਰ ਦਾ ਬੂਹਾ ਦੋ ਤਿੰਨ ਵਾਰੀ ਖੜਕਾਇਆ। ਕੁਝ ਦੇਰ ਮਗਰੋਂ ਚਾਚੇ ਨੇ ਬੂਹਾ ਖੋਲ੍ਹਿਆ।

"ਬੜੀ ਦੇਰ ਕਰ 'ਤੀ' ਆਖਦਿਆਂ ਚਾਚਾ ਅੰਦਰ ਵੱਲ ਮੁੜਿਆ। ਚਾਚੇ ਦਾ ਚਿਹਰਾ ਤਾਂ ਉਹ ਨਹੀਂ ਵੇਖ ਸਕਿਆ ਪਰ ਆਵਾਜ਼ ਬੇਜਾਨ ਲੱਗੀ। ਅਚਾਨਕ ਹੀ ਉਸ ਨੂੰ ਜਾਪਿਆ ਜਿਵੇਂ ਮਾਂ ਹੁਣ ਨਹੀਂ ਰਹੀ, ਨਹੀਂ ਤਾਂ ਚਾਚਾ ਕਦੇ ਵੀ ਇੰਜ ਇੱਕ ਦੋ ਬੋਲ ਬੋਲ ਕੇ ਚੁੱਪ ਨਾ ਕਰਦਾ। ਉਹ ਚਾਚੇ ਦੇ ਮਗਰ-ਮਗਰ ਅੰਦਰ ਲੰਘ ਆਇਆ। ਪਰ ਦਲਾਨ ਤੱਕ ਪਹੁੰਚਦਿਆਂ ਉਸ ਦਾ ਰੋਣ ਨਿਕਲ ਗਿਆ ਸੀ। ਸੱਚਮੁੱਚ ਹੀ ਮਾਂ ਉਸ ਨੂੰ ਇਕੱਲਾ ਛੱਡ ਗਈ ਸੀ।

"ਅਸੀਂ ਤਾਂ ਤੇਰੀ ਬਥੇਰੀ ਉਡੀਕ ਕੀਤੀ। ਪਰ ਕਿਆ ਕਰਦੇ ਸੂਰਜ ਡੁੱਬ ਰਿਹਾ ਸੀ।" ਚਾਚਾ ਉਸ ਨੂੰ ਹੌਂਸਲਾ ਦੇਣ ਲੱਗਾ ਸੀ- "ਤੂੰ ਤਾਂ ਇਲਾਜ ਕਰੌਣ 'ਚ ਕੋਈ ਕਸਰ ਨੀ ਛੱਡੀ, ਪਰ

ਉਸ ਦਾਤਾ ਨੂੰ ਕੁਝ ਹੋਰ ਈ ਮਨਜ਼ੂਰ ਸੀ। ਕੱਲ੍ਹ ਰਾਤ ਚੰਗੀ ਭਲੀ ਸੀ। ਸਵੇਰੇ ਉਠਦਿਆਂ ਸਾਰ ਈ ਕੈਣ੍ਹ ਲੱਗੀ "ਮੇਰੇ ਕਾਲਜੇ 'ਚ ਦਰਦ ਹੋ ਰਿਹੈ।" ਮੈਂ ਉਸੇ ਵੇਲੇ ਰਾਮ ਸਰੂਪ ਹਕੀਮ ਨੂੰ ਬੁਲਾ ਲਿਆਇਆ। ਉਸ ਨੇ ਦਵਾਈ ਦਿੱਤੀ, ਪਰ ਫਰਕ ਨੀ ਪਿਆ। ਮੈਂ ਕਿਸੇ ਨੂੰ ਕੁਰਾਲੀਓਂ ਡਾਕਟਰ ਬੁਲਾ ਲੈਣ ਲਈ ਭੇਜਿਆ। ਉੱਥੋਂ ਈ ਤੈਨੂੰ ਤਾਰ ਦਿੱਤੀ ਪਰ ਵਿਚਾਰੀ ਦੀ ਲਿਖੀ ਈ ਐਨੀ ਸੀ। ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਈ...।"

ਸਾਰੀ ਰਾਤ ਉਹ ਮਾਂ ਨੂੰ ਚੇਤੇ ਕਰ ਕੇ ਰੋਂਦਾ ਰਿਹਾ। ਕਿੰਨਾ ਬਦਨਸੀਬ ਹੈ ਉਹ ਕਿ ਅਖੀਰਲੀ ਵਾਰੀ ਮਾਂ ਦੇ ਦਰਸ਼ਨ ਵੀ ਨਾ ਕਰ ਸਕਿਆ। ਸਵੇਰੇ ਉੱਠਿਆ ਤਾਂ ਉਸ ਨੂੰ ਆਪਣਾ ਸਰੀਰ ਟੁੱਟਦਾ ਜਿਹਾ ਮਹਿਸੂਸ ਹੋ ਰਿਹਾ ਸੀ। ਉਸ ਨੂੰ ਜਾਗਦਿਆਂ ਵੇਖ ਕੇ ਚਾਚਾ ਉਸ ਦੀ ਮੰਜੀ ਦੀ ਬਾਹੀ ਤੇ ਆ ਬੈਠਾ-

"ਦਿਲ ਛੋਟਾ ਨੀ ਕਰੀਦਾ। ਉਸ ਦੀ ਲਿਖੀ ਨੂੰ ਕੌਣ ਟਾਲ ਸਕਦੈ। ਚੱਲ ਉੱਠ ਬਾਹਰ ਹੋ ਆਈਏ।"

ਚਾਚੇ ਨਾਲ ਉਹ ਜੰਗਲ ਪਾਣੀ ਲਈ ਖੇਤਾਂ ਵੱਲ ਤੁਰ ਪਿਆ। ਤੁਰਦੇ-ਤੁਰਦੇ ਉਹ ਉਸ ਥਾਂ ਤੇ ਜਾ ਪੁੱਜੇ ਜਿੱਥੇ ਕੱਲ ਉਸ ਦੀ ਮਾਂ ਦਾ ਸਿਵਾ ਬਾਲਿਆ ਗਿਆ ਸੀ। ਕਾਫ਼ੀ ਦੇਰ ਤੱਕ ਉਹ ਉੱਥੇ ਖਲੋਤਾ ਅੱਥਰੂ ਕੇਰਦਾ ਰਿਹਾ। ਘੜੀ ਮੁੜੀ ਉਸ ਨੂੰ ਆਪਣੇ ਆਪ ਤੇ ਗੁੱਸਾ ਆ ਰਿਹਾ ਸੀ ਕਿ ਕਿਉਂ ਉਸ ਨੇ ਮਾਂ ਨੂੰ ਪਿੰਡ ਜਾਣ ਦਿੱਤਾ। ਜ਼ਰੂਰ ਕੁਝ ਅਜਿਹਾ ਹੋਇਆ ਹੋਣੈ ਜਿਸ ਨੂੰ ਮਾਂ ਬਰਦਾਸ਼ਤ ਨਾ ਕਰ ਸਕੀ ਹੋਵੇਗੀ।

ਅਚਾਨਕ ਹੀ ਉਸ ਦੇ ਮਨ ਵਿੱਚ ਚਾਚੇ ਤੋਂ ਬਦਲਾ ਲੈਣ ਦੀ ਅੱਗ ਭੜਕ ਉੱਠੀ। ਉਸ ਦੇ ਮਨ ਵਿੱਚ ਆਇਆ ਹੁਣੇ ਕੋਲ ਖੜੇ ਚਾਚੇ ਦੀ ਸੰਘੀ ਨੱਪ ਸੁੱਟੇ। ਮਾਂ ਦਾ ਅਸਲੀ ਕਾਤਲ ਤਾਂ ਏਹੋ ਏ। ਨਾ ਏਹ ਜਾਲ੍ਹੀ ਦਸਖ਼ਤ ਕਰਕੇ ਜ਼ਮੀਨ ਵੇਚਦਾ ਨਾ ਮਾਂ ਦੀ ਏਹ ਹਾਲਤ ਹੁੰਦੀ। ਪਰ ਅਗਲੇ ਪਲ ਉਸ ਨੂੰ ਜਾਪਿਆ ਜਿਵੇਂ ਮਾਂ ਉਸ ਨੂੰ ਆਖ ਰਹੀ ਹੋਵੇ- "ਵੇਖੀਂ ਪੁੱਤ ਜੱਗ ਹਸਾਈ ਨਾ ਕਰੀਂ। ਫੇਰ ਵੀ ਆਪਣਾ ਖ਼ੂਨ ਏ।"

■

ਕਹਾਣੀ

# ਮਿੱਟੀ ਦਾ ਮੋਹ

**ਪਰਮਜੀਤ ਕੌਰ ਨਿੱਝਰ**

ਸਿਆਣੇ ਅਕਸਰ ਕਿਹਾ ਕਰਦੇ ਹਨ 'ਬਾਹਰ ਨਾਲੋਂ ਘਰ ਦੀ ਅੱਧੀ ਚੰਗੀ' ਪਰ ਨੌਜਵਾਨ ਪੀੜ੍ਹੀ ਕਦੇ ਵੀ ਇਸ ਗੱਲ ਨੂੰ ਅਹਿਮੀਅਤ ਨਹੀਂ ਦਿੰਦੀ। ਸਦੀਆਂ ਤੋਂ ਪਰਦੇਸੀਂ ਜਾ ਕੇ ਖੱਟਣ ਕਮਾਉਣ ਦੀ ਲਾਲਸਾ ਇਨਸਾਨ ਤੇ ਹਾਵੀ ਹੋ ਰਹੀ ਹੈ। ਚੜ੍ਹਦੀ ਉਮਰੇ ਮਿਹਨਤ ਮੁਸ਼ੱਕਤ ਕਰਕੇ ਜਦੋਂ ਲੋਕ ਹੰਭ ਜਾਂਦੇ ਹਨ ਤਾਂ ਓਦੋਂ ਓਹਨਾਂ ਨੂੰ ਮਿੱਟੀ ਦਾ ਮੋਹ ਸਤਾਉਣ ਲੱਗ ਜਾਂਦਾ ਹੈ। ਫੇਰ ਬਜ਼ੁਰਗਾਂ ਦੀ ਗੱਲ ਕਿ 'ਘਰ ਦੀ ਅੱਧੀ ਚੰਗੀ' ਬਾਰ ਬਾਰ ਚੇਤੇ ਆਉਣ ਲੱਗ ਜਾਂਦੀ ਹੈ। ਇਹੀ ਗੱਲ ਅਸੀਂ ਆਪਣੇ ਬੱਚੇ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਸ 'ਤੇ ਵੀ ਬਾਹਰ ਜਾਣ ਦਾ ਭੂਤ ਸਵਾਰ ਸੀ ਤੇ ਓਹ ਕੈਨੇਡਾ ਜਾ ਵੱਸਿਆ। ਸੋ ਅਸੀਂ ਵੀ ਮਨ ਨੂੰ ਸਮਝਾ ਲਿਆ।

ਕੁਝ ਵਰ੍ਹਿਆਂ ਬਾਅਦ ਅਸੀਂ ਉਸਨੂੰ ਮਿਲਣ ਗਏ। ਓਹ ਤੇ ਉਸਦਾ ਪਰਿਵਾਰ ਬੜੇ ਖੁਸ਼ ਸਨ। ਪਤਨੀ ਵੀ ਨੌਕਰੀ ਕਰਦੀ ਸੀ। ਓਹ ਆਪ ਵੀ ਬੜੀ ਚੰਗੀ ਜੌਬ ਤੇ ਸੀ। ਸੋ ਸਾਨੂੰ ਪੂਰੀ ਤਰ੍ਹਾਂ ਤਸੱਲੀ ਹੋ ਗਈ ਕਿ ਉਹ ਖੁਸ਼ ਹਨ। 'ਮਿੱਸੀਸਾਗਾ' ਔਨਟਾਰਿਓ ਪਰੋਵਿੰਸ ਦਾ ਇਕ ਵੱਡਾ ਸ਼ਹਿਰ ਹੈ। ਟੌਰਾਂਟੋ ਦਾ ਹਵਾਈ ਅੱਡਾ 'ਪੀਅਰਸਨ ਏਅਰਪੋਰਟ' ਵੀ ਉੱਥੇ ਹੈ। ਇਕ ਪਾਸੇ ਲੇਕ ਓਨਟਾਰਿਓ ਹੈ। ਨਿਆਗਰਾ ਫਾਲਸ ਦੋ ਘੰਟੇ ਦੀ ਡ੍ਰਾਈਵ ਹੈ। ਵੱਡੀਆਂ ਵੱਡੀਆਂ ਤੇ ਉੱਚੀਆਂ ਇਮਾਰਤਾਂ ਹਨ। ਰਾਤਾਂ ਨੂੰ ਰੰਗ-ਬਿਰੰਗੀਆਂ ਲਾਈਟਾਂ ਨਾਲ ਜਗਮਗ ਕਰਦਾ ਸ਼ਹਿਰ ਦਿਵਾਲੀ ਦੀ ਯਾਦ ਦਿਵਾਉਂਦਾ ਹੈ। ਉੱਥੇ ਪਹੁੰਚ ਕੇ ਮਨ ਬਹੁਤ ਖੁਸ਼ ਹੋਇਆ। ਦਿਨ ਵੇਲੇ ਬੱਚੇ ਕੰਮ 'ਤੇ ਚਲੇ ਜਾਂਦੇ ਸਨ ਅਤੇ ਅਸੀਂ ਸੈਰ ਦੇ ਸ਼ੌਕੀਨ ਸ਼ਾਮ ਵੇਲੇ ਸੈਰ ਕਰਨ ਚਲੇ ਜਾਂਦੇ ਤੇ ਘੁੰਮ-ਫਿਰ ਕੇ ਵਾਪਿਸ ਆ ਜਾਂਦੇ।

ਇਕ ਦਿਨ ਇਕ ਮੋੜ 'ਤੇ ਆ ਕੇ ਸਾਡਾ ਜੀ ਕੀਤਾ ਕਿ ਇਸ ਪਾਸੇ ਛੋਟੀ ਜਿਹੀ ਮਾਰਕੀਟ ਹੈ, ਘੁੰਮ ਕੇ ਤਾਂ ਵੇਖੀਏ ਕਿ ਇੱਥੇ ਕਿਹੜੀਆਂ ਕਿਹੜੀਆਂ ਦੁਕਾਨਾਂ ਹਨ। ਇਕ ਪਾਸੇ ਸਾਡੀ ਨਜ਼ਰ ਇਕ ਆਈਸਕ੍ਰੀਮ ਪਾਰਲਰ 'ਤੇ ਜਾ ਟਿਕੀ ਤਾਂ ਮੇਰੇ ਪਤੀ ਕਹਿਣ ਲੱਗੇ -

'ਆਈਸਕ੍ਰੀਮ ਖਾਣੀ ਹੈ? ਚੱਲੀਏ ?

ਭਲਾ ਇਹੋ ਜਿਹੀ ਪੇਸ਼ਕਸ਼ ਠੁਕਰਾਉਣ ਨੂੰ ਕਿਸ ਦਾ ਦਿਲ ਕਰਦਾ ਹੈ। ਛੋਟੀ ਜਿਹੀ ਸ਼ਾਪ ਵਿੱਚ ਇਕ ਪਾਸੇ ਵੱਡਾ ਸਾਰਾ ਫਰਿਜ਼। ਕੁਛ ਬੇਕਰੀ ਦੀਆਂ ਚੀਜ਼ਾਂ ਅਤੇ ਆਈਸਕ੍ਰੀਮ। 4-5 ਛੋਟੇ ਟੇਬਲ ਤੇ ਆਸੇ ਪਾਸੇ ਕੁਰਸੀਆਂ। ਵੱਡੇ ਵੱਡੇ ਫ੍ਰੀਜ਼ਰ ਟਾਈਪ ਫਰਿਜ਼ ਕਾਉਂਟਰ ਦੀ ਸ਼ੇਪ ਵਿੱਚ ਸਨ। ਅਸੀਂ ਝਕਦੇ ਝਕਦੇ ਦੁਕਾਨ ਵਿੱਚ ਵੜ ਗਏ। ਕਾਉਂਟਰ 'ਤੇ ਖੜੀ ਸੇਲਜ਼ ਗਰਲ ਵੱਲ ਤੱਕਿਆ। ਉਹ ਮੁਸਕਰਾ ਪਈ। ਸੋਹਣੀ ਤਾਂ ਓਹ ਰੱਜ ਕੇ ਸੀ। ਖ਼ੂਬਸੂਰਤੀ ਦਾ ਮੁਜੱਸਮਾ। ਅਤੇ ਮੁਸਕ੍ਰਾਉਂਦੀ ਹੋਈ ਹੋਰ ਵੀ ਦਿਲਕਸ਼ ਲੱਗ ਰਹੀ ਸੀ। ਉਸਦੇ ਨੇੜੇ ਜਾ ਕੇ ਮੇਰੇ ਪਤੀ ਨੇ ਇਸ਼ਾਰੇ ਨਾਲ ਕਿਹਾ।

'ਆਈਸਕ੍ਰੀਮ'

'ਵਿੱਚ ਵਨ (ਕਿਹੜੀ)?'

'ਵਨ ਸਟ੍ਰਾਬਰੀ, ਵਨ ਵਨੀਲਾ'

ਤੇ ਓਸ ਕੁੜੀ ਨੇ ਕੋਨ ਵਿੱਚ ਆਈਸਕ੍ਰੀਮ ਭਰਕੇ ਸਾਨੂੰ ਫੜਾ ਦਿੱਤੀ ਤੇ ਨਾਲੇ ਦੋ ਟਿਸ਼ੂ ਪੇਪਰ ਵੀ ਦੇ ਦਿੱਤੇ।ਅਸੀਂ ਟੇਬਲ 'ਤੇ ਬੈਠ ਗਏ। ਸਾਡਾ ਧਿਆਨ ਆਈਸਕ੍ਰੀਮ ਵੱਲ ਘੱਟ ਤੇ ਉਸ ਕੁੜੀ ਵੱਲ ਜ਼ਿਆਦਾ ਸੀ। ਚੋਰ ਅੱਖ ਨਾਲ ਅਸੀਂ ਵਿੱਚ ਵਿੱਚ ਓਸਨੂੰ ਵੇਖ ਲੈਂਦੇ ਸਾਂ। ਵਾਪਸੀ ਤੇ ਅਸੀਂ ਉਸੇ ਦੀਆਂ ਹੀ ਗੱਲਾਂ ਕਰਦੇ ਆਏ।

"ਗੋਰੀਆਂ ਵਾਕਿਆ ਹੀ ਗੋਰੀਆਂ ਹੁੰਦੀਆਂ ਨੇ। ਬੜੀਆਂ ਹੀ ਸੋਹਣੀਆਂ', ਮੈਂ ਕਿਹਾ। 'ਕਿੱਡੀ ਭਰ ਜਵਾਨ ਹੈ, ਲੰਮ-ਸਲੰਮੀ। ਤੇ ਖੁਸ਼ ਤਬੀਅਤ ਵੀ। ਕਿੰਨਾ ਸਮਾਈਲਿੰਗ ਫੇਸ ਹੈ।"

'ਇਹ ਸੇਲਜ਼ ਗਰਲ ਹੈ। ਸਮਾਈਲਿੰਗ ਇਹਨਾਂ ਦੇ ਕਿੱਤੇ ਵਿੱਚ ਸ਼ਾਮਲ ਹੈ' ਮੇਰੇ ਪਤੀ ਨੇ ਜਵਾਬ ਦਿੱਤਾ।

ਪਰ ਮੈਨੂੰ ਇਹ ਗੱਲ ਹਜ਼ਮ ਨਹੀਂ ਹੋਈ। ਰਾਤ ਭਰ ਉਸ ਕੁੜੀ ਬਾਰੇ ਹੀ ਸੋਚਦੀ ਰਹੀ। ਦੋ-ਤਿੰਨਾਂ ਦਿਨਾਂ ਬਾਦ ਮੈਂ ਫੇਰ ਆਪਣੇ ਪਤੀ ਨੂੰ ਕਿਹਾ

'ਹੁਣ ਆਈਸਕ੍ਰੀਮ ਕਦੋਂ ਖਵਾਓਗੇ?'

ਮੇਰੇ ਅੰਦਰ ਉਸ ਕੁੜੀ ਨੂੰ ਦੇਖਣ ਦੀ ਚਾਹਤ ਸੀ।

'ਅੱਜ ਹੀ ਚਲੋ ਚਲਦੇ ਹਾਂ'

ਮੇਰੇ ਪਤੀ ਨੇ ਹਾਮੀ ਭਰੀ ਤੇ ਅਸੀਂ ਘਰੋਂ ਤੁਰ ਪਏ। ਦੁਕਾਨ ਵਿੱਚ ਵੜਦਿਆਂ ਸਾਰ ਉਸ ਕੁੜੀ ਵੱਲ ਦੇਖਿਆ। ਉਸ ਨੇ ਮੁਸਕਰਾ ਕੇ ਸਾਡਾ ਸਵਾਗਤ ਕੀਤਾ।ਕਾਂਊਟਰ 'ਤੇ ਜਾ ਕੇ ਅਸੀਂ ਉਸਨੂੰ ਆਪਣੀ ਜ਼ਰੂਰਤ ਦੱਸ ਕੇ ਪੈਸੇ ਫੜਾਏ ਤੇ ਆਈਸਕ੍ਰੀਮ ਵਾਲੇ ਡੱਬਿਆਂ ਨੂੰ ਦੇਖਣ ਲੱਗੇ ਤਾਂ ਕੁੜੀ ਨੇ ਮੁਸਕਰਾ ਕੇ ਪੁੱਛਿਆ -

'ਸਰਦਾਰ ਜੀ, ਕਿਹੜੀ ਲਓਗੇ?'

'ਹੈਂ...'

ਕਹਿਕੇ ਮੇਰੇ ਪਤੀ ਨੇ ਹੈਰਾਨੀ ਨਾਲ ਉਸਦੇ ਮੂੰਹ ਵੱਲ ਵੇਖਿਆ ਤਾਂ ਅਲੌਕਿਕ ਜਿਹੀ ਖੁਸ਼ੀ ਨੇ ਸਾਡਾ ਮਨ ਧੜਕਾ ਦਿੱਤਾ।

"ਤੁਸੀਂ ਪੰਜਾਬੀ ਹੋ? ਅਸੀਂ ਤਾਂ ਤੁਹਾਨੂੰ ਕੈਨੇਡੀਅਨ ਹੀ ਸਮਝਦੇ ਰਹੇ।" ਮੇਰੇ ਪਤੀ ਨੇ ਪੁੱਛਿਆ।

'ਜੀ ਹਾਂ, ਮੈਂ ਖਾਨ ਹਾਂ। ਮੇਰੇ ਦਾਦਾ ਦਾਦੀ ਪਿੱਛੇ ਪੰਜਾਬ ਦੇ ਰਹਿਣ ਵਾਲੇ ਸਨ। ਕਪੂਰਥਲੇ ਲਾਗੇ ਇਕ ਪਿੰਡ ਸੀ। ਸਾਡੀ ਦਾਦੀ ਸਾਨੂੰ ਬੜੀਆਂ ਗੱਲਾਂ ਸੁਣਾਇਆ ਕਰਦੀ ਸੀ - ਆਪਸੀ ਮੇਲ-ਮਿਲਾਪ ਦੀਆਂ। ਸਾਰੇ ਲੋਕ ਰਲ ਕੇ ਈਦ, ਦਿਵਾਲੀ, ਲੋਹੜੀ ਤੇ ਹੋਲੀ ਦੇ ਤਿਓਹਾਰ ਮਨਾਇਆ ਕਰਦੇ ਸੀ। ਬਿਨਾਂ ਕਿਸੇ

ਭੇਦ-ਭਾਵ ਦੇ ਇਕ ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਸਨ। ਪਰ ਅਫਸੋਸ, ਅਸੀਂ ਚਾਹੁੰਦੇ ਹੋਏ ਵੀ ਆਪਣੇ ਦਾਦਾ ਦਾਦੀ ਦਾ ਪਿੰਡ ਨਹੀਂ ਵੇਖ ਸਕੇ।"

"ਹੁਣ ਹਾਲਾਤ ਠੀਕ ਹੋ ਰਹੇ ਹਨ। ਲੋਕ ਏਧਰ ਓਧਰ ਆ ਜਾ ਸਕਦੇ ਹਨ।" ਮੇਰੇ ਪਤੀ ਨੇ ਉਸਨੂੰ ਦਿਲਾਸਾ ਦਿੰਦੇ ਹੋਏ ਕਿਹਾ।

'ਕਿੱਥੇ ਸਰਦਾਰ ਜੀ! ਇਹ ਸਿਆਸਤਦਾਨ ਹਾਲਾਤ ਨੂੰ ਕਿੱਥੇ ਠੀਕ ਹੋਣ ਦਿੰਦੇ ਹਨ।ਆਪ ਇਹ ਸਭ ਇਕ ਚੀਜ਼ ਹਨ। ਮਾਸੂਮ ਜਨਤਾ ਨੂੰ ਬਲੀ ਦਾ ਬੱਕਰਾ ਬਣਾਂਦੇ ਹਨ। ਇਹ ਸੋਚਦੇ ਹਨ ਕਿ ਅਸੀਂ ਦੇਸ਼ ਵੰਡ ਕੇ ਲੋਕਾਂ ਦੇ ਦਿਲਾਂ ਨੂੰ ਵੀ ਵੰਡ ਦਿੱਤਾ ਹੈ। ਭਲਾ ਕੋਈ ਮੁਹੱਬਤ ਨੂੰ ਵੰਡ ਸਕਿਆ ਹੈ?'

ਅਸੀਂ ਉਸ ਕੁੜੀ ਦੇ ਧੁਰ ਅੰਦਰਲਾ ਦੁੱਖ ਸਮਝਣ ਦਾ ਯਤਨ ਕਰਨ ਲੱਗੇ।

ਉਸ ਦਿਨ ਸ਼ਾਮ ਦੇ ਸਮੇਂ ਦੁਕਾਨ ਹਾਲੇ ਖੁੱਲ੍ਹੀ ਹੀ ਸੀ ਤੇ ਪਹਿਲੇ ਗਾਹਕ ਅਸੀਂ ਹੀ ਸਾਂ। ਰਸ਼ ਤਾਂ ਜਿਓਂ ਜਿਓਂ ਸ਼ਾਮ ਹੁੰਦੀ ਜਾਂਦੀ ਹੈ ਤਿਓਂ ਤਿਓਂ ਵਧਦਾ ਹੈ। ਸਾਨੂੰ ਉਸ ਨਾਲ ਹੋਰ ਗੱਲਾਂ ਕਰਨ ਦਾ ਭੁੱਸ ਪੈਦਾ ਹੋ ਚੁਕਿਆ ਸੀ। ਉਸ ਨੂੰ ਵੀ ਅਸੀਂ ਮਸਾਂ ਹੀ ਗੱਲਾਂ ਕਰਨ ਲਈ ਲੱਭੇ ਸਾਂ। ਸਾਨੂੰ ਵੇਖ ਕੇ ਓਹ ਖਿੜ ਗਈ ਤੇ ਬਿਨਾਂ ਕਹੇ ਹੀ ਦੋ ਦੋ ਸਕੂਪ ਆਈਸਕ੍ਰੀਮ ਗਲਾਸੀ ਵਿੱਚ ਪਾ ਕੇ ਲੈ ਆਈ। ਅਸੀਂ ਖੜੇ ਖੜੇ ਹੀ ਗੱਲੀਂ ਲੱਗ ਪਏ। ਮੈਂ ਉਸਨੂੰ ਪੁੱਛਿਆ

'ਮੈਡਮ ਖਾਨ ਤੁਸੀਂ ਕਦੋਂ ਤੋਂ ਇੱਥੇ ਹੋ?'

'ਤਕਰੀਬਨ ਦੋ ਸਾਲ ਹੋ ਚੱਲੇ ਹਨ।' ਉਸ ਉੱਤਰ ਦਿੱਤਾ।

"ਤੁਹਾਡੇ ਹਸਬੈਂਡ?"

"ਓਹ ਅਮਰੀਕਾ ਵਿੱਚ ਕੰਪਿਊਟਰ ਇੰਜੀਨਿਅਰ ਹਨ। ਵਰਲਡ ਟ੍ਰੇਡ ਸੈਂਟਰ ਵਿੱਚ ਉਨ੍ਹਾਂ ਦਾ ਆਫਿਸ ਹੈ ਤੇ ਓਹ ਹਰ ਵੀਕ-ਐਂਡ ਤੇ ਆ ਜਾਂਦੇ ਹਨ" ਉਸ ਕਿਹਾ।

'ਇਸ ਤਰ੍ਹਾ ਤਾਂ ਤੁਹਾਡੀ ਫੈਮਿਲੀ ਲਾਈਫ਼ ਡਿਸਟਰਬ ਹੀ ਹੈ।'

'ਬੱਸ ਇਕ ਸਾਲ ਹੋਰ। ਫਿਰ ਮੈਨੂੰ ਸਿਟੀਜ਼ਨਸ਼ਿਪ ਮਿਲ ਜਾਵੇਗੀ। ਤੇ ਫੇਰ ਮੈਂ ਅਮਰੀਕਾ ਸ਼ਿਫਟ ਹੋ ਜਾਵਾਂਗੀ।

'ਇੱਕਲਿੱਆਂ ਰਹਿਣਾ ਔਖਾ ਹੀ ਹੈ'।

'ਔਖਾ ਤਾਂ ਮੈਡਮ ਹੈ ਹੀ। ਮੇਰੇ ਦੋ ਬੱਚੇ ਹਨ। ਲੜਕਾ ਸਕੂਲਗੋਇੰਗ ਹੈ, ਪ੍ਰੀ-ਨਰਸਰੀ ਵਿੱਚ ਹੈ। ਲੜਕੀ ਨੂੰ ਬੇਬੀ-ਸਿੱਟਰ ਕੋਲ ਛੱਡਦੀ ਹਾਂ। ਸਕੂਲ ਤੋਂ ਬਾਦ ਲੜਕਾ ਵੀ ਬੇਬੀ-ਸਿਟਰ ਕੋਲ ਹੀ ਹੁੰਦਾ ਹੇ। ਮੇਰੀ ਜੌਬ ਵੀ ਕੋਈ ਬਹੁਤੀ ਪੇਇੰਗ ਨਹੀਂ ਪਰ ਮੇਰੇ ਹਸਬੈਂਡ ਦੀ ਜੌਬ ਬਹੁਤ ਅੱਛੀ ਹੈ। ਬੱਸ, ਗੁਜ਼ਾਰਾ ਹੋਈ ਜਾਂਦਾ ਹੈ।ਕਈ ਵਾਰ ਮੈਂ ਆਪਣੇ ਹਸਬੈਂਡ ਨੂੰ ਕਹਿੰਦੀ ਹਾਂ ਕਿ ਆਪਾਂ ਆਪਣੇ ਵਤਨ ਵਿੱਚ ਸੌਖੇ ਸੀ। ਮੈਂ ਲਾਹੌਰ ਯੂਨੀਵਰਸਿਟੀ ਵਿੱਚ ਲੈਕਚਰਾਰ ਲੱਗੀ ਹੋਈ ਸੀ। ਆਰਾਮ ਦੀ ਜੌਬ ਸੀ। ਇੱਥੇ ਤਾਂ ਅੱਠ ਘੰਟੇ ਖੜ੍ਹਿਆਂ ਦੀਆਂ ਲੱਤਾਂ ਹੀ ਆਕੜ ਜਾਂਦੀਆਂ ਹਨ। ਪਰ ਓਹ ਮੰਨਦੇ ਨਹੀਂ। ਸੱਚ ਪੁੱਛੋ ਤਾਂ ਮੇਰਾ ਮਨ ਕਈ ਵਾਰ ਉਦਾਸ ਹੋ ਜਾਂਦਾ ਹੈ।'

"ਮੈਡਮ, ਜਿੱਥੇ ਰੁਜ਼ਗਾਰ ਹੋਵੇ, ਦਿਲ ਤਾਂ ਲਾਉਣਾ ਹੀ ਪੈਂਦਾ ਹੈ।ਹੋਲੀ ਹੋਲੀ ਆਪੇ ਹੀ ਮਿੱਟੀ ਨਾਲ ਮੋਹ ਹੋ ਜਾਂਦਾ ਹੈ।" ਮੇਰੇ ਪਤੀ ਨੇ ਦਿਲਾਸਾ ਦਿੱਤਾ।

'ਤੁਸੀਂ ਕਿੱਥੇ ਕੰਮ ਕਰਦੇ ਹੋ?' ਓਸਨੇ ਪੁੱਛਿਆ।

'ਅਸੀਂ ਕਿਤੇ ਕੰਮ ਨਹੀਂ ਕਰਦੇ। ਅਸੀਂ ਤਾਂ ਆਪਣੇ ਬੱਚਿਆਂ ਕੋਲ, ਓਹਨਾਂ ਨੂੰ ਮਿਲਣ ਆਏ ਹਾਂ।'

"ਕਿੰਨੀ ਦੇਰ ਹੋ ਗਈ?"

"ਪਿਛਲੇ ਮਹੀਨੇ।"

"ਪੱਕੇ ਆਏ ਹੋ?"

"ਨਹੀਂ, ਵਿਜ਼ਿਟਿੰਗ ਵੀਜ਼ੇ 'ਤੇ।"

"ਪੱਕੇ ਕਿਓਂ ਨਹੀਂ?"

"ਆਪਣਾ ਦੇਸ਼ ਆਪਣਾ ਹੀ ਹੁੰਦਾ ਹੈ। ਜਿੱਥੇ ਪੈਦਾ ਹੋਏ, ਉਮਰ ਬਿਤਾਈ ਹੋਵੇ, ਓਹਨੂੰ ਛੱਡਣ ਨੂੰ ਜੀ ਨਹੀਂ ਕਰਦਾ।"

"ਕਿੰਨੀ ਦੇਰ ਰਹੋਗੇ?"

"ਛੇ ਮਹੀਨੇ ਦਾ ਵੀਜ਼ਾ ਹੈ। ਤਿੰਨ ਮਹੀਨੇ ਦਾ ਵਾਪਸੀ ਟਿਕਟ ਹੈ।"

"ਚੰਗਾ, ਜਿਸ ਦਿਨ ਜਾਣਾ ਹੋਇਆ ਇਕ ਦਿਨ ਪਹਿਲਾਂ ਮਿਲਕੇ ਜਾਣਾ। ਉਸ ਦਿਨ ਆਈਸਕ੍ਰੀਮ ਦੀ ਟ੍ਰੀਟ ਮੇਰੇ ਵੱਲੋਂ ਹੋਵੇਗੀ।"

"ਓਹ, ਥੈਂਕਸ। ਕਹਿਕੇ ਮੈਂ ਓਹਦੇ ਦੋਵੇਂ ਹੱਥ ਘੁੱਟ ਕੇ ਫੜ ਲਏ।"

ਤੇ ਫੇਰ ਅਸੀਂ ਕਦੇ ਕਦੇ ਮਿਲਣ ਦੇ ਬਹਾਨੇ ਆਈਸਕ੍ਰੀਮ ਖਾਣ ਚਲੇ ਜਾਂਦੇ।

ਨੌਂਵੇ ਮਹੀਨੇ ਦੀ 11 ਤਾਰੀਖ ਵਾਲੇ ਦਿਨ ਦੀ ਘਟਨਾ ਨੇ ਸਾਰੇ ਸੰਸਾਰ ਨੂੰ ਦਹਿਲਾ ਕੇ ਰੱਖ ਦਿੱਤਾ।ਉਸ ਦਿਨ ਜ਼ਹਾਦੀਆਂ ਨੇ ਵਰਲਡ ਟ੍ਰੇਡ ਸੈਂਟਰ 'ਤੇ ਹਮਲਾ ਕਰ ਦਿੱਤਾ। ਤਿੰਨ ਹਜ਼ਾਰ ਦੇ ਕਰੀਬ ਇਨਸਾਨ ਮਾਰੇ ਗਏ। ਖ਼ਬਰ ਸੁਣਕੇ ਸਾਡੇ ਤਾਂ ਰੌਂਗਟੇ ਖੜੇ ਹੋ ਗਏ ਕਿ ਖਾਨ ਦੇ ਘਰ ਵਾਲਾ ਵੀ ਉੱਥੇ ਹੀ ਕੰਮ ਕਰਦਾ ਸੀ।ਅਮਰੀਕਾ ਦੀ ਧਰਤੀ 'ਤੇ ਹੋਈ ਮੰਦਭਾਗੀ ਘਟਨਾ ਨੇ ਕੈਨੇਡਾ ਦੀ ਧਰਤੀ ਵੀ ਹਿਲਾ ਕੇ ਰੱਖ ਦਿੱਤੀ। ਮੈਂ ਆਪਣੇ ਪਤੀ ਨੂੰ ਕਿਹਾ ਕਿ ਚਲੋ ਓਸ ਕੁੜੀ ਬਾਰੇ ਪਤਾ ਕਰੀਏ। ਪਰ ਸਾਡਾ ਬੇਟਾ ਕਹਿਣ ਲੱਗਾ।

"ਮੰਮੀ, ਬਾਹਰ ਨਾ ਨਿਕਲੋ ਪਲੀਜ਼। ਪਤਾ ਨਹੀਂ ਇਹ ਧਮਾਕੇ ਕਿੱਥੇ ਕਿੱਥੇ ਹੋਣੇ ਨੇ। ਸਭ ਮਾਰਕੀਟਸ ਬੰਦ ਹਨ।ਫਲਾਈਟਾਂ ਵੀ ਕੈਂਸਲ ਹੋ ਗਈਆਂ ਨੇ। ਸਾਰੇ ਪਾਸੇ ਦਹਿਸ਼ਤ ਦਾ ਮਾਹੌਲ ਹੈ। ਤੁਸੀਂ ਕੁਝ ਦਿਨ ਸੈਰ ਵੀ ਬੰਦ ਕਰ ਦੇਵੋ।" ਅਸੀਂ ਉਸ ਦੀ ਸਲਾਹ ਮੰਨ ਲਈ।

ਬੜੇ ਦਿਨਾਂ ਬਾਦ ਜਦ ਮਾਹੌਲ ਸ਼ਾਂਤ ਹੋਇਆ ਤਾਂ ਇਕ ਦਿਨ ਅਸੀਂ ਬਾਹਰ ਨਿਕਲੇ ਅਤੇ ਦੁਕਾਨ ਵੱਲ ਨੂੰ ਮੂੰਹ ਕਰ ਲਿਆ ਕਿ ਉਸ ਲੜਕੀ ਦਾ ਪਤਾ ਕਰੀਏ। ਓੱਥੇ ਪਹੁੰਚੇ ਤਾਂ ਵੇਖਿਆ ਕਿ ਓਹ ਸੱਚਮੁੱਚ ਹੀ ਮੁਰਝਾਈ ਲਗਰ ਬਣੀ ਖੜੀ ਸੀ। ਸਾਨੂੰ ਵੇਖਦਿਆਂ ਹੀ ਓਹ ਫੁੱਟ ਫੁੱਟ ਕੇ ਰੋਣ ਲੱਗ ਪਈ। ਮੈਂ ਕਾਊਂਟਰ ਦੇ ਅੰਦਰਲੇ ਪਾਸੇ ਜਾ ਕੇ ਓਸਨੂੰ ਆਪਣੇ ਮੋਢੇ ਨਾਲ ਲਾ ਕੇ ਦਿਲਾਸਾ ਦੇਣ ਲੱਗੀ। ਪਰ ਮੈਥੋਂ ਆਪਣਾ ਰੋਣ ਵੀ ਥੰਮ੍ਹਿਆ ਨਹੀਂ ਸੀ ਜਾ ਰਿਹਾ। ਮੇਰੇ ਪਤੀ ਕਹਿਣ ਲੱਗੇ

'ਮੈਡਮ, ਹੋ ਸਕਦਾ ਹੈ ਕਿ ਓਹ ਓਸ ਦਿਨ ਆਫ਼ਿਸ ਗਏ ਹੀ ਨਾ ਹੋਣ'

"ਨਹੀਂ ਅੰਕਲ, ਸਭ ਕਨਫਰਮ ਹੋ ਗਿਐ। ਮੈਂ ਬਰਬਾਦ ਹੋ ਗਈ। ਕੀ ਕਰਾਂਗੀ ਮੈਂ? ਏਨੀ ਕੁ ਇਨਕਮ ਨਾਲ ਮੈਂ ਆਪਣੇ ਬੱਚੇ ਕਿਵੇਂ ਪਾਲਾਂਗੀ?" ਓਹ ਵਿਲਕ ਰਹੀ ਸੀ।ਮੇਰੇ ਪਤੀ ਦੀਆਂ ਅੱਖਾਂ ਵਿੱਚ ਵੀ ਹੰਝੂ ਸਨ।

'ਅੰਕਲ, ਮੇਰਾ ਹੁਣ ਏਥੇ ਰਹਿਣ ਨੂੰ ਜੀ ਨਹੀਂ ਕਰਦਾ। ਜਿਸ ਦਿਨ ਮੇਰੇ ਕੋਲ ਵਾਪਸੀ ਜੋਗੇ ਪੈਸੇ ਇਕੱਠੇ ਹੋ ਗਏ ਮੈਂ ਵਤਨ ਚਲੀ ਜਾਵਾਂਗੀ। ਮੁੜਕੇ ਆਪਣੀ ਲੈਕਚਰਾਰ ਵਾਲੀ ਜੌਬ ਕਰਾਂਗੀ। ਵੈਸੇ ਵੀ ਮੈਂ ਲੌਂਗ ਲੀਵ ਲੈ ਕੇ ਆਈ ਸੀ। ਓਥੇ ਮੇਰੇ ਆਪਣੇ ਲੋਕ ਮਦਦ ਕਰਨ ਵਾਲੇ ਹੋਣਗੇ। ਇੱਥੇ ਪਰਦੇਸ ਵਿੱਚ ਮੇਰਾ ਕੌਣ ਹੈ?'

ਅਸੀਂ ਉਸਦੇ ਫ਼ੈਸਲੇ ਦੀ ਹਾਮੀ ਭਰ ਦਿੱਤੀ। ਮੇਰੇ ਪਤੀ ਨੇ ਉਸਨੂੰ ਹੋਰ ਦਿਲਾਸਾ ਦਿੰਦੇ ਹੋਏ ਕਿਹਾ,

'ਬੇਟਾ, ਕਿੰਨਾ ਦੁੱਖ ਹੁੰਦਾ ਹੈ। ਇਹ ਇਨਸਾਨੀਅਤ ਤੋਂ ਕਿੰਨਾਂ ਗਿਰਿਆ ਹੋਇਆ ਮੰਦਾ ਕਰਮ ਹੈ। ਕਿੰਨੀਆਂ ਜਾਨਾਂ ਗਈਆਂ। ਕਿੰਨੇਂ ਘਰ ਉੱਜੜੇ।ਕੀ ਏਹੀ ਜਹਾਦ ਹੈ? ਕੀ ਇਹਨਾਂ ਨੂੰ ਈਸ਼ਵਰ ਕਦੇ ਬਖਸ਼ੇਗਾ?'

"ਨਹੀਂ ਅੰਕਲ, ਇਹ ਜਹਾਦ ਨਹੀਂ, ਜਹਾਦ ਦੀ ਆੜ ਵਿੱਚ ਭੇੜੀਏ ਨੇ ਜੋ ਵਹਿਸ਼ਤ ਦਾ ਨੰਗਾ ਨਾਚ ਨੱਚ ਰਹੇ ਹਨ। ਖੁਦਾ ਇਹਨਾਂ ਨੂੰ ਕਦੇ ਵੀ ਨਹੀਂ ਬਖਸ਼ੇਗਾ।"

ਸਾਡਾ ਮਨ ਬਹੁਤ ਡਰ ਗਿਆ। ਮੈਂ ਉਸਨੂੰ ਬੁੱਕਲ ਵਿੱਚ ਲੈ ਕੇ ਕਿਹਾ ਕਿ "ਅਸੀਂ ਵੀ ਹੁਣ ਵਾਪਸ ਜਲਦੀ ਚਲੇ ਜਾਣਾ ਹੈ। ਸਾਹਮਣੇ ਹੈਵਨਵੁਡ ਡਰਾਈਵ ਦੀ ਬਿਲਡਿੰਗ ਵਿੱਚ 305 ਨੰਬਰ ਦੇ ਅਪਾਰਟਮੈਂਟ ਵਿੱਚ ਸਾਡਾ ਲੜਕਾ ਤੇ ਨੂੰਹ ਰਹਿੰਦੇ ਹਨ। ਕਦੇ ਵੀ ਜ਼ਰੂਰਤ ਪਵੇ ਤਾਂ ਓਹਨਾਂ ਨੂੰ ਮਿਲ ਲੈਣਾ। ਅਸੀਂ ਵੀ ਓਹਨਾਂ ਨੂੰ ਕਹਿ ਕੇ ਜਾਂਵਾਂਗੇ।"

ਉਸਨੇ ਵੀ ਹਾਂ ਵਿੱਚ ਸਿਰ ਹਿਲਾ ਕੇ ਸਹਿਮਤੀ ਜਤਾਈ। ਮੇਰੇ ਪਤੀ ਨੇ ਉਸਦੇ ਸਿਰ ਤੇ ਹੱਥ ਰੱਖਿਆ ਤੇ ਕਿਹਾ

"ਬੇਟਾ, ਬੀ ਬ੍ਰੇਵ (ਬਹਾਦਰ ਬਣੋ)।"

ਇਸਤੋਂ ਅੱਗੇ ਓਹ ਕੁਝ ਬੋਲ ਨਾ ਸਕੇ ਤੇ ਅਸੀਂ ਭਰੇ ਹੋਏ ਮਨ ਨਾਲ ਉਥੋਂ ਤੁਰ ਪਏ।

ਅੱਜ ਵੀ ਜਦੋਂ ਜ਼ੁੰਮੇਵਾਰੀਆਂ ਨੂੰ ਨਿਭਾਉਂਦੀ ਹੋਈ, ਓਹ ਪਠਾਣ ਬੱਚੀ, ਜ਼ਿਹਨ ਵਿੱਚ ਉੱਭਰਦੀ ਹੈ ਤਾਂ ਮਨ ਗਹਿਰੀ ਉਦਾਸੀ ਨਾਲ ਭਰ ਜਾਂਦਾ ਹੈ। ਸੋਚਦੇ ਹਾਂ ਕਿ ਜਿਸ ਵਤਨ ਦੀ ਮਿੱਟੀ ਦੇ ਮੋਹ ਨੂੰ ਓਹ ਅਕਸਰ ਯਾਦ ਕਰਿਆ ਕਰਦੀ ਸੀ, ਓਥੇ ਆ ਕੇ ਓਹ ਜ਼ਰੂਰ ਹੀ ਸਕੂਨ ਦੇ ਪਲ ਮਹਿਸੂਸ ਕਰਦੀ ਹੋਵੇਗੀ। ਖੁਦਾ ਖੈਰ ਕਰੇ।

■

# ਸ਼ਾਇਰੀ

## ਬੋਲੀਆਂ

### ਕਲੀਮ ਸ਼ਹਿਜ਼ਾਦ

1- ਤੇਰਾ ਚਰਖ਼ਾ ਸ਼ੀਸ਼ਿਆਂ ਵਾਲ਼ਾ, ਕੱਤਦੀ ਦਾ ਮੂੰਹ ਤੱਕਦਾ

2- ਤੰਦ ਪਾਉਂਦੀ ਦਾ ਚੂੜਾ ਛਣਕੇ, ਚਾਵਾਂ ਵਾਲ਼ੇ ਮੋਰ ਨੱਚਦੇ

3- ਦੋਵਾਂ ਤੱਕਿਆ ਗ਼ਲੀ ਵਿੱਚ ਦੂਰੋਂ, ਨੈਣਾਂ ਦੀਆਂ ਪੈਣ ਜੱਫੀਆਂ

4- ਇਕ ਤੇਰਾ ਰੂਪ ਲਿਸ਼ਕੇ, ਉੱਤੋਂ ਸਾਉਣ ਦਾ ਮਹੀਨਾ ਆਇਆ

5- ਤੇਰੇ ਨੈਣਾਂ ਦੇ ਗੁਲਾਬੀ ਡੋਰੇ, ਨਸ਼ਿਆਂ ਦੀ ਹੱਦ ਮੁੱਕ ਗਈ

6- ਤੇਰੇ ਨੱਕ ਦਾ ਲੌਂਗ ਰੰਗੀਲਾ, ਧੁੱਪ ਵਿੱਚ ਰੰਗ ਵੰਡਦਾ

7- ਤੇਰੇ ਸਾਹਵਾਂ ਦੀ ਮਹਿਕ ਉਧਾਰੀ, ਸੱਧਰਾਂ ਦੇ ਫੁੱਲ ਮੰਗਦੇ

8- ਜ਼ੁਲਫਾਂ ਦੀ ਲੱਟ ਤੱਕ ਕੇ , ਮੱਚੇ ਅੰਬਰਾਂ ਤੇ ਬਦਲੀ ਕਾਲ਼ੀ

9- ਕਿਹੜਾ ਖ਼ਾਬਾਂ ਵਿੱਚ ਨਜ਼ਰੀਂ ਆਵੇ, ਬੁੱਲ੍ਹੀਆਂ ਤੇ ਹਾਸਾ ਖਿੜਿਆ

10- ਤੇਰੀ ਗਾਨੀ ਦੇ ਗਾਉਂਦੇ ਮਣਕੇ, ਜਾਂਦੇ ਜਾਂਦੇ ਰਾਹੀ ਭੁਲਦੇ

11- ਤੇਰੇ ਪੈਰਾਂ ਵਿੱਚ ਪਾਜ਼ੇਬਾਂ ਤੱਕ ਕੇ , ਰਾਗੀਆਂ ਨੂੰ ਸੁਰ ਲੱਭਦੇ

■

## ਗ਼ਜ਼ਲ

### ਸਲੀਮ ਕਾਸ਼ਰ

ਚਿੱਟੇ ਫੁੱਲ ਕਨੇਰਾਂ ਲੈ ਕੇ
ਆਇਆ ਸੰਗ ਸਵੇਰਾਂ ਲੈ ਕੇ

ਦਿਨ ਦਿਨੇਵੇਂ ਚੰਨ ਚੜ੍ਹਿਆ ਵਿਹੜੇ
ਹਾਸੇ ਖ਼ੁਸ਼ੀਆਂ ਢੇਰਾਂ ਲੈ ਕੇ

ਪੰਜੇ ਪੜ੍ਹਾਂ ਮੈਂ ਮੁੱਖ ਮੁਸੱਲੇ
ਨਾਂ ਦੀ ਤਸਬੀ ਫੇਰਾਂ ਲੈ ਕੇ

ਰੌਸ਼ਨੀਆਂ ਲਈ ਅੱਖ ਦਰਿਆਉਂ
ਜਗਮਗ ਮੋਤੀ ਕੇਰਾਂ ਲੈ ਕੇ

ਚੁਣ ਚੁਣ ਫੁੱਲ ਵਫ਼ਾ ਦੇ ਬਾਗੋਂ
ਰਾਹਵਾਂ ਵਿੱਚ ਖਲੇਰਾਂ ਲੈ ਕੇ

ਪਿਆਰ ਦੀ ਸੇਜ ਸਜਾਉਣ ਦੀ ਖ਼ਾਤਰ
ਕਲੀਆਂ ਫੁੱਲ ਅਟੇਰਾਂ ਲੈ ਕੇ

ਕਰਨੀਆਂ ਕੀ, ਜੇ ਸੋਚ ਨਾ ਲਿਸ਼ਕੇ
ਲਿਸ਼ਕੀਆਂ ਚਾਰ ਚੁਫ਼ੇਰੇ ਲੈ ਕੇ

ਕਾਸ਼ਰ ਪਿਆਰ ਦਾ ਲਫ਼ਜ਼ ਨਾ ਉੱਗਰੇ
ਖ਼ਾਲੀ ਜ਼ਬਰਾਂ ਜ਼ੇਰਾਂ ਲੈ ਕੇ

■

# ਅਬਦੁਲ ਕਰੀਮ ਕੁਦਸੀ ਦੀਆਂ ਚਾਰ ਗ਼ਜ਼ਲਾਂ

## 1

ਉਨ੍ਹਾਂ ਅੱਗੇ ਭਰੇ ਪਿਆਲੇ ਪਏ ਹੋਏ ਨੇਂ
ਸਾਨੂੰ ਆਪਣੀ ਜਾਨ ਦੇ ਲਾਲੇ ਪਏ ਹੋਏ ਨੇਂ

ਸ਼ੇਅਰਾਂ ਦੀ ਮੁੰਦਰੀ ਵਿੱਚ ਲਾਈਏ ਨਗ ਵਾਂਗੂੰ
ਜਿਹੜੇ ਦੁਖੜੇ ਆਲ਼ ਦਵਾਲ਼ੇ ਪਏ ਹੋਏ ਨੇਂ

ਕੁਝ ਸ਼ੇਅਰਾਂ ਦੀ ਹਾਂਡੀ ਵਿੱਚ ਤਲਖ਼ੀ ਦਾ ਤੜਕਾ
ਕੁਝ ਹਾਲਾਤ ਦੇ ਗਰਮ ਮਸਾਲੇ ਪਏ ਹੋਏ ਨੇਂ

ਅੰਨਿਆਏ ਦੇ ਪੱਥਰਾਂ ਰਸਤੇ ਡੱਕੇ ਨੇਂ
ਸਦੀਆਂ ਬਾਅਦ ਵੀ ਓਥੇ ਹਾਲੇ ਪਏ ਹੋਏ ਨੇਂ

ਨਿੱਕਿਆਂ ਹੁੰਦਿਆਂ ਤੂੰ ਜੋ ਮੇਨੂੰ ਖ਼ਤ ਲਿਖੇ
ਮੇਰੇ ਕੋਲ ਉਹ ਅਜੇ ਸੰਭਾਲੇ ਪਏ ਹੋਏ ਨੇਂ

ਰੱਜ ਬੈਠੇ ਨਾ ਦਿਲ ਦੀ ਗੱਲ ਕੋਈ ਕੀਤੀ
ਉਹ ਜਾਵਣ ਲਈ ਐਂਵੇਂ ਕਾਹਲ਼ੇ ਪਏ ਹੋਏ ਨੇਂ

ਗ਼ੁਰਬਤ ਵਾਲੀ ਧੂੜ ਵਿੱਚ ਰਸਤਾ ਦਿਸਦਾ ਨਹੀਂ
ਅੱਖੀਂ ਬੇ ਸਿੰਮਤੀ ਦੇ ਜਾਲੇ ਪਏ ਹੋਏ ਨੇਂ

ਤੋਹਮਤ ਲਾਉਣ ਤੋਂ ਪਹਿਲਾਂ ਇਹ ਵੀ ਸੋਚ ਲਵੋ
ਕੁਦਸੀ ਕੋਲ ਵੀ ਬੜੇ ਹਵਾਲੇ ਪਏ ਹੋਏ ਨੇਂ

■

## 2

ਜਿਹੜੇ ਘਰ ਦੇ ਘੜੇ ਤਰੇੜੇ ਜਾਂਦੇ ਨੇਂ
ਪਿਆਸੇ ਪੰਛੀ ਕੱਦ ਉਸ ਵਿਹੜੇ ਜਾਂਦੇ ਨੇਂ

ਰਾਂਝਣ ਦੇ ਕਿਸ ਕਾਰ ਤਪੱਸਿਆ ਉਮਰਾਂ ਦੀ
ਹੀਰ ਵਿਆਹਵਨ ਦੇ ਲਈ ਖੇੜੇ ਜਾਂਦੇ ਨੇ

ਸਾਨੂੰ ਮਿਲੇ ਨਾ ਸੱਦਾ ਉਹਦੀ ਮਹਿਫ਼ਲ ਦਾ
ਉਸ ਮਹਿਫ਼ਲ ਵਿੱਚ ਖ਼ੋਰੇ ਕਿਹੜੇ ਜਾਂਦੇ ਨੇਂ

ਨੀਵੇਂ ਨੀਵੇਂ ਕਿਰਦਾਰਾਂ ਲਈ ਦੁਨੀਆ ਵਿੱਚ
ਉੱਚੇ ਉੱਚੇ ਸਾਕ ਸਹੇੜੇ ਜਾਂਦੇ ਨੇਂ

ਲੀਡਰ ਲੰਮੀਆਂ ਕਾਰਾਂ ਦੇ ਵਿੱਚ ਨੱਸ ਜਾਂਦੇ
ਮਕਤਲ ਵੱਲੇ ਲੋਕ ਮਰੇੜੇ ਜਾਂਦੇ ਨੇਂ

ਸਾਕਾਦਾਰੀ ਰਹਿ ਗਈ ਕੁਦਸੀ ਦੌਲਤ ਦੀ
ਨੌਂਹਾਂ ਦੇ ਨਾਲੋਂ ਮਾਸ ਨਖੇੜੇ ਜਾਂਦੇ ਨੇਂ

■

**3**

ਚਾਨਣ ਦਾ ਕੋਈ ਭਰਿਆ ਥਾਲ ਉਲਟ ਦੇ ਸਾਈਂ
ਬੱਦਲ ਹਨੇਰੇ ਵਾਲ਼ੇ ਨਹੀਂ ਪਏ ਹਟਦੇ ਸਾਈਂ

ਆਲ੍ਹਣਿਆਂ ਦੀ ਰੌਣਕ ਜਿਹਨਾਂ ਖੋਹ ਲਈ ਸਾਰੀ
ਉਨ੍ਹਾਂ ਜ਼ਾਲਮ ਬਾਜ਼ਾਂ ਦੇ ਪਰ ਕੱਟ ਦੇ ਸਾਈਂ

ਕੋਹੜ ਇਨ੍ਹਾਂ ਦੇ ਸਾਰੀ ਦੁਨੀਆ ਦੇਖੇ ਜੇਕਰ
ਉੱਖਲੀ ਪਾ ਕੇ ਕੋਈ ਇਨ੍ਹਾਂ ਨੂੰ ਛੱਟ ਦੇ ਸਾਈਂ

ਇਲਮ ਖ਼ਜ਼ਾਨੇ ਦੇ ਵਿੱਚ ਵਾਧਾ ਕਰਦਾ ਜਾਈਂ
ਦੌਲਤ ਭਾਵੇਂ ਬਹੁਤੀ ਦੇ ਯਾ ਘੱਟ ਦੇ ਸਾਈਂ

ਦੀਨ ਫ਼ਰੋਸ਼ਾਂ ਲਿੱਸੀ ਸਾਮੀ ਸਮਝ ਲਿਆ ਏ
ਸਾਡੇ ਵੱਲੇ ਆਉਂਦੇ ਧੂੜਾਂ ਪੱਟ ਦੇ ਸਾਈਂ

ਅਸਾਂ ਤੇ ਕਲਮ ਕਬੀਲੇ ਰਲ਼ ਕੇ ਘਾਟੇ ਖਾਧੇ
ਲੋਕ ਤੇ ਇਧਰ ਢੇਰ ਮੁਨਾਫ਼ੇ ਖੱਟ ਦੇ ਸਾਈਂ

ਕੁਦਸੀ ਮੇਰਾ ਪਰਦੇਸੀ ਘਰ ਆਉਂਦਾ ਪਿਆ ਏ
ਇਹ ਖ਼ੁਸ਼ਖ਼ਬਰੀ ਝੱਬ ਦੇ ਸਾਈਂ ਝੱਟ ਦੇ ਸਾਈਂ

■

**4**

ਕੰਡਿਆਂ ਨੂੰ ਗੁਲਾਬ ਕੀ ਲਿਖਣਾ
ਪਾਣੀਆਂ ਨੂੰ ਸ਼ਰਾਬ ਕੀ ਲਿਖਣਾ

ਦੇਣ ਵਾਲ਼ਾ ਜੇ ਬੇਹਿਸਾਬ ਦੇਵੇ
ਖਰਚ ਦਾ ਮੁੜ ਹਿਸਾਬ ਕੀ ਲਿਖਣਾ

ਜਿੱਤ ਗਿਆ ਰੋਂਦ ਮਾਰ ਕੇ ਜਿਹੜਾ
ਓਸ ਨੂੰ ਕਾਮਯਾਬ ਕੀ ਲਿਖਣਾ

ਜੋ ਨਾ ਬਦਲੇ ਗ਼ਰੀਬ ਦੀ ਕਿਸਮਤ
ਓਸ ਨੂੰ ਇਨਕਲਾਬ ਕੀ ਲਿਖਣਾ

ਜਿਹੜਾ ਇੱਜ਼ਤ ਗ਼ਰੀਬ ਦੀ ਨਾ ਕਰੇ
ਉਹਨੂੰ ਇੱਜ਼ਤ ਮਆਬ ਕੀ ਲਿਖਣਾ

ਕਾਲ਼ਜੇ ਨੂੰ ਨਾ ਜਿਹੜੀ ਹੱਥ ਪਾਵੇ
ਓਸ ਗ਼ਜ਼ਲ ਦਾ ਜਵਾਬ ਕੀ ਲਿਖਣਾ

ਜਿਹੜੀ ਤੜਪਾ ਨਾ ਦੇਵੇ ਕੁਦਸੀ ਨੂੰ
ਐਸ ਤਰ੍ਹਾਂ ਦੀ ਕਿਤਾਬ ਕੀ ਲਿਖਣਾ

■

# ਕਾਫ਼ੀ

**ਮੁਹੰਮਦ ਅਫ਼ਜ਼ਲ ਸ਼ਾਹਿਦ**

ਸਖ਼ੀ ਕਿਹਨੂੰ ਆਖ ਸੁਣਾਵਾਂ ਪਿਆਰ ਮੇਰਾ ਮਜਬੂਰ
ਦਿਲਬਰ ਪਾਰ ਮੈਂ ਤਰਣ ਨਾ ਜਾਣਾਂ ਭਖ਼ਦਾ ਹਿਜਰ ਤੰਦੂਰ

ਮੈਂ ਤੜਫ਼ਾਂ ਇਸ ਪਾਰ ਨਿਮਾਣੀ ਪਾਰ ਗਏ ਲੰਘ ਪੂਰ
ਔਗਣਹਾਰੀ ਜਿੱਤ ਵੱਲ ਜਾਵਾਂ ਦੂਰੋਂ ਈ ਦੂਰ ਦੂਰ ਦੂਰ

ਕੋਨਤ ਬਿਨਾਂ ਕੀ ਹੋਣ ਕਲੇਲਾਂ ਕੂੰਜ ਕੱਲੀ ਮਹਿਜੂਰ
ਲੁਕ ਛੁੱਪ ਲੈ ਸੌ ਪਰਦਿਆਂ ਸ਼ਾਹਿਦ ਹੋਸਣ ਮੇਲ ਜ਼ਰੂਰ

■

# ਸੀ ਹਰਫ਼ੀਆਂ

**ਮੁਹੰਮਦ ਅਫ਼ਜ਼ਲ ਸ਼ਾਹਿਦ**

ਆ– ਆਸਾਂ ਦੇ ਦੀਵੇ ਬਾਲ਼ ਕੇ ਥਾਂ ਥਾਂ ਚਾਨਣ ਪਾਈਏ
ਮੀਟੀ ਪੁੱਗੀਏ ਕੱਢ ਪਾ ਕੇ ਕੋਈ ਖੇਡਣ ਰੰਗ ਜਮਾਈਏ
ਅੱਜ ਤੇਰੀ ਕੱਲ ਮੇਰੀ ਵਾਰੀ ਮਿੱਥ ਮੁੱਥ ਕੇ ਭੁਗਤਾਈਏ
ਰੋਂਦੂਆਂ ਕੋਲੋਂ ਸ਼ਾਹਿਦ ਨੱਸੀਏ ਕਦੇ ਨਾ ਮੀਤ ਬਣਾਈਏ

ਭ– ਭੰਨਣ ਸੌ ਵਾਰ ਤਰੋੜਨ ਤੁਧ ਤੋਂ ਮੂਲ ਨਾ ਫਿਰਸਾਂ
ਨਾ ਮੈਨੂੰ ਚਾਅ ਮਾਲ ਮਤਾਈਂ ਮਾਰ ਮੁਕਾਈਆ ਹਿਰਸਾਂ
ਨਾ ਖੋਂਦੇ ਤੇ ਵੰਡ ਵੂੰਡ ਦੇਂਦਾ ਦੂਰ ਦੂਰ ਕੀਤੀਆਂ ਕਿਰਸਾਂ
ਪੱਕੀਆਂ ਖ਼ਬਰਾਂ ਓੜਕ ਸ਼ਾਹਿਦ ਭੋਰਾ ਭੋਰਾ ਚਿਰਸਾਂ

ਤ– ਤਕੜੀ ਕੀ ਤੁਲਣ ਜਿਣਸਾਂ ਜਦ ਮਾਰਣ ਸੌ ਡੰਡੀ
ਅਣਮੁੱਲੇ ਬਿਨ ਮੁੱਲੋਂ ਮਿਲਦੇ ਮੰਦ ਘਣਾ ਇਸ ਮੰਡੀ
ਸ਼ਿਮਲੇਆਂ ਵਾਲੇ ਨੰਗ ਪਨੰਗੇ ਕਿੱਕਲੀਆਂ ਮਾਰੇ ਰੰਡੀ
ਸ਼ਾਹਿਦ ਦੇ ਸਭ ਪਰਦੇ ਲੱਥੇ ਕੋਈ ਭੰਡੀ ਜਿਹੀ ਭੰਡੀ

ਥ– ਥਰ ਥਰ ਜੂ ਕੰਬੀ ਧਰਤੀ ਪੈ ਗਈਆਂ ਸੈ ਤਰੇੜਾਂ
ਆਖੇ ਜ਼ੁਲਮੋਂ ਤੇ ਬੱਚ ਜਾਸਣ ਪਰਦਿਆਂ ਹੇਠ ਨਘੇੜਾਂ
ਭੋਰਿਆਂ ਅੰਦਰ ਵਾੜ ਲੁਕਾ ਕੇ ਤਾਕ ਬੂਹੇ ਚਾ ਭੇੜਾਂ
ਓੜਕ ਇੰਜੇ ਧਰਤ ਮੁਕਾਸੀ ਸ਼ਾਹਿਦ ਖਿੱਲਰੀਆਂ ਛੇੜਾਂ

ਛ– ਛੱਜਾਂ ਵਿੱਚ ਛਾਨਣੀ ਬੋਲੇ ਛੱਜਾਂ ਨੇ ਚੁੱਪ ਵੱਟੀ
ਭੱਟ ਚੁਪੀਤੇ ਛੱਜ ਜਿਹਨਾਂ ਗੱਲ ਸੱਚ ਤੋਂ ਕੂੜ ਨਾ ਛੱਟੀ
ਮੱਤ ਮੋਈ ਵੱਲ ਛੱਟਣ ਭੁੱਲਿਆ ਕੀ ਰੰਗ ਲਾਏ ਚੱਟੀ
ਮੁਫ਼ਤ ਫੜਾਵਨ ਸ਼ਾਹਿਦ ਫੜ ਫੜ ਮੁੱਲ ਨਾ ਪਾਵਣ ਅੱਟੀ

■

# ਗ਼ਜ਼ਲ

**ਸ਼ਗੁਫ਼ਤਾ ਨਾਜ਼ਲੀ**

ਬਾਰਿਸ਼ ਵਿੱਚ ਬਾਰਿਸ਼ ਸੀ ਸੁਣਨੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ
ਹੰਝੂਆਂ ਦੀ ਲਰਜ਼ਿਸ਼ ਸੀ ਆਪਣੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

ਹੁਣ ਉਹ ਬੂਟਾ ਤੱਕ  ਤੱਕ ਮੈਨੂੰ ਹੱਸਦਾ ਏ
ਕਿੱਥੇ ਉਹਨੇ ਗੱਲ ਕੋਈ ਸੁਣਨੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

ਬਚਪਨ ਤੋਂ ਹਾਲੀ ਤੀਕਰ ਚੰਗੀਆਂ ਲੱਗੀਆਂ ਨੇਂ
ਪਰ ਹੁਣ ਇਕੋ ਬੇੜੀ ਠਿੱਲ੍ਹਣੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

ਜਿੱਸ ਕਾਗ਼ਜ਼ ਤੇ ਕਸ਼ਟ ਬੜੇ ਨਾਲ਼ ਲਿਖਿਆ ਸੀ
ਸਤਰ ਸਤਰ ਸੀ ਉਹਦੀ ਭਿੱਜਣੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

ਦਰਦ ਹਿਜਰ ਦਾ ਰੁੱਖ ਹੋਇਆ ਸੀ ਹਰਾ ਭਰਾ
ਉਹਨੇ ਹੁਣ ਕੀ ਕਹਿਣੀ ਸੁਣਨੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

ਅੱਖਰਾਂ ਦੀ ਸੌਗਾਤ ਨੂੰ ਲੈ ਕੇ ਆਈ ਸੀ
ਸੋਚ ਦੀ ਬਿੰਦੀ ਕਿੰਨੀ ਸੱਜਣੀ, ਉਸ ਦਿਨ ਦੀ ਬਾਰਿਸ਼ ਤੋਂ ਬਾਅਦ

■

# ਸੁਲਤਾਨ ਖਾਰਵੀ ਦੀਆਂ ਦੋ ਨਜ਼ਮਾਂ

## ਪਾਣੀ ਦਾ ਸਿਰਨਾਵਾਂ

ਸਾਡੇ ਸੁਫ਼ਨੇ ਪੁੱਛਣ ਸਾਥੋਂ
ਪਾਣੀ ਦਾ ਸਿਰਨਾਵਾਂ
ਜਿਹੜਾ ਮੌਸਮ ਅੰਗ ਹੰਡਾਇਆ
ਉਹੋ ਈ ਕੌੜਾ ਲੱਗਾ
ਆਪਣੇ ਲਹੂ ਦੇ ਮਾਣ ਵਿੱਚ ਮੋਏ
ਉਹ ਵੀ ਹੈਸੀ ਬੱਗਾ
ਜਿੰਦ ਖਡਾਇਆ ਸਾਨੂੰ
ਸਾਡੇ ਪਿੰਡੇ ਪੀੜਾਂ ਜਣੀਆਂ
ਸਾਹ ਦੀ ਤਾਣੀ ਤਣਦਿਆਂ ਰਹਿਣਾ
ਬੁੱਝਣ ਤੀਕਰ ਤਣੀਆਂ
ਦੋਵੇਂ ਪੈਰ ਗਵਾਚ ਗਏ ਤੇ
ਮੰਜ਼ਿਲ ਡਾਹ ਨਾ ਦਿੱਤੀ
ਰੋਜ਼ ਸਿਖ਼ਰ ਨੂੰ ਛੂੰਦੀ ਲੱਗੇ
ਇਕ ਉਮਰ ਦੀ ਖਿੱਤੀ
ਇਹ ਅਸਾਡਾ ਬੁੱਤ ਪਿਆ ਏ
ਉਹ ਸਾਡਾ ਪਰਛਾਵਾਂ
ਵੇ਼ਲੇ ਨੇ ਕੀ ਪਾਇਆ ਹੋਇਆ
ਸਾਡੇ ਗ਼ਲੀਂ ਗ਼ਲਾਵਾਂ
ਭਿੱਜਦਾ ਜੀਵਨ ਨੂੜ ਲਿਆ ਏ
ਵਿੱਚ ਉਡੀਕ ਦੇ ਮਾਂਵਾਂ
ਸਾਡੇ ਸੁਫ਼ਨੇ ਪੁੱਛਣ ਸਾਥੋਂ
ਪਾਣੀ ਦਾ ਸਿਰਨਾਵਾਂ

■

## ਕਬਰਾਂ ਦੀ ਮਿੱਟੀ

ਸਾਡੀ ਪਿਆਰ ਤ੍ਰੇਹ ਦਾ ਕੀ ਏ?
ਜਿਊਂ ਕਬਰਾਂ ਦੀ ਮਿੱਟੀ
ਜੰਮਦਿਆਂ ਨਾਲ ਬੁਢੇਪੇ ਖੇਡੇ
ਬਣ ਕੇ ਹਾਣੀ ਹਾਣੀ
ਜੋਬਨ ਰੁੱਤ ਕਿਤੇ ਨਾ ਆਈ
ਲੰਘੇ ਕਾਲ਼ੇ ਪਾਣੀ
ਸਾਡੇ ਸਿਰ ਤੇ ਨਹੀਂ ਨਾ ਕਾਲ਼ੇ
ਪਹਿਲੇ ਦਿਨ ਤੋਂ ਬੱਗੇ
ਹੋਰ ਕਿਸੇ ਦੀ ਪੀੜ ਵੀ ਸਾਨੂੰ
ਆਪਣੀ ਵਰਗੀ ਲੱਗੇ
ਸਾਹ ਦੇ ਮਿਰਗ ਨੂੰ ਮਰਗ ਚੁਵਾਤੀ
ਗੁੜ੍ਹਤੀ ਦੇ ਵਿੱਚ ਲੱਭੀ
ਸਾਡਾ ਸਾਰਾ ਜੀਵਨ ਕੀ ਏ
ਈਵੇਂ ਰੱਬ ਸਬੱਬੀ
ਬੇਦੋਸ਼ੇ ਬੇਕਰਮੇ ਯਾਰੋ
ਲੋਥ ਕਿਸੇ ਜਿਓਂ ਸਿੱਟੀ
ਸਾਡੀ ਪਿਆਰ ਤ੍ਰੇਹ ਦਾ ਕੀ ਏ
ਜਿਊਂ ਕਬਰਾਂ ਦੀ ਮਿੱਟੀ

■

# ਹਯਾਤੀ ਦੀ ਅਖ਼ੀਰਲੀ ਰਾਤ

**ਸਮੀਨਾ ਅਸਮਾਅ**

ਕਿਉਂ ਮੁੱਕਦੀ ਨਹੀਂ ਇਹ ਰਾਤ
ਜਿਹੜੀ ਅੰਦਰ ਲਹਿ ਗਈ ਪਿਛਲੇ ਪਹਿਰੀਂ
ਉਹ ਅੱਖ ਕਿਉਂ ਭੁੱਲਦੀ ਨਹੀਂ
ਜਿਹੜੀ ਬੰਦ ਅੱਖੀਂ ਤੱਕਦੀ ਰਹੀ
ਕਿਉਂ ਭੁਲਦੇ ਨਹੀਂ ਉਹ ਸਾਹ
ਜਿਹੜੇ ਹਯਾਤੀ ਦਾ ਥਕੇਵਾਂ ਝੱਲਦੇ
ਰੁਕ ਰੁਕ ਟੁਰਦੇ ਰਹੇ
ਕਿਉਂ ਕੂੜ ਹੋਏ ਉਹ ਸੁਫ਼ਨੇ
ਜਿਹੜੇ ਵਾਂਗ ਸੱਚ ਨਜ਼ਰੀਂ ਪਏ
ਉਹ ਪੀੜਾਂ ਕਿਉਂ ਸਾਂਭ ਰੱਖੀਆਂ
ਜਿਹੜੀਆਂ ਨਾਲ਼ ਲਹੂ ਦੇ ਰਲ਼ੀਆਂ
ਰਾਤ ਦੀ ਕਾਲ਼ਕ ਨਾਲ਼ ਪੀੜਾਂ ਦੀ ਮੁਕਤ ਹੋਈ
ਸਾਹ ਥੰਮ੍ਹੇ, ਵੇਲ਼ੇ ਦੀ ਵੰਡ ਹੋਈ
ਸਰਘੀ ਦਾ ਚਾਨਣ, ਸੁੱਖ ਸੱਜਿਆ
ਚਿੱਕੜ ਚਿੱਕੜ ਲੀੜੇ ਧੁੱਲ ਚਿੱਟੇ ਹੋਏ
ਚਿਟਿਆਈ ਰਲ਼ ਦਿਨ ਦਾ ਚਾਨਣ, ਸੁਲੱਖਣੀ ਥਈ

■

# ਗ਼ਜ਼ਲ

**ਸਫ਼ਦਰ ਹੁਸੈਨ ਬਰਕ**

ਨਵੇਂ ਜ਼ਖ਼ਮ ਵਖਾਵਾਂ ਜੀ ਕਰਦਾ ਏ
ਕੋਈ ਗ਼ਜ਼ਲ ਸੁਣਾਵਾਂ ਜੀ ਕਰਦਾ ਏ

ਉਹਨੂੰ ਆਪਣੇ ਦੁਖੜੇ ਦੱਸਣ ਲਈ
ਜ਼ੰਜੀਰ ਹਿਲਾਵਾਂ ਜੀ ਕਰਦਾ ਏ

ਜੇ ਹੁਸਨ ਇਜਾਜ਼ਤ ਦੇ ਦੇਵੇ
ਮੈਂ ਸੀਸ ਕਟਾਵਾਂ ਜੀ ਕਰਦਾ ਏ

ਹਰ ਜ਼ੁਲਮ ਤੇ ਜਬਰ ਦੇ ਸਾਵੇਂ ਮੈਂ
ਇਕ ਕੰਧ ਬਣ ਜਾਵਾਂ ਜੀ ਕਰਦਾ ਏ

ਇਸ ਇਸ਼ਕ ਨਗਰ ਦੇ ਵਿੱਚ ਸਫ਼ਦਰ
ਜਿੰਦ ਮਾਰ ਮੁਕਾਵਾਂ ਜੀ ਕਰਦਾ ਏ

■

# ਪੱਤਰ

**ਜੀਤ ਔਲਖ**

ਉੱਡਦਾ-ਉੱਡਦਾ ਆ ਗਿਆ ਅਨਾਰ ਦਾ ਪੱਤਰ,
ਅੱਜ ਵੀ ਨਾ ਕੋਈ ਆਇਆ ਮੇਰੇ ਯਾਰ ਦਾ ਪੱਤਰ ।

ਰੋਜ਼ ਦੀਵੇ ਬਾਲਦਾ ਅਤੇ ਫੂਕ ਦਿੰਦਾ ਹਾਂ,
ਰੋਜ਼ ਮੈਂ ਲਿਖਦਾ ਤੇ ਰਹਿੰਦਾ ਪਾੜਦਾ ਪੱਤਰ।

ਇਹਦੇ ਨਾਲੋਂ ਥੋੜ੍ਹਾ ਵੀ ਕਿਤੇ ਪਿਆਰ ਕਰ ਲੈਂਦੋਂ !
ਜਿੰਨਾ ਲਿਖਿਆ ਪਿਆਰ ਦੇ ਇਜ਼ਹਾਰ ਦਾ ਪੱਤਰ।

ਬਲਦਾ ਦਿਲ ਇਕ ਠੰਢਾ ਹੌਕਾ ਭਰ ਕੇ ਰਹਿ ਗਿਆ,
ਮਿਲਿਆ ਪੱਤਝੜ ਵਾਂਗਰਾਂ ਬਹਾਰ ਦਾ ਪੱਤਰ।

ਤੇਰਾ ਇਕ ਵੀ ਆਇਆ ਨਾ ਅਫ਼ਸੋਸ ਏਹੋ ਹੈ,
ਹੈ ਆਇਆ ਮੈਨੂੰ ਹੋਰ ਤਾਂ ਹਜ਼ਾਰ ਦਾ ਪੱਤਰ।

ਜੀਤ ਨੂੰ ਸੀ ਜ਼ਿੰਦਗੀ ਤੋਂ ਪਿਆਰ ਦੀ ਉਮੀਦ,
ਲਿਖ ਬੈਠਾ ਪਰ ਮੌਤ ਨੂੰ ਉਹ ਪਿਆਰ ਦਾ ਪੱਤਰ।

■

## ਜੀਵਨ ਕਿਹੜੇ ਕਾਰ

### ਅਫ਼ਜ਼ਲ ਸਾਹਿਰ

ਨਾ ਕੋਈ ਸੇਕ, ਨਾ ਠੰਢੀਆਂ ਹਾਵਾਂ
ਟੁਰੀਆਂ ਜਾਵਣ ਰੁਕੀਆਂ ਸਾਹਵਾਂ
ਅੱਖੀਂ ਜੰਮੀਆਂ ਦਿਸ਼ਾਂ ਦਿਸ਼ਾਵਾਂ
ਅੰਧ ਗ਼ੁਬਾਰ ਵਿੱਚ ਲੁਕੀਆਂ ਰਾਹਵਾਂ
ਰਾਹੀਂ ਬੈਠੇ ਚੋਰ
ਬਣ ਕੇ ਹੋਰ ਦੇ ਹੋਰ
ਨਾ ਕੋਈ ਯਾਦ, ਨਾ ਚੇਤਾ ਭੁੱਲੇ
ਰੱਤੇ ਨੈਣੋਂ ਰੱਤ ਨਾ ਡੁੱਲ੍ਹੇ
ਸੀਨੇ ਸੁੰਜ ਦੇ ਝੱਖੜ ਝੁੱਲੇ
ਮੈਂ ਤੇ ਮੈਂ ਦਾ ਭੇਤ ਨਾ ਖੁੱਲ੍ਹੇ
ਲੰਘ ਦੀ ਸ਼ਾਮ ਸਵੇਰ
ਜਿੰਦੜੀ ਘੁੰਮਣ ਘੇਰ
ਨਾ ਕੋਈ ਦਿਲਬਰ ਨਾ ਦਿਲਦਾਰੀ
ਮਰ ਮਰ ਮੁੱਕੇ ਦੁਨੀਆ ਸਾਰੀ
ਸੁਰਤਾਂ ਸਾਰ ਅਸੁਰਤੀ ਮਾਰੀ
ਮਿੱਟੀਓ ਮਿੱਟੀ ਪਾਓਂ ਪਸਾਰੀ
ਹੋਂਦੀ ਮਾਰੋ ਮਾਰ
ਜੀਵਨ ਕਿਹੜੇ ਕਾਰ
ਜੀਵਨ ਕਿਹੜੇ ਕਾਰ

■

## ਕਿਤਾਅ

ਬੰਦਾ ਅਕਲਾਂ ਫ਼ਿਕਰਾਂ ਪਾਰੋਂ ਚੀਕਦਾ
ਲਿਖਿਆ ਪੜ੍ਹਿਆ ਘੇਰਾ ਪਿਆ ਵਧੀਕਦਾ
ਪ੍ਰੇਮ ਕਹਾਣੀ ਪਾਗਲ-ਪਨ ਉਲੀਕਦਾ
ਮੈਂ ਵਿੱਚ ਮੈਨੂੰ ਸੱਚਲ ਯਾਰ ਉਡੀਕਦਾ

■

## ਗ਼ਜ਼ਲ

### ਰੂਹੀ ਕੁੰਜਾਹੀ

ਪੀੜਾਂ ਮੱਲੀਆਂ ਸਾਰੀਆਂ ਰਾਹਵਾਂ
ਜਾਵਾਂ ਤੇ ਹੁਣ ਕਿਧਰ ਜਾਵਾਂ

ਇਧਰ ਜਾਵਾਂ ਓਧਰ ਜਾਵਾਂ
ਉਹਦੀ ਕਿਧਰੇ ਸੂ ਨਾ ਪਾਵਾਂ

ਉਮਰਾਂ ਲੰਘੀਆਂ ਦੁੱਖ ਦਰਿਆ ਵਿੱਚ
ਹੋਰ ਮੈਂ ਕਿੰਨੀਆਂ ਡੁਬਕੀਆਂ ਖਾਵਾਂ

ਡੂੰਘੇ ਪੈਂਡੇ ਕਦ ਮੁੱਕਣੇ ਨੇਂ
ਡਿਗਦਾ ਢਹਿੰਦਾ ਟੁਰਦਾ ਜਾਵਾਂ

ਜਿਹੜਾ ਮੈਂਡਾ ਦਰਦ ਪਛਾਣੇ
ਉਹਨੂੰ ਕਿਥੋਂ ਲੱਭ ਕੇ ਲਿਆਵਾਂ

ਜਿਹੜਾ ਲੂੰ ਲੂੰ ਵਿੱਚ ਵੱਸਦਾ ਏ
ਉਹਨੂੰ ਹੁਣ ਮੈਂ ਕਿੱਸਰਾਂ ਭੁਲਾਵਾਂ

ਮੈਨੂੰ ਨੱਚਣਾ ਵੀ ਨਹੀਂ ਆਉਂਦਾ
ਰੁਠੜਾ ਯਾਰ ਮੈਂ ਕਿਵੇਂ ਮਨਾਵਾਂ

ਖ਼ੌਰੇ ਹੁਣ ਇਹ ਕਿਹੜੀ ਰੁੱਤ ਏ
ਠੰਢੀਆਂ ਧੁੱਪਾਂ, ਤੱਤੀਆਂ ਛਾਵਾਂ

ਮੇਰੇ ਨਾਲੋਂ ਬਾਲ ਸਿਆਣੇ
ਮੈਂ ਉਨ੍ਹਾਂ ਨੂੰ ਕੀ ਸਮਝਾਵਾਂ

ਭਟਕੀ ਫਿਰਨਾਂ ਮੈਂ ਤਾਂ ਆਪੇ
ਉਨ੍ਹਾਂ ਨੂੰ ਕੀ ਰਾਹੇ ਪਾਵਾਂ

ਚੇਤੇ ਤੇ ਵੀ ਵੱਸ ਨਹੀਂ ਰੂਹੀ
ਨਹੀਂ ਤਾਂ ਮੈਂ ਸੱਭ ਕੁਝ ਭੁੱਲ ਜਾਵਾਂ

■

ਬੰਨ੍ਹੇ ਭਾਰ ਮੁਸਾਫ਼ਰਾਂ

# ਪਾਕਿਸਤਾਨ ਯਾਤਰਾ

ਪੰਜਾਬੀ ਰੂਪਕਾਰ:
**ਸਿੱਧੂ ਸਾਹਿਬ**

ਅਪਰੈਲ 2006 ਵਿਚ ਮੇਰੇ ਮਾਪੇ, ਮੈਂ ਤੇ ਮੇਰਾ ਨਿੱਕਾ ਭਰਾ ਪਾਕਿਸਤਾਨ ਗਏ ਸਾਂ। ਅਸੀਂ ਉਥੇ ਦੱਸ ਕੁ ਦਿਹਾੜੇ ਰਹੇ। ਗਏ ਅਸੀਂ ਸਿੱਖ ਯਾਤਰੀਆਂ ਦੇ ਜੱਥੇ ਨਾਲ ਪਾਕਿਸਤਾਨ ਦੇ ਤਾਰੀਖ਼ੀ ਗੁਰਦੁਆਰਿਆਂ ਦੀ ਯਾਤਰਾ ਤੇ ਵਿਸਾਖੀ ਵੇਲੇ ਸਾਂ ਪਰ ਅਸੀਂ ਗੁਰਦੁਆਰਿਆਂ ਦੇ ਕੋਲ ਮੰਨਣ ਆਲ਼ੀਆਂ ਥਾਂਵਾਂ ਤੇ ਉਹ ਸ਼ਹਿਰ ਤੇ ਕਸਬੇ ਵੀ ਡਿੱਠੇ ਜਿੱਥੋਂ ਅਸੀਂ ਲੰਘੇ ਸਾਂ। ਨਾਲੇ ਵੰਨ-ਸੁਵੰਨਿਆਂ ਬੰਦਿਆਂ ਨਾਲ ਗੱਲਬਾਤ ਵੀ ਕੀਤੀ।

ਸਾਨੂੰ ਵੀਜ਼ੇ ਦਾ ਪੱਕ 'ਤੇ ਜਾਣ ਦੀ ਤਾਰੀਖ਼ (10 ਅਪਰੈਲ) ਤੋਂ ਸਿਰਫ਼ ਇਕ ਦਿਹਾੜੇ ਪਹਿਲਾਂ ਹੋਇਆ। ਅਸੀਂ ਉਸੇ ਦਿਨ ਨਿਮਾਸ਼ੀਂ ਅੰਬਰਸਰ ਲਈ ਨਿਕਲ ਪਏ, ਜਿੱਥੋਂ ਅਸੀਂ ਪਾਕਿਸਤਾਨ ਜਾਣ ਵਾਲੀ ਰੇਲ ਗੱਡੀ ਚੜ੍ਹਨਾ ਸੀ। ਵੀਜ਼ਾ ਲੱਗਾ ਸੀ ਪੰਦਰਾਂ ਦਿਨਾਂ ਦਾ ਤੇ ਸਾਨੂੰ ਹਸਨ ਅਬਦਾਲ (ਗੁਰਦੁਆਰਾ ਪੰਜਾ ਸਾਹਿਬ), ਨਨਕਾਣਾ ਸਾਹਿਬ, ਮੰਡੀ ਚੂੜ੍ਹਕਾਨਾ (ਗੁਰਦੁਆਰਾ ਸੱਚਾ ਸੌਦਾ), ਲਾਹੌਰ (ਗੁਰਦੁਆਰਾ ਡੇਰਾ ਸਾਹਿਬ) ਤੇ ਕਰਤਾਰਪੁਰ ਜਾਣੇ ਦੀ ਇਜਾਜ਼ਤ ਮਿਲੀ ਸੀ। ਪਰ ਅਸੀਂ ਐਮਨਾਬਾਦ ਵਰਗੀਆਂ ਥਾਂਵਾਂ ਵੀ ਗਏ ਜਿੱਥੇ ਕਈ ਤਾਰੀਖ਼ੀ ਗੁਰਦੁਆਰੇ ਹਨ ਤੇ ਅਸੀਂ ਕਰਤਾਰਪੁਰ ਜਾਣ ਵਾਸਤੇ ਉਥੋਂ ਲੰਘਣਾ ਵੀ ਸੀ।

ਪਾਕਿਸਤਾਨ ਅਸੀਂ ਜਿਹੜੀਆਂ ਵੀ ਥਾਂਵਾਂ ਡਿੱਠੀਆਂ, ਜਾਂ ਜਿੱਥੋਂ ਅਸੀਂ ਲੰਘੇ ਉਹ ਸਾਰੀਆਂ ਸੂਬਾ ਪੰਜਾਬ ਵਿਚ ਈ ਨੇਂ। ਪਾਕਿਸਤਾਨ ਨੇ "ਰੇਲਵੇ ਸਿੱਖ ਯਾਤਰੀ ਸਪੈਸ਼ਲ" ਨਾਂ ਦੀ ਉਚੇਚੀ ਗੱਡੀ ਚਲਾਈ ਸੀ, ਜਿਹੜੀ ਸਾਨੂੰ ਅੰਬਰਸਰੋਂ ਹਸਨ ਅਬਦਾਲ, ਅੱਗੋਂ ਨਨਕਾਣਾ ਸਾਹਿਬ (ਜਿਹੜਾ ਹੁਣ ਵੱਖਰਾ ਜ਼ਿਲ੍ਹਾ ਬਣ ਗਿਆ ਹੈ) ਤੇ ਲਾਹੌਰ ਤੇ ਅਖ਼ੀਰ ਪਿਛਾਂਹ ਅੰਬਰਸਰ ਲੈ ਆਈ। ਅਸੀਂ ਸੱਚਾ ਸੌਦਾ ਤੇ ਕਰਤਾਰਪੁਰ ਲੋਕਲ ਬੱਸਾਂ ਵਿਚ ਪੁਲਸ ਦੀ ਰਾਖੀ ਵਿਚ ਗਏ।

ਹੱਕੀ ਗੱਲ ਏ ਬਈ ਸੂਬਾਈ ਹਕੂਮਤ ਨੇ ਯਾਤਰੀਆਂ ਦੀ ਰਾਖੀ ਲਈ ਜੋ ਹੋ ਸਕਦਾ ਸੀ ਉਹ

ਕੀਤਾ। ਜੱਥਾ ਜਿੱਥੇ ਵੀ ਗਿਆ, ਉਥੇ ਚੋਖੀ ਪੁਲਸ ਹੋਂਦੀ। ਪੰਜਾਬ ਪੁਲਸ ਦੇ ਖ਼ਾਸ ਦਸਤੇ (ਏਲੀਟ) ਰੇਲ ਗੱਡੀ ਵਿਚ ਵੀ ਸਾਡੀ ਰਾਖੀ ਕਰਦੇ ਸਨ। ਮੈਂ ਬਾਰਡਰ ਪਾਰ ਦੀ ਪੰਜਾਬ ਪੁਲਸ ਦੇ ਹਥਿਆਰ ਵੇਖ ਕੇ ਬਹੁੰ ਪ੍ਰਭਾਵਿਤ ਹੋਇਆ। ਕਈਆਂ ਕੋਲ ਐਮ. ਪੀ. 5 ਪਿਸਤੌਲ, (ਮੁੜ ਜਾਣ ਵਾਲੇ ਬੱਟਾਂ ਵਾਲੇ ਵੀ ਹਨ) ਤੇ ਇਸ ਤੋਂ ਵੱਖ ਦੂਜਿਆਂ ਕੋਲ ਆਮ 9 ਐਮ.ਐਮ.ਸੀ. ਸੈਮੀ ਆਟੋਮੈਟਿਕ ਬੰਦੂਕਾਂ ਸਨ। ਰਿਵਾਲਵਰ ਤੇ ਘੋੜਾ ਚਾੜ੍ਹਨ ਆਲ਼ੀਆਂ ਪੁਰਾਣੀਆਂ ਬੰਦੂਕਾਂ ਵਿਚ ਵਿਚ ਦਿਸ ਪੈਂਦੀਆਂ ਸਨ। ਇਕ ਨੌਜਵਾਨ ਸਿਪਾਹੀ, ਜਿਹੜਾ ਮੇਰਾ ਬੇਲੀ ਬਣ ਗਿਆ, ਡਿਊਟੀ ਤੋਂ ਵਿਹਲੇ ਹੋ ਕੇ, ਮੈਨੂੰ ਦੱਸਿਆ ਜੇ ਪਾਕਿਸਤਾਨੀ ਫ਼ੌਜ ਕੋਲੋਂ ਹੁਣੇ ਈ ਲੱਭੀ G-3 ਰਾਇਫ਼ਲ ਨਾਲ ਸਿੱਧਾ ਨਿਸ਼ਾਨਾ ਮਾਰੀਏ ਤਾਂ ਜਹਾਜ਼ ਵੀ ਢਾਇਆ ਜਾ ਸਕਦਾ ਏ।

ਸੁਥਰੀਆਂ ਨਿੱਕੀਆਂ ਪਿਕ-ਅੱਪ ਗੱਡੀਆਂ ਨਾਲ ਇਹ ਟਿਓਟਾ ਲੈਂਡ ਕਰੂਜ਼ਰਾਂ ਵੀ ਸਨ, ਜਿਹੜੀਆਂ ਸਾਰੀਆਂ ਉਹਨਾਂ ਅਮਰੀਕੀ ਕਨੂੰਨਾਂ ਤੋਂ ਪਹਿਲਾਂ ਲਈਆਂ ਗਈਆਂ ਸਨ ਜਿਨ੍ਹਾਂ ਇਹੋ ਜਿਹੀਆਂ ਨਿੱਕੀਆਂ ਗੱਡੀਆਂ ਦਾ ਸੜਕਾਂ ਤੋਂ ਹੇਠਾਂ ਟੁਰਨੇ ਦੀ ਇਜਾਜ਼ਤ ਨਾ ਦੇ ਕੇ ਇਨ੍ਹਾਂ ਨੂੰ ਸੜਕਾਂ ਬਿਨਾ ਚਲਣ ਜੋਗਾ ਛੱਡਿਆ ਈ ਨਹੀਂ ਸੀ।

ਬਾਰਡਰ ਪਾਰ ਪੁਲਸੀਆਂ ਦੀ ਸਿਹਤ ਵੀ ਆਪਣੇ ਹਿੰਦੁਸਤਾਨੀ ਪੇਟੀ ਭਰਾਵਾਂ ਨਾਲੋਂ ਚੰਗੀ ਲਗਦੀ ਸੀ, ਕਿਉਂ ਜੋ ਵਧੇ ਹੋਏ ਢਿੱਡਾਂ ਦੀ ਗਿਣਤੀ ਘੱਟ ਸੀ। ਇਹਦੀ ਵੱਡੀ ਵਜ੍ਹਾ ਹਿੰਦੁਸਤਾਨੀ ਪੁਲਸ ਦੀ ਕੁੱਕੜ ਦਾਰੂ ਦੀ ਆਦਤ ਈ ਹੋਣੀ ਏ। ਤੇ ਫੇਰ ਮੁਕਾਮੀ ਲੋਕਾਂ ਨਾਲ ਉਹਨਾਂ ਦਾ ਵਰਤਾਰਾ ਵੀ ਬਾਰਡਰ ਤੋਂ ਉਰਲੀ ਪੰਜਾਬ ਪੁਲਸ ਨਾਲੋਂ ਘੱਟ ਖਰਵਾ ਸੀ। ਲੋਕ ਇਹਨਾਂ ਨਾਲ ਇੰਜ ਖੁੱਲ੍ਹੀਆਂ ਮਸ਼ਕਰੀਆਂ ਕਰਦੇ ਸਨ, ਜਿਹਦੀ ਹਿੰਮਤ ਹਿੰਦੁਸਤਾਨੀ ਪੰਜਾਬ ਵਿਚ ਕੋਈ ਨਹੀਂ ਕਰ ਸਕਦਾ। ਇਹਦੀ ਵਜ੍ਹਾ ਕੀ ਹੋ ਸਕਦੀ ਸੀ? ਖੌਰੇ ਚੰਗੀ ਸਿਹਤ ਉਹਨਾਂ ਦਾ ਮਿਜ਼ਾਜ ਵੀ ਚੰਗਾ ਰੱਖਦੀ ਏ। ਮੈਂ ਕੋਈ ਪੱਕੀ ਗੱਲ ਨਹੀਂ ਕਰ ਸਕਦਾ।

ਪਾਕਿਸਤਾਨ ਦੀਆਂ ਗੱਡੀਆਂ ਦੀ ਗੱਲ ਰਹੀ ਇਕ ਪਾਸੇ, ਇਹ ਸਾਰੀਆਂ ਬਾਹਰ ਦੀਆਂ ਬਣੀਆਂ ਹੋਈਆਂ ਨੇਂ ਕਿਉਂ ਜੋ ਇਥੇ ਗੱਡੀਆਂ ਦਾ ਕੋਈ ਮੁਕਾਮੀ ਬਰਾਂਡ ਨਹੀਂ। ਇਕ ਗੱਲ ਹੋਰ ਬੜੀ ਦਿਲਚਸਪ ਸੀ। ਨਿੱਕੀਆਂ ਗੱਡੀਆਂ 'ਚ ਪਾਕਿਸਤਾਨੀ ਪੰਜਾਬੀਆਂ ਦੀ ਪਸੰਦ ਮਾਰੂਤੀ 800 ਸੀ.ਸੀ. (ਜਿਹੜੀ ਉਥੇ ਸੂਜ਼ੂਕੀ ਮਹਿਰਾਨ ਦੇ ਨਾਂ ਨਾਲ ਵਿਕਦੀ ਏ) ਤੇ ਆਲਟੋ ਨੇਂ। ਹੌਂਡਾ ਸੈਂਟਰੋ ਵੀ ਬਥੇਰੀਆਂ ਨੇਂ। ਮੁੜ ਸ਼ੇਵਰਲੈਟ ਜੁਆਏ ਵੀ ਹੈ, ਜਿਹੜੀ ਡਾਇਵੋ ਦੇ ਦੀਵਾਲੀਆ ਹੋਣ ਤੇ ਜਨਰਲ ਮੋਟਰ ਨੂੰ ਵਿਕਣ ਤੋਂ ਪਹਿਲਾਂ ਹਿੰਦੁਸਤਾਨ ਵਿਚ ਡਾਇਵੋ ਮਾਇਜ਼ ਦੇ ਨਾਂ ਨਾਲ ਵਿਕਦੀ ਹੋਂਦੀ ਸੀ, ਪਤਾ ਨਹੀਂ ਜਨਰਲ ਮੋਟਰਜ਼ ਇਹ ਗੱਡੀ ਮੁੜ ਹਿੰਦੁਸਤਾਨ ਵਿਚ ਠੱਲ੍ਹਸੀ ਕਿ ਨਾ।

ਹਿੰਦੁਸਤਾਨੀ ਸੂਜ਼ੂਕੀ ਆਲ਼ੀਆਂ ਸਾਰੀਆਂ ਗੱਡੀਆਂ ਪਾਕਿਸਤਾਨ ਵਿਚ ਮਿਲਦੀਆਂ ਨੇਂ। ਪਰ ਉਹ ਹੋਰ ਨਾਂਵਾਂ ਤੋਂ ਵਿਕਦੀਆਂ ਨੇਂ। ਕੁਝ ਗੱਡੀਆਂ ਥੋੜ੍ਹੀਆਂ ਹੋਰ ਤਰ੍ਹਾਂ ਦੀਆਂ ਨੇਂ। ਮਿਸਾਲ ਦੇ ਤੌਰ ਤੇ ਮਾਰੂਤੀ ਜਿਪਸੀ ਨਾਲ ਮਿਲਦੀ ਗੱਡੀ ਪਾਕਿਸਤਾਨ ਵਿਚ ਸੂਜ਼ੂਕੀ ਪੋਠੋਹਾਰ ਦੇ ਨਾਂ ਨਾਲ ਵੇਚੀ ਜਾਂਦੀ ਏ, ਜਿਹਦੇ ਉੱਤੇ ਪਿਛਲੇ ਪਹੀਆਂ ਦਾ ਫ਼ਾਸਲਾ ਮਾਰੂਤੀ ਜਿਪਸੀ ਨਾਲੋਂ ਕਾਫ਼ੀ ਘੱਟ ਏ ਪਰ ਇਹ ਜ਼ਮੀਨ ਤੋਂ ਕਾਫ਼ੀ ਉੱਚੀ ਏ, (ਇਹ ਕੋਈ ਪੱਕੀ ਗੱਲ ਨਹੀਂ) ਜਿਹਦੀ ਵਜ੍ਹਾ ਤੋਂ ਚੋਖੀ ਸਤਰਾਨੀ ਲਗਦੀ ਏ ਤੇ ਸੜਕ ਤੋਂ ਬਿਨਾਂ ਚਲਣ ਲਈ ਚੋਖੀ ਮੁਨਾਸਬ ਏ। ਤੇ ਐਸਟੀਮ ਪਾਕਿਸਤਾਨ ਵਿਚ ਸੂਜ਼ੂਕੀ ਮਾਰਗਲਾ ਦੇ ਨਾਂ ਨਾਲ ਵਿਕਦੀ ਏ। ਕਲਟਸ ਨਾਂ ਨਾਲ ਇਸਟੇਟ ਕਾਰ ਯਾ ਸਟੇਸ਼ਨ ਵੈਗਨ ਦੀ ਸ਼ਕਲ ਵਿਚ ਵੀ ਮਿਲਦੀ ਏ। ਮੁਕਦੀ ਗੱਲ ਇਹ ਏ ਕਿ ਸੂਜ਼ੂਕੀ ਇਧਰ, ਹਿੰਦੁਸਤਾਨ ਹਾਰ ਬਹੁੰ ਵਿਕਦੀ ਏ।

ਪਾਕਿਸਤਾਨੀ ਤੇ ਹਿੰਦੁਸਤਾਨੀ ਕਾਰਾਂ ਦਾ ਹਿਕੋ ਜਿਹਾ ਹੋਣਾ ਇਥੇ ਈ ਨਹੀਂ ਮੁੱਕਦਾ। ਹੋਂਡਾ ਪਾਕਿਸਤਾਨ ਤੇ ਹਿੰਦੁਸਤਾਨ ਵਿਚ ਸਿਟੀ ਤੇ ਅਕਾਰਡ ਦੇ ਹਿਕੋ ਮਾਡਲ ਵੇਚਦਾ ਏ। ਟੋਯੋਟਾ ਵੀ ਕਰੋਲਾ ਦਾ ਉਹੀ ਮਾਡਲ ਵੇਚਦਾ ਏ ਪਰ ਡੀਜ਼ਲ

ਇੰਜਣ ਨਾਲ ਲਾ ਕੇ। ਮਹਿੰਗੀਆਂ ਕਾਰਾਂ ਵਿਚੋਂ ਕਈ ਮਰਸੀਡੀਜ਼ ਬੈਂਜ਼ ਦੇ ਮਾਡਲ ਵੀ ਦਿਸੇ।

ਮੇਰੇ ਖਿਆਲ ਵਿਚ ਪੋਰਸ਼ ਲਾਹੌਰ ਵਿਚ ਆਪਣੀ ਦੁਕਾਨ ਖੋਲ੍ਹਣ ਤੋਂ ਬਾਅਦ ਕਈ 911 ਕੋਚਸ ਵੇਚ ਚੁੱਕਿਆ ਏ ਪਰ ਮੈਂ ਇਹ ਸੜਕਾਂ ਤੇ ਚਲਦੇ ਨਹੀਂ ਡਿੱਠੇ। ਪਾਕਿਸਤਾਨੀਆਂ ਦੀਆਂ ਮੋਟਰਸਾਈਕਲਾਂ ਮੈਨੂੰ ਕੁਝ ਬਾਹਲ਼ੀਆਂ ਚੰਗੀਆਂ ਨਹੀਂ ਲੱਗੀਆਂ। ਪਰ ਇਹ ਇਸ ਵਾਸਤੇ ਵੀ ਹੋ ਸਕਦਾ ਏ ਕਿ ਮੈਨੂੰ ਨਿੱਕੀਆਂ ਫ਼ੋਰ ਸਟਰੋਕ ਘੱਟ ਤੇਲ ਬਾਲਣ ਆਲ਼ੀਆਂ ਸਵਾਰੀ ਦੀਆਂ ਮੋਟਰਸਾਈਕਲਾਂ ਦਾ ਕੋਈ ਐਡਾ ਸ਼ੌਕ ਨਹੀਂ। ਹੋਂਡਾ ਸੀ.ਡੀ. 70 ਤੇ ਸੀ.ਡੀ. 100 ਬੜੀਆਂ ਪਸੰਦ ਕੀਤੀਆਂ ਜਾਂਦੀਆਂ ਨੇਂ। ਯਾਮਾਹਾ ਤੇ ਸੂਜ਼ੂਕੀ ਦੀਆਂ ਮੋਟਰਸਾਈਕਲਾਂ ਵੀ ਚਲਦੀਆਂ ਨੇਂ। ਚੀਨ ਦੇ ਵੜਨ ਨਾਲ ਜਾਪਾਨੀ ਵਿਕਰੀ ਤੇ ਬੜਾ ਫ਼ਰਕ ਪਿਆ ਏ। ਕਿਉਂ ਜੇ ਉਹ ਮੁਲ ਵਿਚ ਚੀਨੀਆਂ ਨਾਲ ਨਹੀਂ ਰਲ਼ ਸਕਦੇ। ਚੀਨੀ ਮੋਟਰਸਾਈਕਲਾਂ ਚਿੰਗਚੀ ਤੇ ਪਾਕਿ ਹੀਰੋ ਵਰਗੇ ਨਾਂਵਾਂ ਨਾਲ ਵਿਕਦੀਆਂ ਨੇਂ। ਮੈਂ ਜਿਨ੍ਹਾਂ ਮੋਟਰਸਾਈਕਲ ਸਵਾਰਾਂ ਤੋਂ ਪੁੱਛਿਆ, ਉਹਨਾਂ ਦੱਸਿਆ ਕਿ ਚੀਨੀ ਕੁਆਲਟੀ ਵਿਚ ਜਾਪਾਨ ਤੋਂ ਬਹੁੰ ਪਿਛੇ ਨੇਂ ਪਰ ਮੁੱਲ ਹੱਥੋਂ ਵਿਕਰੀ ਤੇ ਚੋਖਾ ਫ਼ਰਕ ਪੈ ਜਾਂਦਾ ਏ।

ਮੈਨੂੰ ਪਾਵਰ ਬਾਈਕ ਕਲਾਸ ਵਾਲੀ ਕੋਈ ਮੋਟਰਸਾਈਕਲ ਨਜ਼ਰ ਨਹੀਂ ਆਈ, (12bhp ਜਾਂ ਓਸ ਤੋਂ ਵੱਡੀਆਂ ਮੋਟਰਸਾਈਕਲਾਂ ਭਾਵੇਂ ਦੂਜੀ ਦੁਨੀਆ ਦੇ ਹਿਸਾਬ ਵਿਚ ਇਹ ਵੀ ਕੋਈ ਵੱਡੀ ਗੱਲ ਨਹੀਂ), ਮੇਰੇ ਖਿਆਲ ਵਿਚ ਫ਼ੋਰ ਸਟਰੋਕ ਸਵਾਰੀ ਦੀਆਂ ਮੋਟਰਸਾਈਕਲਾਂ ਤੋਂ ਅੱਗੇ ਸਿਰਫ਼ ਸੁਪਰ ਮੋਟਰਸਾਈਕਲਾਂ ਨੇਂ ਜਿਹੜੀਆਂ ਪਾਕਿਸਤਾਨ ਵਿਚ ਸਿਰਫ਼ ਵੱਡੇ ਅਮੀਰਾਂ ਕੋਲ ਨੇਂ।

ਇਕ ਅਜਬ ਸ਼ੈ ਜਿਹਦਾ ਜ਼ਿਕਰ ਖ਼ਾਸ ਕਰ ਕਰਨਾ ਚਾਹੁੰਦਾਂ ਉਹ ਫੱਟ ਫੱਟ ਸੇਵਾ ਵਰਗੇ ਮੋਟਰਸਾਈਕਲ ਰਿਕਸ਼ੇ ਜਿਨ੍ਹਾਂ ਵਿਚ ਸੌ ਸੀ ਸੀ ਦਾ ਟੂ ਸਟਰੋਕ ਮੋਟਰਸਾਈਕਲ ਦਾ ਇੰਜਣ ਤੇ ਚੇਸਿਜ਼ ਦਾ ਵੀ ਕੁਝ ਹਿੱਸਾ ਵਰਤਿਆ ਜਾਂਦਾ ਏ। ਬਰੈਂਡ ਨੇਮ ਜਿਹੜੇ ਮੈਂ ਡਿੱਠੇ ਉਹ ਚਿੰਗਚੀ ਤੇ ਸੂਜ਼ੂਕੀ ਸਨ। ਇਧਰਲੇ ਪੰਜਾਬ ਦੇ ਜਿਤਨੇ ਹਿੱਸੇ ਮੈਂ ਫਿਰੇ, ਹਿੰਦੁਸਤਾਨ ਵਰਗੇ ਆਟੋ ਰਿਕਸ਼ੇ ਮੈਂ ਸਿਰਫ਼ ਲਾਹੌਰ ਈ ਵੇਖੇ। ਜਿਨ੍ਹਾਂ ਦੀ ਗਿਣਤੀ ਮੋਟਰਸਾਈਕਲ ਰਿਕਸ਼ਿਆਂ ਨਾਲੋਂ ਕਾਫ਼ੀ ਘੱਟ ਸੀ। ਪਰ ਮੈਨੂੰ ਸਿਰਫ਼ ਪਿਆਗਬੋ ਦੇ ਬੰਨ੍ਹੇ ਨਜ਼ਰ ਆਏ। ਸਾਈਕਲ ਰਿਕਸ਼ੇ ਭਾਵੇਂ ਮਸ਼ੀਨੀ ਸਵਾਰੀ ਵਿਚ ਨਹੀਂ ਆਉਂਦੇ ਪਰ ਇਹ ਗੱਲ ਜ਼ਰੂਰ ਕਰਾਂਗਾ ਕਿ ਮੈਂ ਇਹ ਇਧਰਲੇ ਪੰਜਾਬ ਵਿਚ ਨਹੀਂ ਡਿੱਠੇ।

ਹੁਣ ਗੱਡੀਆਂ ਦੇ ਸਭ ਤੋਂ ਵੱਡੇ ਨਮੂਨੇ ਦੀ ਗੱਲ ਕਰਨੇ ਆਂ, ਜਿਨ੍ਹਾਂ ਹਿੰਦੀ ਫਿਲਮ' ਗ਼ਦਰ' ਵੇਖੀ ਏ ਉਹਨਾਂ ਨੂੰ ਸਮਝ ਆ ਜਾਸੀ ਕਿ ਮੇਰਾ ਆਖਣ ਦਾ ਮਤਲਬ ਕੀ ਏ ਕਿ ਪਾਕਿਸਤਾਨੀ ਪੰਜਾਬੀ ਆਪਣੇ ਟਰੱਕ ਬੜੀ ਮਿਹਨਤ ਨਾਲ ਸ਼ਿੰਗਾਰਦੇ ਨੇਂ। ਟਰੱਕ ਪੁਰਾਣੇ ਜ਼ਮਾਨੇ ਦੇ ਬੈਡਫ਼ੋਰਡ ਤੇ ਡਾਜ ਦੀ ਥਾਂ ਹੁਣ ਨਿਸਾਨ, ਮਿਤਸੋਬਿਸ਼ੀ, ਮਾਜ਼ਦਾ ਤੇ ਹੀਨੋ ਦੇ ਹੁੰਦੇ ਨੇਂ ਪਰ ਸੋਹਣੇ ਉਤਨੇ ਈ ਨੇਂ। ਕੁਝ ਪ੍ਰਾਈਵੇਟ ਬੱਸਾਂ ਵੀ ਇਸੇ ਤਰ੍ਹਾਂ ਸ਼ਿੰਗਾਰੀਆਂ ਜਾਂਦੀਆਂ ਨੇਂ।

ਜਿਸ ਵੇਲੇ ਮੈਂ ਵੈਸਟ ਪੰਜਾਬ ਦੀਆਂ ਗੱਲਾਂ ਸੁਣਾਈਆਂ ਤੇ ਆਪਣੇ ਸ਼ਰਮਾ ਜੀ ਆਖਣ ਲਗੇ, ਕਾਰਾਂ ਮੋਟਰਸਾਈਕਲਾਂ ਤੇ ਬੰਦੂਕਾਂ ਛੱਡ ਤੇ ਕੁਝ ਕੁੜੀਆਂ ਅਲ ਵੇਖ ਤੇ ਹੋ ਸਕੇ ਤੇਰੇ ਵਿਆਹ ਵਾਸਤੇ ਕੋਈ ਲੱਭ। ਅਸਲ ਵਿਚ ਕਾਫ਼ੀ ਅਰਸਾ ਪਹਿਲੋਂ ਮੈਂ ਸਈ ਕਰ ਲਿਆ ਸੀ ਕਿ ਕੁੜੀਆਂ ਮੈਨੂੰ ਕੁਝ ਚੋਖਾ ਪਸੰਦ ਨਹੀਂ ਕਰਦੀਆਂ ਤੇ ਉਹਦੇ ਬਾਅਦ ਹਯਾਤੀ ਕਾਫ਼ੀ ਸੌਖੀ ਹੋ ਗਈ ਏ।

ਹਿਕ ਗੱਲ ਹੋਰ ਕਰਨ ਵਾਲੀ ਏ। ਪਾਕਿਸਤਾਨੀ ਪੰਜਾਬੀ ਕੁੜੀਆਂ ਸਲਵਾਰ ਕਮੀਜ਼ ਪਾਉਂਦੀਆਂ ਨੇਂ ਤੇ ਮੋਢਿਆਂ 'ਤੇ ਸੁਹਣੇ ਰੰਗ ਦਾ ਉਤਲਾ ਲੈਂਦੀਆਂ ਨੇਂ ਜਿਹੜਾ ਅਕਸਰ ਸਿਰ ਕੱਜਣ ਲਈ ਵੀ ਵਰਤਦੀਆਂ ਨੇਂ। ਮੈਂ ਆਖਾਂਗਾ ਕੱਪੜੇ ਪਾਉਣ ਦਾ ਇਹ ਤਰੀਕਾ ਇੱਜ਼ਤ ਵਾਲਾ ਏ। ਮੇਰਾ ਤੇ ਇਹ ਖਿਆਲ ਏ ਕਿ ਆਜ਼ਾਦੀ ਤੇ ਤਰੱਕੀ ਦਾ ਮਤਲਬ ਇਹ ਏ ਜੇ ਕੁੜੀਆਂ ਜਿਤਨੀ ਹੋ ਸਕੇ ਚੰਗੀ

ਪੜ੍ਹਾਈ ਕਰਨ ਤੇ ਇੱਜ਼ਤ ਆਲੇ ਪੇਸ਼ਿਆਂ ਵਿਚ ਜਾਣ। ਲਹਿੰਦੇ ਪੰਜਾਬ ਦੀਆਂ ਸਵਾਣੀਆਂ ਡਾਕਟਰ, ਵਕੀਲ ਤੇ ਉਸਤਾਦ , ਪੁਲਸ ਆਲ਼ੀਆਂ ਤੇ ਹੋਰ ਕੀ ਕੁਝ ਬਣ ਕੇ ਇਹੋ ਕੁਝ ਕਰ ਰਹੀਆਂ ਨੇਂ ਪਰ ਕੱਪੜੇ ਸ਼ਰਮਾਂ ਆਲ਼ੇ ਪਾ ਕੇ।

ਮੇਰੇ ਖਿਆਲ ਵਿਚ ਔਰਤਾਂ ਦਾ ਨੰਗ ਵਿਖਾਉਣਾ ਸਿਰਫ਼ ਇਕ ਪੇਸ਼ੇ ਵਿਚ ਜ਼ਰੂਰੀ ਏ। ਸਭ ਤੋਂ ਪੁਰਾਣਾ ਪੇਸ਼ਾ ਤੇ ਇਹ ਮਕਸਦ ਜਣਿਆਂ ਨੂੰ ਮਗਰ ਲਾਉਣ ਤੋਂ ਇਲਾਵਾ ਕੁਝ ਨਹੀਂ ਹੋ ਸਕਦਾ। ਮ਼ਗਰਬੀ ਪੰਜਾਬ ਦੇ ਜਣੇ ਵੀ ਸ਼ਰਮਾਂ ਆਲ਼ੇ ਕਪੜੇ ਪਾਉਣ ਵਿਚ ਸਵਾਣੀਆਂ ਤੋਂ ਘੱਟ ਨਹੀਂ। ਚੋਖੇ ਰਵਾਇਤੀ ਸਲਵਾਰ ਸੂਟ ਪਾਉਂਦੇ ਨੇਂ ਤੇ ਚੰਗੇ ਲਗਦੇ ਨੇਂ। ਸਲਵਾਰ ਕਮੀਜ਼ ਤੋਂ ਇਲਾਵਾ ਕੱਪੜੇ ਆਮ ਤੌਰ ਤੇ ਸਕਿਓਰਿਟੀ ਜਾਂ ਫੌਜ ਪੋਲਿਸ ਦੇ ਬੰਦੇ ਡਿਓਟੀ ਉੱਤੇ ਪਾਂਓਦੇ ਨੇ । ਮੁੰਡੇ ਖੁੰਡੇ ਜੀਨ ਤੇ ਸ਼ਰਟ ਜਾਂ ਟੀ ਸ਼ਰਟ ਪਾਉਂਦੇ ਨੇਂ। ਪਰ ਮੈਂ ਬ਼ਗ਼ੈਰ ਬਾਹਵਾਂ ਤੋਂ ਜਾਂ ਜੁੱਸੇ ਨਾਲ ਚਿਮੜੀਆਂ ਤੰਗ ਸ਼ਰਟਾਂ ਆਲ਼ੇ ਮੁੰਡੇ ਨਹੀਂ ਵੇਖੇ। ਇਥੇ ਜਿਹੜਾ ਲਫ਼ਜ਼ ਜ਼ਿਹਨ ਵਿਚ ਆਉਂਦਾ ਏ ਉਹ ਏ ਤਹਿਜ਼ੀਬ, ਜਿਹਦਾ ਅੰਗਰੇਜ਼ੀ ਤਰਜਮਾ ਮੈਨੂੰ ਸਮਝ ਨਹੀਂ ਆ ਰਿਹਾ।

ਪੰਜਾਬ ਦੇ ਪਿੰਡ ਵੱਸੋਂ ਫੇਰੀ ਸਮੇਂ ਬੜੇ ਨਜ਼ਾਰੇ ਦਿੱਸੇ। ਵਾਢੀ ਕਾਣ ਤਿਆਰ ਕਣਕ ਨਾਲ ਡੁੱਲ੍ਹ ਡੁੱਲ੍ਹ ਪੈਂਦੇ ਖੇਤ ਸਨ। ਵਿਸਾਖੀ ਆਉਣ ਵਾਲੀ ਸੀ ਜਿਹੜੀ ਚੜ੍ਹਦੇ ਪੰਜਾਬ ਵਿਚ ਵਾਢੀ ਦਾ ਮੇਲਾ ਹੋਂਦਾ ਏ। ਉਹ ਸ਼ਾਇਦ ਇਹਨੂੰ ਕੁਝ ਹੋਰ ਆਖਦੇ ਹੋਣ ਪਰ ਕਣਕ ਦਾ ਕੀ ਪਤਾ ਉਹ ਤੇ ਬਾਰਡਰ ਦੇ ਦੋਹਾਂ ਪਾਸੇ ਇੱਕੋ ਵੇਲੇ ਤਿਆਰ ਹੋ ਜਾਂਦੀ ਏ। ਮੈਸੀ ਫ਼ਰਗੋਸਨ ਤੇ ਫ਼ੋਰਡ ਟਰੈਕਟਰ ਤੇ ਜਾਨ ਡਿਅਰ ਵਾਢੀ ਮਸ਼ੀਨਾਂ ਵੀ ਦਿਸੀਆਂ। ਫ਼ੀਅਟ ਟਰੈਕਟਰ ਇਕ ਨਵੀਂ ਗੱਲ ਸੀ। ਉਸ ਵੇਲੇ ਤਕ ਮੈਨੂੰ ਨਹੀਂ ਪਤਾ ਕਿ ਫ਼ੀਅਟ ਟਰੈਕਟਰ ਵੀ ਬਣਾਉਂਦਾ ਏ।

ਰੋਡ ਸਾਇਨ ਤੇ ਇਸ਼ਤਿਹਾਰ ਵੀ ਹਿੰਦੁਸਤਾਨੀ ਪੰਜਾਬ ਆਲੇ ਹੋਣੇ ਨੇਂ ਪਰ ਉਹ ਸ਼ਾਹਮੁਖੀ ਰਸਮੁਲਖ਼ਤ ਵਿਚ (ਜਿਹੜਾ ਉਰਦੂ ਆਲੇ ਹਰਫ਼ ਵਰਤਦਾ ਏ) ਲਿਖੇ ਹੋਏ ਸਨ। ਤੇ ਮੁੜ ਪੰਜਾਬ ਦੇ ਉਹ ਨਜ਼ਾਰੇ ਤੇ ਆਵਾਜ਼ਾਂ ਸਨ ਜਿਨ੍ਹਾਂ ਬਾਰੇ ਮੈਂ ਸਿਰਫ਼ ਕਿਤਾਬਾਂ ਵਿਚ ਪੜ੍ਹਿਆ ਸੀ। ਜਾਂ ਵੱਡਿਆਂ ਕੋਲੋਂ ਸੁਣਿਆਂ ਸੀ। ਇਕ ਪਿੰਡ ਵਿਚ ਜਾਤਕ ਸਕੂਲੇ ਰੁੱਖ ਹੇਠਾਂ ਕਲਾਸ ਲਾਈ ਬੈਠੇ ਸਨ ਤੇ ਠੰਡੀ ਵਾ ਮਾਣ ਰਹੇ ਸਨ ਜਿਹੜੀ ਪਿੰਡ ਦੇ ਛੱਪੜ ਚੋਂ ਲੰਘ ਕੇ ਹੋਰ ਠੰਡੀ ਹੋ ਗਈ ਸੀ।

ਇਹ ਨਜ਼ਾਰਾ ਤੁਸੀਂ ਚੜ੍ਹਦੇ ਪੰਜਾਬ ਵਿਚ ਵੀ ਵੇਖ ਸਕਦੇ ਹੋ ਪਰ ਫੱਟੀ ਤੇ ਕਾਨੇ ਦੀ ਕਲਮ ਤੋਂ ਬ਼ਗ਼ੈਰ, ਜਿਹੜੇ ਸਾਰੇ ਬਾਲ ਵਰਤਦੇ ਪਏ ਸਨ। ਮੇਰੇ ਮਾਪੇ ਮੈਨੂੰ ਦੱਸਦੇ ਸਨ ਕਿ ਚੜ੍ਹਦੇ ਪੰਜਾਬ ਦੇ ਪੇਂਡੂ ਸਕੂਲਾਂ ਵਿਚ ਕਾਪੀਆਂ ਪੈਂਸਲਾਂ ਅਪੜਣ ਤੋਂ ਪਹਿਲਾਂ ਉਹ ਵੀ ਇਹੋ ਈ ਕਾਨੇ ਵਾਲੀਆਂ ਕਲਮਾਂ ਵਰਤਦੇ ਹੁੰਦੇ ਸਨ।

ਲਹਿੰਦੇ ਪੰਜਾਬ ਵਿਚ ਮੇਲੇ ਵੀ ਹੁੰਦੇ ਨੇਂ ਪਰ ਇਹਨਾਂ ਨੇ ਮੇਲਿਆਂ ਨੂੰ ਉਸੇ ਪੁਰਾਣੀ ਸ਼ਕਲ ਵਿਚ ਈ ਕਾਇਮ ਰਖਿਆ ਏ। ਮੈਂ ਇਕ ਮੇਲਾ ਵੇਖਿਆ ਤੇ ਇੰਜ ਲੱਗਾ ਜਿਉਂ ਕਿਸੇ ਹੋਰ ਜ਼ਮਾਨੇ ਵਿਚ ਆ ਗਿਆ ਹੋਵਾਂ, ਬੜਾ ਈ ਸੁਹਣਾ ਲੱਗਾ। ਹਿਕ ਹੋਰ ਚੀਜ਼ ਜਿਹੜੀ ਲਹਿੰਦੇ ਦੇ ਪਿੰਡਾਂ ਵਿਚ ਸਗਵੀਂ ਉਂਜ ਈ ਏ ਉਹ ਕਤਲ ਤੇ ਵੈਰ ਨੇਂ ਜਿਹੜੇ ਦੂਜੀ ਦੁਨੀਆ ਲਈ ਤੇ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਸ਼ੁਰੂ ਹੁੰਦੇ ਨੇਂ ਪਰ ਪੰਜਾਬੀ ਅਣਖ ਵੇਖਦਿਆਂ ਉਹ ਗੱਲਾਂ ਸਖ਼ਤ ਬੇਇਜ਼ਤੀ ਸਮਝੀਆਂ ਜਾ ਸਕਦੀਆਂ ਨੇ। ਮੇਰੇ ਖਿਆਲ 'ਚ ਵੈਰ ਕਾਫ਼ੀ ਘਟੇ ਨੇਂ ਪਰ ਅਜੇ ਵੀ ਚੜ੍ਹਦੇ ਪੰਜਾਬ ਨਾਲੋਂ ਬਹੂੰ ਚੋਖੇ ਨੇਂ। ਮੇਰੇ ਵੱਡਕਿਆਂ ਮੂਜਬ ਜੋ ਹਾਲਤ ਚੜ੍ਹਦੇ ਪੰਜਾਬ ਵਿਚ 1970 ਤੀਕ ਤੇ ਲਹਿੰਦੇ ਪੰਜਾਬ ਵਿਚ ਹੁਣ ਤੀਕ ਹੈ। ਇਹ ਗੱਲ ਅੰਮ੍ਰਿਤ ਸਾਹਿਬ ਹੋਰਾਂ ਆਪਣੇ ਗਾਣੇ "ਕਬਜ਼ਾ" ਵਿਚ ਬੜੀ ਸਹੀ ਬਿਆਨ ਕੀਤੀ ਏ।

ਮੁਆਸ਼ੀ ਤਰੱਕੀ ਚੜ੍ਹਦੇ ਪੰਜਾਬ ਦੇ ਪਿੰਡਾਂ ਨਾਲੋਂ ਬਹੂੰ ਘੱਟ ਏ ਪਰ ਹਿੰਦੁਸਤਾਨ ਦੇ ਦੂਜੇ ਇਲਾਕਿਆਂ ਵਿਚੋਂ ਬਹੁਤਿਆਂ ਨਾਲੋਂ ਬਹੂੰ ਵੱਧ ਏ।

ਬਾਲਣ ਆਲੀ ਗੈਸ ਪਾਈਪਾਂ ਦੇ ਜ਼ਰੀਏ ਲੱਗੀ

ਹੋਈ ਏ ਜਿਨ੍ਹਾਂ ਤੇ ਮੀਟਰ ਲੱਗੇ ਹੋਏ ਨੇਂ ਤੇ ਮਹੀਨੇ ਪਿੱਛੋਂ ਬਿਲ ਆਉਂਦਾ ਏ। ਚਾਰ ਲੈਨਾਂ ਦੀ ਜੀ ਟੀ ਰੋਡ ਪਿਸ਼ੌਰ ਤੀਕ ਜਾਂਦੀ ਏ, ਜਿਹਦੇ ਦੋਹਾਂ ਪਾਸੇ ਲਹਿੰਦੇ ਪੰਜਾਬ ਵਿਚ ਹੋਵਣ ਵਾਲੀ ਬਿਹਤਰੀਨ ਕਪਾਹ ਤੋਂ ਧਾਗਾ ਤੇ ਕੱਪੜੇ ਬਣਾਉਣ ਦੇ ਕਾਰਖ਼ਾਨੇ ਲੱਗੇ ਹੋਏ ਨੇਂ। ਮੈਂ ਕੁਝ ਤੇਲ ਦੀਆਂ ਫ਼ੈਕਟਰੀਆਂ ਵੀ ਵੇਖੀਆਂ। ਇਧਰ ਵਸਦੇ ਲੋਕ ਮੈਨੂੰ ਆਪਣੇ ਲਗਦੇ ਲਾਣਿਆਂ ਹਾਰ ਈ ਲੱਗੇ। ਉਹੀਓ ਮਿੱਠੇ ਸੁਭਾ ਦੇ ਹਾਸੇ ਉਹੋ ਈ ਝੱਗੇ ਤੇ ਚਾਦਰਾਂ ਪਾਈਆਂ ਹੋਈਆਂ, ਸਿਰੇ ਤੇ ਪਰਨਾ ਧਰਿਆ ਹੋਇਆ, ਸਗਵੇਂ ਮਿਠੜੇ ਤੇ ਖਿੜਦੇ ਜਾਤਕ ਮੇਰੇ ਨਾਲ ਹੱਥ ਮਿਲਾਉਣ ਦੇ ਸ਼ੌਂਕੀ ਜਾਂ ਮੇਰੇ ਆਪਣੇ ਪਿੰਡ ਦੇ ਬਾਲਾਂ ਹਾਰ ਸ਼ੈਅ ਮੰਗਦੇ ਹੋਏ।

ਮੈਂ ਜਿਨ੍ਹਾਂ ਜਿਨ੍ਹਾਂ ਨੂੰ ਮਿਲਿਆ ਉਹਨਾਂ ਲਈ ਮੈਂ ਜਾਂ ਤੇ ਪੁੱਤਰ ਸਾਂ, ਜਾਂ ਭਾਈ ਤੇ ਜਾਂ ਫ਼ੇਰ ਚਾਚੂ। ਮੈਂ ਸੋਚਿਆ ਇਹ ਪਰਦੇਸ ਤੇ ਨਹੀਂ ਲਗਦਾ। ਜਦ ਕਿ ਚੜ੍ਹਦੇ ਪੰਜਾਬੋਂ ਬਾਹਰ ਹਿੰਦੁਸਤਾਨ ਵਿਚ ਮੈਨੂੰ ਬਾਹਲ਼ਾ ਓਪਰਾ ਪਨ ਮਹਿਸੂਸ ਹੋਂਦਾ ਏ ਤੇ ਆਪਣਾ ਆਪ ਪਰਦੇਸੀ ਜਿਹਾ ਲਗਦਾ ਏ। ਭਾਵੇਂ ਹਿੰਦੁਸਤਾਨ ਮੇਰਾ ਮੁਲਕ ਈ ਸਮਝਿਆ ਜਾਂਦਾ ਏ।

ਇਹ ਵਜ੍ਹਾ ਐਡੀ ਕੋਈ ਡੂੰਘੀ ਵੀ ਨਹੀਂ। ਮੇਰਾ ਨਾਂ ਈ ਵੇਖ ਲਓ, ਸਿੱਧੂ। ਤੁਹਾਨੂੰ ਕੋਈ ਆਬਦ ਹੁਸੈਨ ਸਿੱਧੂ ਮਿਲ ਸਕਦਾ ਏ ਜਾਂ ਕਿਸੇ ਹੋਰ ਮੁਸਲਮਾਨ ਨਾਂ ਵਾਲਾ ਸਿੱਧੂ। ਵਜ੍ਹਾ ਇਹ ਵੇ ਕਿ ਇਧਰਲੇ ਜੱਟ, ਓਧਰਲੇ ਸਿੱਖ ਜੱਟਾਂ ਦੇ ਲਗਦੇ ਲਾਣੇ ਈ ਨੇਂ। ਸਾਡਾ ਪਿਓ ਦਾਦਾ ਇਕੋ ਈ ਸੀ। ਸਾਡੇ ਕੁਝ ਵੱਡਕੇ ਵਿਚਕਾਰਲੇ ਜ਼ਮਾਨੇ ਮੁਸਲਮਾਨ ਹੋ ਗਏ ਤੇ ਦੂਜੇ ਸਿੱਖ ਹੋ ਗਏ ਤੇ ਬਾਕੀ ਹਿੰਦੂ ਈ ਰਹੇ। ਜਿਨ੍ਹਾਂ ਦੀ ਔਲਾਦ ਹੁਣ ਹਰਿਆਣੇ ਰਹਿੰਦੀ ਏ ਛੜੇ ਜੱਟ ਈ ਨਹੀਂ ਪੰਜਾਬ ਦੀਆਂ ਹੋਰ ਵੀ ਜ਼ਾਤਾਂ ਦੇ ਲੋਕ ਜਿਹੜੇ ਨਾਂ ਨਾਲ ਜ਼ਾਤ ਲਿਖਦੇ ਨੇਂ ਤੁਹਾਨੂੰ ਦੋਹਾਂ ਪਾਸੇ ਮਿਲ ਜਾਂਦੇ ਨੇਂ। ਮੈਂ ਕਈ ਲੋਕਾਂ ਨੂੰ ਮਿਲਿਆਂ ਜਿਨ੍ਹਾਂ ਦੇ ਲਗਦੇ ਸਿੱਧੂ ਹਨ ਪਰ ਮੈਂ ਲਹਿੰਦੇ ਪੰਜਾਬ ਦੇ ਕਿਸੇ ਸਿੱਧੂ ਨੂੰ ਨਹੀਂ ਮਿਲ ਸਕਿਆ। ਇਨਸ਼ਾ ਅੱਲਾ ਅਗਲੀ ਵਾਰੀ ਮਿਲਸਾਂ। ਰੱਬ ਸਾਰਿਆਂ ਪੰਜਾਬੀਆਂ ਨੂੰ ਉਹ ਜਿੱਥੇ ਵੀ ਵਸਦੇ ਹੋਵਣ ਸੁਖੀ ਵਸਦਾ ਰਖੇ।

ਅਸੀਂ ਹਸਨ ਅਬਦਾਲ ਗੁਰਦੁਆਰਾ ਪੰਜਾ ਸਾਹਿਬ ਗਏ। ਆਖਿਆ ਜਾਂਦਾ ਏ ਕਿ ਠੀਕ ਗੁਰਦੁਆਰੇ ਵਾਲੀ ਥਾਂ 'ਤੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਨੇ ਆਪਣੇ ਪੰਜੇ ਨਾਲ ਇਕ ਬਹੂੰ ਵੱਡਾ ਪੱਥਰ ਡੱਕ ਦਿੱਤਾ ਸੀ ਜਿਹੜਾ ਵਲੀ ਕੰਧਾਰੀ ਨਾਂ ਦੇ ਇਕ ਅੱਲਾ ਲੋਕ ਪਹਾੜ ਉੱਤੋਂ ਥੱਲੇ ਧੱਕਿਆ ਸੀ। ਆਂਹਦੇ ਨੇਂ ਉਹਨੂੰ ਐਸ ਗੱਲ ਦੀ ਕੌੜ ਸੀ ਕਿ ਗੁਰੂ ਹੋਰਾਂ ਆਪਣੇ ਚੇਲਿਆਂ ਨੂੰ ਪਾਣੀ ਲਈ ਟੋਇਆ ਪੱਟਣੇ ਦਾ ਹੁਕਮ ਦਿੱਤਾ ਸੀ ਕਿਉਂ ਜੇ ਪਹਾੜ ਉੱਤੇ ਆਲੇ ਆਪਣੇ ਤਲਾਅ ਵਿਚੋਂ ਪਾਣੀ ਨਹੀਂ ਸੀ ਦਿੱਤਾ। ਟੋਇਆ ਮਾਰਨੇ ਨਾਲ ਇਕ ਚਸ਼ਮਾ ਨਿਕਲ ਆਇਆ ਤੇ ਵਲੀ ਕੰਧਾਰੀ ਦਾ ਤਲਾਅ ਵੇਹਲਾ ਹੋ ਗਿਆ। ਇਸੇ ਵਾਸਤੇ ਉਹ ਐਡਾ ਔਖਾ ਹੋਇਆ।

ਇਕ ਦਿਨ ਮੈਂ ਤੇ ਮੇਰਾ ਭਰਾ ਨਿਮਾਸ਼ੀਂ ਹਸਨ ਅਬਦਾਲ ਦੇ ਵੱਡੇ ਬਜ਼ਾਰੇ ਦੀਆਂ ਸੌੜੀਆਂ ਗਲੀਆਂ 'ਚ ਬੇਬੇ ਪਿੱਛੇ ਟੁਰੇ ਜਾਂਦੇ ਸਾਂ। ਨਵਿਆਂ ਸੱਜਣਾਂ ਵਾਸਤੇ ਦਸ ਦੇਵਾਂ ਕਿ ਬੇਬੇ ਹੋਰਾਂ ਦਾ ਸੈਰ ਦਾ ਤਰੀਕਾ ਇਹ ਵੇ ਕਿ ਹਰ ਨਵੀਂ ਥਾਂ ਜਾ ਕੇ ਮਾਰਕੀਟਾਂ ਤੇ ਬਜ਼ਾਰ ਫਿਰ ਕੇ ਘੱਟ ਵੇਲੇ ਵਿਚ ਚੋਖੀਆਂ ਸ਼ੈਵਾਂ ਖ਼ਰੀਦ ਲੈਂਦੇ ਨੇਂ, ਜਿਹੜੀ ਮੈਂ ਤੇ ਮੇਰੇ ਭਰਾ ਢੋਣੀ ਹੋਂਦੀ ਏ। ਤੇ ਅੱਬੇ ਹੋਰਾਂ ਮੁਲ ਭਰਨਾ ਹੋਂਦਾ ਏ। ਪਰ ਉਸ ਸ਼ਾਮੀਂ ਅਸੀਂ ਇਕ ਅਜੇਹੀ ਸ਼ੈਅ ਡਿੱਠੀ ਜਿਹੜੀ ਅਸੀਂ ਆਪਣੇ ਲਈ ਖ਼ਰੀਦ ਸਕਦੇ ਸਾਂ। ਇਹ ਕਾਲੀ ਪਠਾਣਾਂ ਆਲੀ ਖੇੜੀ (ਪਿਸ਼ੌਰੀ ਚੱਪਲ) ਸੀ ਤੇ ਅਸੀਂ ਬੇਬੇ ਹੋਰਾਂ ਨੂੰ ਹੱਟੀ ਅੰਦਰ ਜਾਣ ਦਾ ਆਖਿਆ। ਅਸੀਂ ਜਿਸ ਵੇਲੇ ਆਪਣੀ ਆਪਣੀ ਜੁੱਤੀ ਪਸੰਦ ਕਰ ਲਈ ਤੇ ਮੁਲ ਕਰਨ ਦਾ ਔਖਾ ਕੰਮ ਸ਼ੁਰੂ ਹੋਇਆ। ਸਬਜ਼ੀ ਲੈਣ ਤੋਂ ਇਲਾਵਾ ਹੋਰ ਸ਼ੈਵਾਂ ਖ਼ਰੀਦਣ ਵੇਲੇ ਵੀ ਅਸੀਂ ਅੱਗੇ ਵੀ ਬੇਬੇ ਹੋਰਾਂ ਦੀ ਮੁਲ ਕਰਨ ਦੀ ਆਦਤ ਵੇਖੀ ਹੋਈ ਏ। ਭਾਅ ਮੁਕਾਉਣਾ ਇਕ ਨਵੀਂ ਈ ਸ਼ੈਅ ਸੀ। ਹੱਟੀ ਆਲਾ ਪੀਢੀ ਪੰਜਾਬੀ ਵਿਚ ਐਡਾ

ਮਿੱਠਾ ਬੋਲਦਾ ਪਿਆ ਸੀ ਕਿ ਝੱਟ ਕੁ ਪਿੱਛੋਂ ਮੈਂ ਵੀ ਹੱਟੀ ਆਲੇ ਵੱਲੋਂ ਬਹਿਸ ਵਿਚ ਰਲ਼ ਗਿਆ।

ਇਹ ਵਾਕਿਆ ਤੇ ਲਾਹੌਰ ਦਾ ਇਕ ਹੋਰ ਕਿੱਸਾ ਸਾਡੇ ਸਫ਼ਰ ਦੀਆਂ ਮਿੱਠੀਆਂ ਯਾਦਾਂ ਵਿਚੋਂ ਨੇਂ। ਲਾਹੌਰ ਵਿਚ ਅਸੀਂ ਲੱਸੀ ਦੇ ਤਰੈ ਵੱਡੇ ਗਲਾਸ ਪੀਤੇ ਤਾਂ ਹੱਟੀ ਆਲੇ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਸੁਆਦੀ ਲੱਸੀ ਮੈਂ ਸਿਰਫ਼ ਆਪਣੀ ਤਾਈ ਦੇ ਘਰ ਪੀਂਦਾ ਹੋਂਦਾ ਸਾਂ। ਉੱਕਾ ਇੰਝ ਵੀ ਨਹੀਂ ਪਾਕਿਸਤਾਨ ਵਿਚ ਰਕਸ਼ੇ ਬੱਸਾਂ ਆਲ਼ਿਆਂ ਤੋਂ ਲੈ ਕੇ ਬੋਤਲਾਂ ਜੂਸ ਵਾਲਿਆਂ ਤੱਕ ਕਈਆਂ ਸਾਥੋਂ ਵੱਧ ਪੈਸੇ ਵੀ ਲਏ। ਪਰ ਵੱਧ ਪੈਸੇ ਤਾਂ ਹਿੰਦੁਸਤਾਨ ਵਿਚ ਵੀ ਲੋਕਾਂ ਸਾਥੋਂ ਵੱਟੇ। ਜਦੋਂ ਕਿਸੇ ਸ਼ਹਿਰ ਜਾਂ ਕਸਬੇ ਵਿਚ ਅਸੀਂ ਪਹਿਲੀ ਵਾਰੀ ਗਏ।

ਸਰਦਾਰ ਦਿਆਲ ਸਿੰਘ ਮਜੀਠਾ ਉਹ ਬੰਦਾ ਸੀ ਜਿਸ ਇਕ ਸੌ ਪੰਝੀ ਵਰ੍ਹੇ ਪਹਿਲਾਂ "ਟ੍ਰਿਬਿਊਨ" ਅਖ਼ਬਾਰ ਸ਼ੁਰੂ ਕੀਤਾ ਸੀ। ਉਹਦੇ ਨਾਂ ਤੇ ਦਿਆਲ ਸਿੰਘ ਰਿਸਰਚ ਤੇ ਕਲਚਰਲ ਫ਼ੋਰਮ ਤੇ ਦਿਆਲ ਸਿੰਘ ਟਰੱਸਟ ਲਾਇਬਰੇਰੀ ਲਾਹੌਰ ਨਿਸਬਤ ਰੋਡ ਉੱਤੇ ਹੈ। ਅਸੀਂ ਫ਼ੋਰਮ ਦੇ ਸਿੱਖ ਯਾਤਰੀਆਂ ਲਈ ਛਾਪੀ ਪੱਕੀ ਤੇ ਸੁਹਣੀ ਗਾਈਡ ਬੁਕ ਲਾਹੌਰ ਗੁਰਦੁਆਰਾ ਡੇਰਾ ਸਾਹਿਬ ਤੇ ਵੇਖੀ। ਇਸ ਗਾਈਡ ਬੁਕ ਵਿਚ ਪਾਕਿਸਤਾਨ ਦੇ ਸਿੱਖ ਗੁਰਦੁਆਰਿਆਂ ਦੀ ਤਫ਼ਸੀਲ ਤੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਵਾਲ ਦੇ ਨਾਲ ਪਹਿਲੀ ਵਾਰੀ ਪਾਕਿਸਤਾਨ ਆਉਣ ਵਾਲਿਆਂ ਵਾਸਤੇ ਮੁਢਲੀ ਜਾਣਕਾਰੀ ਮੌਜੂਦ ਹੈ।

ਫ਼ੋਰਮ ਬਾਰੇ ਇਕ ਹੋਰ ਦਿਲਚਸਪ ਗੱਲ ਜਿਹਦਾ ਮੈਂ ਜ਼ਿਕਰ ਕਰਾਂਗਾ ਉਹ ਇਹ ਵੇ ਕਿ ਇਹਦਾ ਡਾਇਰੈਕਟਰ ਡਾ. ਜ਼ਫ਼ਰ ਚੀਮਾ ਇਕ ਜੱਟ ਏ। ਗਾਈਡ ਬੁਕ ਵਿਚ ਇਕ ਹੋਰ ਮੁਸਲਮਾਨ ਜੱਟ ਦਾ ਵੀ ਜ਼ਿਕਰ ਹੈ। ਉਹ ਹੈ ਚੌਧਰੀ ਸ਼ਾਹਿਦ ਅਕਰਮ ਭਿੰਡਰ ਜਿਹੜਾ ਪਾਕਿਸਤਾਨ ਦੀ ਕੌਮੀ ਅਸੰਬਲੀ ਦਾ ਮੈਂਬਰ ਏ। ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਾਬਤਾ ਮੈਂਬਰ ਵੀ ਹੈ। ਮੈਂ ਗਾਈਡ ਬੁਕ ਵਿਚ ਦਿੱਤੇ ਕਾਫ਼ੀ ਗੁਰਦੁਆਰੇ ਵੇਖੇ। ।ਪਰ ਮੇਰੇ ਦਿਲ 'ਤੇ ਸਭ ਤੋਂ ਜ਼ਿਆਦਾ ਅਸਰ ਕਰਤਾਰਪੁਰ ਦੇ ਗੁਰਦੁਆਰੇ ਦੀ ਯਾਤਰਾ ਨੇ ਕੀਤਾ। ਇਹ ਹਿੰਦੁਸਤਾਨ-ਪਾਕਿਸਤਾਨ ਬਾਰਡਰ ਦੇ ਬਹੁੰ ਨੇੜੇ ਏ ਤੇ ਇਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਆਖ਼ਰੀ ਅਠਾਰਾਂ ਸਾਲ ਗੁਜ਼ਾਰੇ।

ਜਦੋਂ ਗੁਰੂ ਜੀ ਇਸ ਦੁਨੀਆ ਤੋਂ ਵਿਦਾ ਹੋਏ ਤਾਂ ਉਹਨਾਂ ਦੇ ਮੁਰੀਦਾਂ ਵਿਚ ਬਹਿਸ ਸ਼ੁਰੂ ਹੋ ਗਈ ਕਿ ਉਹਨਾਂ ਦੀਆਂ ਆਖ਼ਰੀ ਰਸਮਾਂ ਕੀ ਹੋਣੀਆਂ ਚਾਹੀਦੀਆਂ ਨੇਂ। ਹਿੰਦੂ ਉਹਨਾਂ ਦਾ ਜੁੱਸਾ ਸਾੜਨਾ ਚਾਹੁੰਦੇ ਸਨ, ਤੇ ਮੁਸਲਮਾਨ ਦਫ਼ਨ ਕਰਨ ਦੇ ਹੱਕ ਵਿਚ ਸਨ। ਆਖਿਆ ਜਾਂਦਾ ਏ ਕਿ ਜਦੋਂ ਇਹ ਬਹਿਸ ਅਜੇ ਚਲ ਈ ਰਹੀ ਸੀ ਤਾਂ ਕਫ਼ਨ ਹੇਠੋਂ ਲਾਸ਼ ਗ਼ਾਇਬ ਹੋ ਗਈ ਤੇ ਉਹਦੀ ਥਾਈਂ ਫੁੱਲਾਂ ਦੀਆਂ ਪੱਤੀਆਂ ਰਹਿ ਗਈਆਂ। ਇਹ ਪੱਤੀਆਂ ਤੇ ਕਫ਼ਨ ਹਿੰਦੂਆਂ ਤੇ ਮੁਸਲਮਾਨਾਂ ਆਪੇ ਵਿਚ ਵੰਡ ਲਏ। ਹਿੰਦੂਆਂ ਅਪਣਾ ਹਿੱਸਾ ਸਾੜ ਦਿੱਤਾ ਤੇ ਮੁਸਲਮਾਨਾਂ ਅਪਣਾ ਹਿੱਸਾ ਦਫ਼ਨ ਕਰ ਦਿੱਤਾ। ਇਸੇ ਲਈ ਕਰਤਾਰਪੁਰ ਗੁਰਦੁਆਰਾ ਵਿਚ ਕੁਝ ਈ ਮੀਟਰਾਂ ਦੀ ਵਿੱਥ 'ਤੇ ਗੁਰੂ ਦੀ ਸਮਾਧੀ ਤੇ ਮਜ਼ਾਰ ਦੋਵੇਂ ਮੌਜੂਦ ਨੇਂ। ਮੇਰੇ ਖਿਆਲ ਵਿਚ ਇਹ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਦੇ ਵਿਚਕਾਰ ਦੋਸਤੀ ਦਾ ਸਭ ਤੋਂ ਵੱਡਾ ਨਿਸ਼ਾਨ ਏ।

ਮਹਾਰਾਜਾ ਰਣਜੀਤ ਸਿੰਘ ਸਿੱਖਾਂ ਦਾ ਆਖਰੀ ਵੱਡਾ ਹਾਕਮ ਸੀ। ਉਹਦੇ ਬਾਅਦੋਂ ਆਉਣ ਵਾਲੇ ਨਿੱਕੀਆਂ ਬਾਦਸ਼ਾਹੀਆਂ ਦੇ ਮਾਲਕ ਸਨ ਤੇ ਅੰਗਰੇਜ਼ ਦੇ ਹੱਥਾਂ ਵਿਚ ਖੇਡਦੇ ਸਨ। ਰਣਜੀਤ ਸਿੰਘ ਆਪਣੀ ਚੰਗੀ ਵੱਡੀ ਬਾਦਸ਼ਾਹੀ ਲਾਹੌਰ ਬਹਿ ਕੇ ਚਲਾਈ ( ਲਾਹੌਰ ਇਸ ਵੇਲੇ ਲਹਿੰਦੇ ਪੰਜਾਬ ਦਾ ਵੱਡਾ ਸ਼ਹਿਰ ਏ) ਇਕ ਪੱਕਾ ਸਿੱਖ ਹੁੰਦਿਆਂ ਉਸ ਸਿੱਖਾਂ ਦੀਆਂ ਤਾਰੀਖ਼ੀ ਥਾਂਵਾਂ 'ਤੇ ਗੁਰਦੁਆਰੇ ਉਸਾਰੇ ਤੇ ਅੰਬਰਸਰ ਵਾਲੇ ਸ੍ਰੀ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਸਣੇ ਕਈ ਅਗਲੇ ਗੁਰਦੁਆਰਿਆਂ ਨੂੰ ਨਵੇਂ ਸਿਰਿਓਂ ਬਣਵਾਇਆ ਤੇ

ਮੁਰੰਮਤ ਤੇ ਸਫ਼ਾਈ ਸੁਥਰਾਈ ਕਰਵਾਈ।

ਆਪਣੀ ਯਾਤਰਾ ਵਿਚ ਮੈਂ ਜਿਹੜੇ ਗੁਰਦੁਆਰੇ ਵੇਖੇ, ਉਹਨਾਂ ਵਿਚੋਂ ਕਈ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਦੇ ਬਣੇ ਹੋਏ ਨੇਂ ਤੇ ਉਹਨਾਂ ਦੀਆਂ ਇਮਾਰਤਾਂ ਬਹੁੰ ਵੱਡੀਆਂ ਨੇਂ। ਗੁਰਦੁਆਰਾ ਡੇਰਾ ਸਾਹਿਬ ਲਾਹੌਰ ਕਿਲ੍ਹੇ ਦੀ ਕੰਧ ਨਾਲ ਰਣਜੀਤ ਸਿੰਘ ਦੀ ਸਮਾਧੀ ਕੋਲ ਏ। ਇਹ ਉਹ ਥਾਂ ਏ ਜਿੱਥੇ ਸਿੱਖਾਂ ਦੇ ਪੰਜਵੇਂ ਗੁਰੂ ਗੁਰੂ ਅਰਜਨ ਦੇਵ ਜੀ ਹੋਰਾਂ ਨੂੰ ਤਸੀਹੇ ਦਿੱਤੇ ਗਏ ਸਿਰਫ਼ ਇਸ ਲਈ ਕਿ ਉਹ ਆਪਣਾ ਅਕੀਦਾ ਛੱਡ ਦੇਣ। ਇਹ ਥਾਂ ਰਾਵੀ ਦੀ ਕੰਧੀ 'ਤੇ ਹੈ। ਚਿਰ ਹੋਇਆ ਦਰਿਆ ਆਪਣਾ ਰਾਹ ਬਦਲ ਚੁਕਿਆ ਏ।

ਗੁਰਦੁਆਰੇ ਦਿਆਂ ਗੁੰਬਦਾਂ ਤੇ ਸੋਨੇ ਦੀ ਪਾਨ ਤੇ ਕੰਧਾਂ ਉੱਤੇ ਚਿੱਟਾ ਪੱਥਰ ਲੱਗਾ ਹੋਇਆ ਏ। ਪਰ ਮਹਾਰਾਜੇ ਦੇ ਮਕਬਰੇ ਦੀ ਟੌਰ੍ਹ ਤੇ ਰੁਅਬ ਬਹੁਤਾ ਏ।

ਲਾਹੌਰ ਵਿਚ ਸ਼ਹੀਦ ਗੰਜ ਭਾਈ ਤਾਰੋ ਸਿੰਘ ਸਮੇਤ ਰਣਜੀਤ ਸਿੰਘ ਦੇ ਜ਼ਮਾਨੇ ਦੇ ਹੋਰ ਵੀ ਕਈ ਗੁਰਦੁਆਰੇ ਹੈਣ ਜਿਹੜੇ ਉਸ ਜ਼ਮਾਨੇ ਦੀ ਉਸਾਰੀ ਦੇ ਚੰਗੇ ਨਮੂਨੇ ਨੇਂ।

ਗੁਰੂ ਨਾਨਕ ਜੀ ਹੋਰਾਂ ਦੀ ਜਨਮ ਭੂਮੀ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰੇ ਬਹੁੰ ਸੁਹਣੇ ਨੇਂ। ਉਹਨਾਂ ਸਾਰਿਆਂ ਚੋਂ ਵੱਡਾ ਬੇਸ਼ਕ ਜਨਮ ਅਸਥਾਨ ਹੈ। ਇਮਾਰਤ ਦੇ ਸਾਹਮਣੇ ਆਲੇ ਬੋਰਡ Splendid Facia ਬੋਰਡ ਦੀ ਸ਼ਾਨ ਵੇਖਿਆਂ ਈ ਮੰਨਿਆ ਜਾ ਸਕਦਾ ਏ। ਮੈਂ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਤੇ ਕਰਤਾਰਪੁਰ ਸਾਹਿਬ ਤੇ ਪੱਥਰ ਵੇਖੇ ਜਿਨ੍ਹਾਂ 'ਤੇ ਲਿਖਿਆ ਹੋਇਆ ਸੀ "ਪਟਿਆਲੇ ਦੇ ਸ਼ਾਹੀ ਟੱਬਰ ਇਹ ਇਮਾਰਤਾਂ ਨਵੇਂ ਸਿਰਿਓਂ ਬਣਵਾਈਆਂ ਜਾਂ ਸ਼ਿੰਗਾਰੀਆਂ ਤੇ ਮੁਰੰਮਤ ਕਰਵਾਈਆਂ"। ਇਹਨਾਂ ਇਮਾਰਤਾਂ ਦੀ ਉਸਾਰੀ ਦੇ ਡੌਲ ਤੋਂ ਵੀ ਮੈਂ ਬਹੁਤ ਮੁਤਾਸਰ ਹੋਇਆ।

ਇਹ ਸਾਰੀਆਂ ਇਮਾਰਤਾਂ 1947 ਤੋਂ ਪਹਿਲਾਂ ਦੀਆਂ ਬਣੀਆਂ ਹੋਈਆਂ ਨੇਂ। ਜਦੋਂ ਪਾਕਿਸਤਾਨ ਹਿੰਦੁਸਤਾਨ ਦੀ ਵੰਡ ਹੋ ਗਈ ਤਾਂ ਇਹ ਇਮਾਰਤਾਂ ਹਿੰਦੁਸਤਾਨੀ ਸਿੱਖਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ। ਸਿਰਫ਼ ਸਾਲ ਵਿਚ ਇਕ ਜਾਂ ਦੋ ਵਾਰੀ ਯਾਤਰੀਆਂ ਦੀ ਇਕ ਮਿੱਥੀ ਗਿਣਤੀ ਲਈ ਖ਼ਾਸ ਵੀਜ਼ੇ ਪਾਕਿਸਤਾਨ ਸਰਕਾਰ ਦੇਂਦੀ ਸੀ। ਇਹਦੀ ਵਜ੍ਹਾ ਤੋਂ ਜ਼ਾਹਿਰ ਏ ਹਿੰਦੁਸਤਾਨੀ ਸਿੱਖਾਂ ਨੂੰ ਬਹੁੰ ਔਖ ਹੋਈ ਤੇ ਉਹਨਾਂ ਦਾ ਹਰ ਜੀ ਇਹਨਾਂ ਥਾਂਵਾਂ ਦੀ ਯਾਤਰਾ ਲਈ ਨਿਤ ਦੁਆ ਕਰਦਾ ਸੀ। ਪਰ ਮੇਰੇ ਖਿਆਲ ਵਿਚ ਇਹਦਾ ਇਕ ਫ਼ੈਦਾ ਵੀ ਹੋਇਆ, ਇਹਨਾਂ ਥਾਂਵਾਂ ਦਾ ਪਾਕਿਸਤਾਨ ਵਿਚ ਹੋਣ ਕਰਕੇ ਇਹਨਾਂ ਦੀ ਪੁਰਾਣੀ ਡੌਲ ਤੇ ਵੇਤਰ ਕਾਇਮ ਰਹੀ। ਇਹ ਹਿੰਦੁਸਤਾਨ ਵਿਚ ਹੁੰਦੀਆਂ ਜਾਂ ਵੰਡ ਨਾ ਹੋਈ ਹੋਂਦੀ ਤਾਂ ਪੱਕੀ ਗਲ ਏ ਇਹ ਵੀ ਬਾਰਡਰ ਦੇ ਉਰਲੇ ਪਾਸੇ ਦੇ ਗੁਰਦੁਆਰਿਆਂ ਹਾਰ ਸਾਰੇ ਚਿੱਟੇ ਪੱਥਰ ਨਾਲ ਕੱਜੇ ਹੋਏ ਹੁੰਦੇ ਜਿਹੜੇ ਸਾਰੇ ਇਕੋ ਜਿਹੇ ਲਗਦੇ ਨੇਂ। ਬਰਤਾਨਵੀ ਸਿੱਖ ਜਿਨ੍ਹਾਂ ਇਹਨਾਂ ਥਾਂਵਾਂ ਦੀ ਕਾਰ ਸੇਵਾ ਲਈ ਇਕ ਐਸੋਸੀਏਸ਼ਨ ਬਣਾਈ ਏ ਤੇ ਜਿਹੜੇ ਬਰਤਾਨਵੀ ਪਾਸਪੋਰਟ ਕਾਰਣ ਸੌਖੇ ਪਾਕਿਸਤਾਨ ਆ ਜਾ ਸਕਦੇ ਨੇਂ। ਮੈਨੂੰ ਬੜੀ ਆਸ ਤੇ ਤਾਂਘ ਏ ਬਈ ਉਹ ਇਹਨਾਂ ਇਮਾਰਤਾਂ ਦੀ ਤਾਰੀਖ਼ੀ ਤੇ ਪੁਰਾਣੀ ਡੌਲ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਸਾਂਭ ਕੇ ਰੱਖਣਗੇ।

ਥੱਲੇ ਮੈਂ ਉਹ ਖ਼ਤ ਦੇ ਰਿਹਾਂ ਜਿਹੜਾ ਮੈਂ ਵਾਪਸ ਆ ਕੇ ਪਾਕਿਸਤਾਨ ਤੇ ਹਿੰਦੁਸਤਾਨ ਦੇ ਕਈ ਮਸ਼ਹੂਰ ਅਖ਼ਬਾਰਾਂ ਦੇ ਐਡੀਟਰਾਂ ਨੂੰ ਲਿਖਿਆ । ਤੇ ਇਹ ਖ਼ਤ ਇਕ ਹਿੰਦੁਸਤਾਨੀ ਤੇ ਇਕ ਪਾਕਿਸਤਾਨੀ ਅਖ਼ਬਾਰ ਵਿਚ ਵੀ ਛਪਿਆ।

"ਮੈਂ ਹੁਣੇ ਪਾਕਿਸਤਾਨ ਜਾਣ ਵਾਲੇ ਸਿੱਖ ਯਾਤਰੀਆਂ ਦੇ ਜੱਥੇ ਦਾ ਹਿੱਸਾ ਸਾਂ। ਅਸੀਂ ਹਸਨ ਅਬਦਾਲ (ਪੰਜਾ ਸਾਹਿਬ) ਨਨਕਾਣਾ ਸਾਹਿਬ ਤੇ ਲਾਹੌਰ (ਡੇਰਾ ਸਾਹਿਬ) ਠਹਿਰੇ। ਅਸੀਂ ਥੋੜ੍ਹੇ ਚਿਰ ਲਈ ਮੰਡੀ ਚੂੜ੍ਹਕਾਣਾ (ਸੱਚਾ ਸੌਦਾ), ਐਮਨਾਬਾਦ (ਚੱਕੀ ਸਾਹਿਬ, ਲਾਲੂ ਦੀ ਖੂਹੀ), ਰੂੜੀ ਸਾਹਿਬ ਤੇ ਕਰਤਾਰਪੁਰ ਵਗ਼ੈਰਾ ਵੀ ਗਏ।

ਮੈਂ ਤੀਹ ਸਾਲਾਂ ਦਾ ਹਾਂ ਤੇ ਇਹ ਪਾਕਿਸਤਾਨ ਦਾ ਮੇਰਾ ਪਹਿਲਾ ਫੇਰਾ ਸੀ। ਮੈਂ ਵੀਜ਼ਾ ਦੇਣ ਲਈ ਪਾਕਿਸਤਾਨ ਦਾ ਤੇ ਚੰਗੇ ਇੰਤਜ਼ਾਮ ਕਰਣ ਉੱਤੇ ਸੂਬਾ ਪੰਜਾਬ ਦੀ ਸਰਕਾਰ ਦਾ ਥੋਰਾਇਤ ਹਾਂ। ਮੈਂ ਸਿੱਖ ਯਾਤਰੀਆਂ ਲਈ ਉਚੇਚੀ ਰੇਲ ਗੱਡੀ ਚਲਾਣ ਤੇ ਪਾਕਿਸਤਾਨ ਰੇਲਵੇ ਤੇ ਰਾਖੀ ਇਮਦਾਦ ਦੇ ਚੰਗੇ ਇੰਤਜ਼ਾਮ ਲਈ ਪੰਜਾਬ ਪੁਲੀਸ ਦਾ ਵੀ ਸ਼ੁਕਰੀਆ ਅਦਾ ਕਰਨਾਂ। ਇਹਨਾਂ ਦੋਹਾਂ ਖਾਤਿਆਂ ਦੇ ਲੋਕਾਂ ਸਾਨੂੰ ਖਿੜੇ ਮੱਥੇ ਜੀ ਆਇਆਂ ਆਖਿਆ ਤੇ ਸਾਡੀ ਸੇਵਾ ਕੀਤੀ।

ਪਾਕਿਸਤਾਨ ਵਕਫ਼ ਬੋਰਡ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੀ ਭਾਲ ਲਈ ਜੋ ਕਰ ਰਹੇ ਨੇਂ ਉਹ ਸਲਾਹੁਣ ਜੋਗ ਹੈ। ਤੇ ਛੇਕੜ ਵਿਚ ਮੈਂ ਲਹਿੰਦੇ ਪੰਜਾਬ ਦੀ ਲੋਕਾਈ ਦਾ ਸ਼ੁਕਰੀਆ ਅਦਾ ਕਰਨਾਂ ਜਿਹੜੇ ਬੜੇ ਮਹਿਮਾਨ ਨਵਾਜ਼ ਨੇਂ ਤੇ ਉਹਨਾਂ ਦੀ ਵਜ੍ਹਾ ਨਾਲ ਇਥੇ ਸਾਡਾ ਵਕਤ ਸੁਹਣਾ ਗੁਜ਼ਾਰਨ ਦਾ ਸਬੱਬ ਬਣਿਆ। ਮੈਂ ਕਈ ਬੇਲੀ ਤੇ ਉਹਨਾਂ ਨਾਲ ਪਤੇ ਤੇ ਫ਼ੋਨ ਨੰਬਰ ਵੀ ਵਟਾਏ ਪਰ ਬਦਕਿਸਮਤੀ ਨਾਲ ਕੁਝ ਨਾਲ ਇਹ ਵਟਾਂਦਰਾ ਨਹੀਂ ਹੋ ਸਕਿਆ ਕਿਉਂ ਜੋ ਸਾਡੇ ਜਾਣ ਵੇਲੇ ਉਹ ਡਿਊਟੀ 'ਤੇ ਨਹੀਂ ਸਨ ਉਹ ਸਿਰਫ਼ ਜਾਂਦੀ ਵਾਰੀ ਸਾਨੂੰ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਤੇ ਈ ਮਿਲੇ। ਮੈਂ, ਮੇਰਾ ਭਰਾ ਅਤੇ ਬਾਪੂ ਉਹਨਾਂ ਨਾਲ ਢੇਰ ਗੱਲਾਂ ਕਰਦੇ ਰਹੇ ਤੇ ਫ਼ੇਰ ਟਰੇਨ ਸਟੇਸ਼ਨ ਤੋਂ ਨਿਕਲ ਪਈ।

ਮੈਂ ਦਿਲੋਂ ਦੁਆ ਕਰਦਾ ਹਾਂ ਕਿ ਦੋਹਾਂ ਮੁਲਕਾਂ ਵਿਚਕਾਰ ਸਾਰੇ ਰਹਿੰਦੇ ਮਸਲੇ ਵੀ ਨਿੱਬੜ ਜਾਣ ਤੇ ਆਉਣ ਆਲੇ ਵੇਲੇ ਵਿਚ ਕਦੀ ਵੀ ਇਹਨਾਂ ਮੁਲਕਾਂ ਦੇ ਬਹਾਦਰ ਪੁੱਤਰ ਆਪਸ ਵਿਚ ਲੜ ਕੇ ਨਾ ਮਰਨ। ਮੈਂ ਉਸ ਦਿਹਾੜੇ ਦਾ ਖ਼ਾਬ ਵੇਖਦਾ ਹਾਂ ਜਦੋਂ ਇਹ ਦੋਵੇਂ ਮੁਲਕਾਂ ਦਾ ਸਾਂਝਾ ਯੋਰਪੀ ਯੂਨੀਅਨ ਦੇ ਮੁਲਕਾਂ ਵਾਲਾ ਹੋ ਜਾਏਗਾ ਜਿਨ੍ਹਾਂ ਵਿਚ ਵਪਾਰ ਤੇ ਲੋਕਾਂ ਦੀ ਆਵਾਜਾਈ ਸੌਖੀ ਹੋ ਜਾਏਗੀ।

ਮੇਰੇ ਹਾਰ ਦੋਹਾਂ ਪੰਜਾਬਾਂ ਵਿਚ ਵਸਦੇ ਕਈ ਹੋਰ ਲੋਕ ਵੀ ਇਹੋ ਆਸ ਕਰਦੇ ਨੇਂ।

ਜਾਨ ਲੈਨਿਨ ਦੇ ਇਕ ਗੀਤ "ਖਿਆਲ, ਸੋਚ ਤਸੱਵਰ" ਦੀ ਇਕ ਲਾਈਨ ਏ:

"ਤੁਸੀਂ ਆਖਦੇ ਓ ਕਿ ਮੈਂ ਸੁਫ਼ਨੇ ਵੇਖਨਾਂ

ਪਰ ਇਹ ਖ਼ਾਬ ਵੇਖਣ ਵਾਲਾ ਮੈਂ ਇਕੋ ਈ ਨਹੀਂ।"

■

ਨਹੀਂ ਲੱਭਣੇ ਲਾਲ ਗਵਾਚੇ

# ਕਦ ਕਿਸੇ ਜਗਰਾਤੇ ਕੱਟਣੇ

**ਡਾ. ਅਜ਼ਹਰ ਮਹਿਮੂਦ ਚੌਧਰੀ**

ਪਹਿਲੀ ਵੱਡੀ ਲਾਮ ਛਿੜ ਚੁੱਕੀ ਸੀ। ਅੰਗਰੇਜ਼ ਹਾਕਮਾਂ ਪੰਜਾਬ ਦੀਆਂ ਮਾਂਵਾਂ ਕੋਲੋਂ ਪੁੱਤਰ ਖੋਹ ਕੇ ਦੁਨੀਆ ਦੇ ਵੱਖੋ ਵੱਖ ਮੁਹਾਜ਼ਾਂ ਤੇ ਬਲਦੀ ਹੋਈ ਜੰਗ ਦੀ ਅੱਗ ਦਾ ਬਾਲਣ ਬਣਨ ਲਈ ਸੁੱਟ ਵਗਾਏ ਸਨ। 1915 ਈਸਵੀ ਦਾ ਸਮਾਂ ਸੀ ਜਦੋਂ ਗੁਜਰਾਤ ਦੇ ਨੇੜਲੇ ਜੱਗ ਧੁੰਮੇ ਕਸਬੇ ਕੁੰਜਾਹ ਵਿੱਚ ਇੱਕ ਮਜ਼ਹਬੀ ਘਰਾਣੇ ਦੇ ਦਰਸ ਤਦਰੀਸ ਨਾਲ ਜੁੜਤ ਰੱਖਣ ਵਾਲੇ ਮੀਆਂ ਗ਼ੁਲਾਮ ਮਹੀਉੱਲਦੀਨ ਤੇ ਉਹਨਾਂ ਦੀ ਘਰ ਵਾਲੀ ਬੀਬੀ ਫ਼ਜ਼ਲ ਨੂਰ ਨੂੰ ਰੱਬ ਨੇ ਇੱਕ ਭਾਗਾਂ ਵਾਲਾ ਪੁੱਤਰ ਦਿੱਤਾ ਜੀਹਦਾ ਨਾਂ ਮੁਹੰਮਦ ਸ਼ਰੀਫ਼ ਖ਼ਾਂ ਰੱਖਿਆ ਗਿਆ। ਇਸ ਨਾਂ ਵਿੱਚੋਂ ਇਲਮ ਹਿੰਦਸਾ ਦੀ ਰੂ ਨਾਲ 1333 ਹਿਜਰੀ ਨਿਕਲਦਾ ਸੀ ਜਿਹੜਾ ਈਸਵੀ ਹਿਸਾਬ ਨਾਲ 1915 ਈਸਵੀ ਈ ਬਣਦਾ ਏ। ਉਸ ਵੇਲੇ ਕਿਸੇ ਨੂੰ ਰੱਤੀ ਬਰਾਬਰ ਗੁਮਾਨ ਵੀ ਨਹੀਂ ਸੀ ਕਿ ਅੱਜ ਦਾ ਇਹ ਬਾਲ ਕਦੇ ਏਡਾ ਵੱਡਾ ਸ਼ਾਇਰ ਤੇ ਸੁਰਤਵੰਦ ਆਲਮ ਬਣੇਗਾ ਤੇ ਪੰਜਾਬੀ ਅਦਬ ਦੇ ਅੰਬਰ ਦਾ ਇੱਕ ਤਾਰਾ ਗਿਣਿਆਂ ਜਾਏਗਾ। ਜੀਹਦੀ ਲੋਅ ਨਾ ਸਿਰਫ ਪੰਜਾਬੀ ਅਦਬ ਦੀ ਹਰ ਗੁੱਠ ਨੂੰ ਰੁਸ਼ਨਾਸੀ ਸਗੋਂ ਸ਼ੌਕ ਦੇ ਪਾਂਧੀਆਂ ਨੂੰ ਨਵੀਆਂ ਨਵੀਆਂ ਰਾਹਵਾਂ ਵੀ ਸੁਝਾਸੀ।

ਸ਼ਰੀਫ਼ ਹੋਰਾਂ ਮੈਟਰਿਕ ਦਾ ਇਮਤਿਹਾਨ 1930 ਈਸਵੀ ਵਿੱਚ ਸਨਾਤਨ ਧਰਮ ਸਕੂਲ ਕੁੰਜਾਹ ਤੋਂ ਪਾਸ ਕੀਤਾ ਅਤੇ 1933 ਈਸਵੀ ਵਿੱਚ ਗੌਰਮਿੰਟ ਇੰਟਰਮੀਡੀਅਟ ਕਾਲਜ ਗੁਜਰਾਤ (ਕਚਹਿਰੀ ਰੋਡ ਉੱਪਰ ਅੱਜ ਦਾ ਨਾਰਮਲ ਸਕੂਲ) ਤੋਂ ਐਫ਼ ਏ ਕੀਤਾ। ਆਪਣੇ ਵਾਲਦ ਸਾਹਿਬ ਦੀਆਂ ਕੋਸ਼ਿਸ਼ਾਂ ਨਾਲ਼ ਫ਼ੌਜ ਵਿੱਚ ਅੱਪਰ ਡਵੀਜ਼ਨ ਕਲਰਕ ਭਰਤੀ ਹੋਏ ਪਰ ਥਾਣੇ ਦੀ ਰਿਪੋਰਟ ਮੂਜਬ ਕਾਂਗਰਸ ਨਾਲ ਜੁੜਤ ਰੱਖਣ ਪਾਰੋਂ ਨੌਕਰੀਓਂ ਕੱਢ ਦਿੱਤੇ ਗਏ। ਅਤਾਉੱਲਾ ਸ਼ਾਹ ਬੁਖ਼ਾਰੀ ਦੇ ਸਫ਼ਾਰਸ਼ੀ ਰੁੱਕੇ ਰਾਹੀਂ ਹਫ਼ੀਜ਼ ਜਲੰਧਰੀ ਹੋਰਾਂ ਨਾਲ ਤਅੱਲਕ ਬਣ ਗਿਆ ਹੋਇਆ ਸੀ। ਜਦੋਂ ਹਫ਼ੀਜ਼ ਸਾਹਿਬ ਫ਼ੌਜ ਵਿੱਚ ਸੌਂਗ ਪਬਲਿਸਿਟੀ ਆਰਗਨਾਈਜ਼ਰ ਬਣੇ ਯਾਨੀ ਗੀਤਾਂ ਰਾਹੀਂ ਫ਼ੌਜੀਆਂ ਦੇ ਹੌਸਲੇ ਵਧਾਓ, ਉਹਨਾਂ ਸ਼ਰੀਫ਼

ਸਾਹਿਬ ਨੂੰ ਦਿੱਲੀ ਵਿੱਚ ਜਮਨਾ ਕਨਾਰੇ ਫ਼ਲੈਗ ਸਟਾਫ਼ ਰੋਡ ਉੱਤੇ ਵਸਦੇ ਆਪਣੇ ਦਫ਼ਤਰ ਸੱਦ ਲਿਆ। ਉਹ ਸ਼ਰੀਫ਼ ਸਾਹਿਬ ਨਾਲ ਪੁੱਤਰਾਂ ਵਾਂਗ ਪਿਆਰ ਕਰਨ ਲੱਗ ਪਏ ਸਨ। ਏਥੇ ਵੀ ਕੁੱਝ ਚਿਰ ਨੌਕਰੀ ਕੀਤੀ ਜਿਹੜੀ ਥਾਣੇ ਵੱਲੋਂ ਤਸਦੀਕ ਨਾ ਹੋ ਸਕਣ ਦੇ ਖ਼ਦਸ਼ੇ ਪਾਰੋਂ ਛੱਡ ਕੇ ਘਰ ਟੁਰ ਆਏ। ਏਸੇ ਪਰੇਸ਼ਾਨੀ ਵਿੱਚ ਮੁਨਸ਼ੀ ਫ਼ਾਜ਼ਲ ਅਤੇ ਨਾਲ ਈ ਬੀ. ਏ. ਕੀਤਾ। ਇਹ 1943 ਈਸਵੀ ਦੀ ਗੱਲ ਏ। ਆਪਣੇ ਇੱਕ ਸੱਜਣ ਪੀਰ ਗ਼ੁਲਾਮ ਅੱਬਾਸ ਹੋਰਾਂ ਦੀ ਸਲਾਹ ਮੰਨ ਕੇ ਲਾਹੌਰ ਬੀ. ਟੀ. ਵਿੱਚ ਦਾਖ਼ਲਾ ਲੈ ਲਿਆ ਜੀਹਦਾ ਖ਼ਰਚਾ ਉਹਨਾਂ ਦੀ ਬੀਵੀ ਨੇ ਘਰ ਦਿਆਂ ਤੋਂ ਚੋਰੀ ਆਪਣਾ ਜ਼ੇਵਰ ਵੇਚ ਕੇ ਭਰਿਆ। ਇਹਨਾਂ ਦਿਨਾਂ ਵਿੱਚ ਈ ਉਹ ਪ੍ਰੀਤ ਨਗਰ ਦੇ ਪਾਂਧੀ ਵੀ ਬਣੇ ਜਿੱਥੋਂ ਉਹਨਾਂ ਇਨਸਾਨੀਅਤ ਨਾਲ ਪਿਆਰ ਦਾ ਸਬਕ ਪੜ੍ਹਿਆ। ਏਥੇ ਈ ਉਹਨਾਂ ਦੀ ਮੁਲਾਕਾਤ ਅੰਮ੍ਰਿਤਾ ਪ੍ਰੀਤਮ ਜੀ ਨਾਲ ਹੋਈ। ਉਪਿੰਦਰ ਨਾਥ ਅਸ਼ਕ ਹੋਰਾਂ ਨਾਲ ਵੀ ਏਥੇ ਈ ਜਾਣ ਪਛਾਣ ਹੋਈ ਜਿਨ੍ਹਾਂ ਸ਼ਰੀਫ਼ ਸਾਹਿਬ ਦੀ ਨਜ਼ਮ 'ਪਸਪਾਈ' ਨੂੰ ਆਪਣੇ ਉਚੇਚੇ ਨੋਟ ਨਾਲ ਛਾਪਿਆ।

ਬੀ. ਟੀ. ਕਰਨ ਮਗਰੋਂ ਆਪਣੇ ਇੱਕ ਸੰਗੀ ਅਹਿਸਾਨ ਉਲਹੱਕ ਸੁਲੇਮਾਨੀ ਹੋਰਾਂ ਦੇ ਖੜਾ ਕਰਨ 'ਤੇ ਕੁੰਜਾਹ ਵਿੱਚ ਉਹਨਾਂ ਦੇ ਇਸਲਾਮੀਆ ਹਾਈ ਸਕੂਲ ਵਿੱਚ ਕੁੱਝ ਚਿਰ ਪੜ੍ਹਾਇਆ। ਆਰਜ਼ੀ ਤੌਰ 'ਤੇ ਇੱਕ ਨੇੜਲੇ ਪਿੰਡ ਦੇ ਸਕੂਲ ਵਿੱਚ ਹੈੱਡ ਮਾਸਟਰ ਵੀ ਰਹੇ। ਪਾਕਿਸਤਾਨ ਬਣਨ ਮਗਰੋਂ ਕੁੰਜਾਹ ਵਿੱਚ ਸਨਾਤਨ ਧਰਮ ਸਕੂਲ ਦੀ ਇਮਾਰਤ ਵਿੱਚ ਨਵੇਂ ਕਿਆਮ ਹੋਵਣ ਵਾਲੇ ਪਬਲਿਕ ਹਾਈ ਸਕੂਲ ਵਿੱਚ ਵੀ ਦੋ ਸਾਲ ਇਲਮ ਦਾ ਨੂਰ ਵਰਤਾਇਆ। ਉਦੋਂ ਉਹ ਅੰਗਰੇਜ਼ੀ ਦੇ ਉਸਤਾਦ ਵਜੋਂ ਮਸ਼ਹੂਰ ਹੋਏ।

1953 ਈਸਵੀ ਵਿੱਚ ਉਹਨਾਂ ਸਰਕਾਰੀ ਨੌਕਰੀ ਵਿੱਚ ਪੈਰ ਪਾਇਆ ਅਤੇ ਗੌਰਮਿੰਟ ਹਾਈ ਸਕੂਲ ਫਾਲੀਆ ਵਿੱਚ ਉਸਤਾਦ ਲੱਗ ਗਏ। ਉਸ ਵੇਲੇ ਤੀਕਰ ਉਹਨਾਂ ਕਾਲਜ ਵਿੱਚ ਲੈਕਚਰਾਰ ਬਣਨ ਨੂੰ ਆਪਣੀ ਮੰਜ਼ਿਲ ਮਿੱਥ ਲਿਆ ਸੀ ਅਤੇ ਉਹਦੇ ਲਈ ਆਹਰ ਵੀ ਛੋਹ ਦਿੱਤੇ ਸਨ। ਲਿਹਾਜ਼ਾ 1954 ਈਸਵੀ ਵਿੱਚ ਐਮ.ਏ. ਉਰਦੂ ਤੇ 1956 ਈਸਵੀ ਵਿੱਚ ਐਮ ਏ ਫ਼ਾਰਸੀ ਪ੍ਰਾਈਵੇਟ ਤੌਰ ਤੇ ਕਰ ਲਈ। ਕੁੱਝ ਚਿਰ ਗੌਰਮਿੰਟ ਕਾਲਜ ਸੈਟਲਾਈਟ ਟਾਊਨ ਰਾਵਲਪਿੰਡੀ ਵਿੱਚ ਉਸਤਾਦ ਮੁੱਕਰਰ ਹੋਏ ਪਰ ਇਹ ਨੌਕਰੀ ਵੀ ਛੇਤੀਂ ਖੁੱਸ ਗਈ। ਜ਼ਿਮੀਂਦਾਰ ਕਾਲਜ ਗੁਜਰਾਤ ਵਿੱਚ ਫ਼ਾਰਸੀ ਉਸਤਾਦ ਦੀ ਖ਼ਾਲੀ ਅਸਾਮੀ ਲਈ ਇੰਟਰਵਿਊ ਦਿੱਤਾ ਪਰ ਉਹਨਾਂ ਦੀ ਥਾਵੇਂ ਕਿਸੇ ਸਿਫ਼ਾਰਸ਼ੀ ਨੂੰ ਰੱਖ ਲਿਆ ਗਿਆ। ਨਵੀਂ ਭੱਜ ਦੌੜ ਕਰਕੇ ਗੌਰਮਿੰਟ ਹਾਈ ਸਕੂਲ ਖ਼ੁਸ਼ਾਬ ਵਿੱਚ ਮੁਲਾਜ਼ਮਤ ਲੱਭੀ। 1959 ਈਸਵੀ ਵਿੱਚ ਅੰਤ ਨੂੰ ਉਹ ਗੌਰਮਿੰਟ ਕਾਲਜ, ਅਟਕ ਵਿੱਚ ਫ਼ਾਰਸੀ ਦੇ ਉਸਤਾਦ ਲੱਗ ਗਏ ਅਤੇ ਫਿਰ ਓਥੋਂ ਗੁੱਜਰ ਖ਼ਾਨ ਤੇ ਵਤ ਜਿਹਲਮ ਦੋਹਾਂ ਕਾਲਜਾਂ ਵਿੱਚ ਪੜ੍ਹਾਉਣ ਮਗਰੋਂ 1973 ਈਸਵੀ ਵਿੱਚ ਰਿਟਾਇਰ ਹੋਏ। 1973 ਈਸਵੀ ਤੋਂ 1980 ਈਸਵੀ ਤੱਕ ਓਰੀਐਂਟਲ ਕਾਲਜ, ਪੰਜਾਬ ਯੂਨੀਵਰਸਿਟੀ ਦੇ ਸ਼ੋਅਬਾ ਪੰਜਾਬੀ ਵਿੱਚ ਇਲਮ ਦਾ ਚਾਨਣ ਵੰਡਿਆ। ਓਦੋਂ ਨਜਮ ਹੁਸੈਨ ਸੱਯਦ ਸ਼ੁਅਬੇ ਦੇ ਚੇਅਰਮੈਨ ਸਨ ਅਤੇ ਮੁਹੰਮਦ ਆਸਫ਼ ਖ਼ਾਂ, ਸੱਯਦ ਅਲੀ, ਅੱਬਾਸ ਜਲਾਲ ਪੁਰੀ ਅਤੇ ਸ਼ਾਹਬਾਜ਼ ਮਲਕ ਉਹਨਾਂ ਦੇ ਸੰਗੀ ਉਸਤਾਦ ਆਲਮਾਂ ਦੀ ਇਹ ਕਹਿਕਸ਼ਾਂ ਪੰਜਾਬੀ ਦੇ ਇਲਮੀ ਅਰੂਜ਼ ਦਾ ਦੌਰ ਸੀ ਜਿਹਨੂੰ ਛੇਤੀ ਈ ਮਾਰਸ਼ਲ ਲਾਅ ਦੇ ਸੂਰਜ ਗ੍ਰਹਿਣ ਨੇ ਆਪਣੀ ਲਪੇਟ ਵਿੱਚ ਲੈ ਲਿਆ।

ਸ਼ਰੀਫ਼ ਕੁੰਜਾਹੀ ਹੋਰਾਂ ਕੁੱਝ ਅਰਸਾ ਡਾਕਟਰ ਵਹੀਦ ਕੁਰੈਸ਼ੀ ਹੋਰਾਂ ਨਾਲ ਵੀ ਕੰਮ ਕੀਤਾ। 1980 ਈਸਵੀ ਵਿੱਚ ਈ ਉਹ ਪੰਜਾਬ ਯੂਨੀਵਰਸਿਟੀ ਨੂੰ ਰੱਬ ਰਾਖਾ ਆਖਣ ਮਗਰੋਂ ਮੁਕੱਤਦਰਾ ਕੌਮੀ ਜ਼ੁਬਾਨ ਨਾਲ ਨੱਥੀ ਹੋ ਗਏ। ਅਕੈਡਮੀ ਆਫ਼ ਲੈਟਰਜ਼ ਅਤੇ ਲੋਕ ਵਿਰਸਾ ਨਾਲ ਵੀ ਉਹਨਾਂ ਦੀ ਜੜਤ ਰਹੀ। ਸੈਂਟਰਲ ਕਾਲਜ ਦੇ ਜ਼ਮਾਨੇ ਤੋਂ ਈ ਰੇਡੀਓ ਅਤੇ ਬਾਅਦ ਵਿੱਚ ਟੀ ਵੀ ਉੱਤੇ ਵੀ ਗਾਹੇ ਬਗਾਹੇ ਦਰਸ਼ਨ ਦਿੰਦੇ ਰਹੇ।

1988 ਈਸਵੀ ਵਿੱਚ ਸ਼ਰੀਫ਼ ਕੁੰਜਾਹੀ ਸਾਹਿਬ ਪੱਕੇ ਗੁਜਰਾਤ ਆ ਗਏ ਅਤੇ ਮਰਗ਼ਜ਼ਾਰ ਕਾਲੋਨੀ ਭਿੰਬਰ ਰੋਡ ਵਾਸਾ ਕੀਤਾ ਜਿੱਥੇ ਉਹਨਾਂ ਆਪਣੇ ਸੱਜਣ ਅਤੇ ਨਾਮਵਰ ਲਿਖਾਰੀ ਠੇਕੇਦਾਰ ਰਸ਼ੀਦ ਅਹਿਮਦ ਹੋਰਾਂ ਦੇ ਆਹਰਾਂ ਪਾਹਰਾਂ ਤੇ

ਮਦਦ ਨਾਲ ਮਕਾਨ ਉਸਾਰ ਲਿਆ ਹੋਇਆ ਸੀ। ਆਪਣੀ ਵਾਲਦਾ ਅਤੇ ਫਿਰ ਬੇਗਮ ਦੀ ਮੌਤ ਮਗਰੋਂ ਉਹ ਆਪਣੀ ਕੱਲੀ ਕੱਲੀ ਧੀ ਖ਼ਾਲਦਾ ਹੋਰਾਂ ਕੋਲ਼ ਆ ਗਏ ਅਤੇ ਫਿਰ ਜਨਵਰੀ 2007 ਈਸਵੀ ਨੂੰ ਏਥੇ ਈ ਹਯਾਤੀ ਦੇ ਅਖ਼ੀਰੀ ਸਾਹ ਪੂਰੇ ਕੀਤੇ। ਇਹ ਘਰ ਵੀ ਮਰਗ਼ਜ਼ਾਰ ਕਾਲੋਨੀ ਵਿੱਚ ਈ ਵਾਕਿਆ ਏ।

ਸ਼ਰੀਫ਼ ਕੁੰਜਾਹੀ ਜੀ ਨੇ ਦੀਨੀ ਤਾਲੀਮ ਦੇਵਣ ਵਿੱਚ ਨੇਕ ਨਾਮੀ ਰੱਖਣ ਵਾਲੇ ਇੱਕ ਘਰਾਣੇ ਵਿੱਚ ਅੱਖ ਖੋਲੀ ਜਿੱਥੇ ਦੇ ਮਾਹੌਲ ਵਿੱਚ ਅਰਬੀ ਅਤੇ ਫ਼ਾਰਸੀ ਰਚੀ ਹੋਈ ਸੀ। ਅਲਾਮਾ ਗ਼ਨੀਮਤ ਕੁੰਜਾਹੀ ਆਪਣੀ ਫ਼ਾਰਸੀ ਸ਼ਾਇਰੀ ਤੇ ਉਚੇਚਾ ਮਸਨਵੀ 'ਨਿਰੰਗ ਇਸ਼ਕ' ਦੀ ਵਜਾਹ ਕਰਕੇ ਪੂਰੇ ਹਿੰਦੁਸਤਾਨ ਤੇ ਈਰਾਨ ਤੱਕ ਸ਼ੁਹਰਤ ਦੇ ਟੱਲ ਖੜਕਾ ਚੁੱਕੇ ਸਨ। ਕੁੰਜਾਹ ਵਿੱਚ ਇਲਮੀ ਅਦਬੀ ਫ਼ਜ਼ਾ ਹੋਵਣ ਕਾਰਨ ਨਿੱਕੇ ਵੱਡੇ ਉਹਨਾਂ ਦੀ ਅਜ਼ਮਤ ਨੂੰ ਸਲਾਮ ਕਰਦੇ ਸਨ ਅਤੇ ਉਹਨਾਂ ਦੀ ਜਗਤ ਮਾਨਤਾ ਨੂੰ ਆਪਣੇ ਲਈ ਮਾਣ ਜੋਗ ਸਮਝਦੇ ਸਨ। ਉਹਨੀਂ ਦਿਨੀਂ ਸ਼ਰੀਫ਼ ਹੋਰਾਂ ਦੇ ਮਨ ਵਿੱਚ ਇੱਕ ਸੱਧਰ ਦੀ ਕੋਂਪਲ ਉੱਗ ਖੜ੍ਹੀ ਕਿ ਸ਼ਾਲਾ ਰੱਬ ਉਹ ਘੜੀ ਕਦੀ ਲਿਆਵੇ ਜਦੋਂ ਮੇਰਾ ਨਾਂ ਵੀ ਅਲਾਮਾ ਗ਼ਨੀਮਤ ਵਾਂਗ ਅਦਬੀ ਫ਼ਜ਼ਾਵਾਂ ਵਿੱਚ ਗੂੰਜੇ।

ਕੁੰਜਾਹ ਵਿੱਚ ਹਫ਼ਤਾ ਵਾਰ ਮੁਸ਼ਾਇਰਿਆਂ ਦੀ ਰੀਤ ਸੀ। ਜਿਹਦੇ ਵਿੱਚ ਉਸ ਸਮੇਂ ਸ਼ਰੀਫ਼ ਕੁੰਜਾਹੀ ਹੋਰਾਂ ਤੋਂ ਉਮਰੋਂ ਵਡੇਰੇ ਸ਼ਾਇਰ ਮਲਕ ਅਜ਼ਮਤ 'ਮਲਕ' ਅਬਦਲ ਕਾਦਰ ਖ਼ੋਸ਼ਤਰ ਹਕੀਮ ਸ਼ਾਹਸਵਾਰ ਤੇ ਸ਼ੇਖ਼ ਅਸ਼ਰਫ਼ ਵੱਲ ਸਮਾਂ ਬੰਨ੍ਹਦੇ ਸਨ। ਸ਼ਰੀਫ਼ ਹੋਰਾਂ ਦੀ ਉਹਨਾਂ ਨਾਲ ਦੋਸਤੀ ਕੀ ਹੋਈ ਮਨ ਵਿੱਚ ਲੱਗਿਆ ਸੱਧਰਾਂ ਦਾ ਵਣ ਬੂਟਾ, ਫੈਲਣ ਫੁੱਲਣ ਲੱਗ ਪਿਆ। ਸੋਨੇ 'ਤੇ ਸੁਹਾਗਾ ਇਹ ਹੋ ਰਿਹਾ ਕਿ ਅਹਿਰਾਰ ਦੇ ਜਲਸੇ ਵਿੱਚ ਕੁੰਜਾਹੀ ਆਏ ਹੋਏ ਸੱਯਦ ਅਤਾਉੱਲਾ ਸ਼ਾਹ ਬੁਖ਼ਾਰੀ ਹੋਰਾਂ ਜਦੋਂ ਸ਼ਰੀਫ਼ ਸਾਹਿਬ ਦੇ ਸ਼ਿਅਰ ਸੁਣੇ ਤੇ ਗੁਣ ਭਾਂਪਦਿਆਂ ਹੋਇਆਂ ਉਹਨਾਂ ਨੂੰ ਝੱਟ ਅਸਲਾਹ ਦੀ ਮੱਤ ਚਾ ਦਿੱਤੀ ਅਤੇ ਨਾਲ ਈ ਇੱਕ ਰੁੱਕਾ ਉਸ ਵੇਲੇ ਦੇ ਸਭ ਤੋਂ ਸਿਰ ਕੱਢ ਸ਼ਾਇਰ ਹਫ਼ੀਜ਼ ਜਲੰਧਰੀ ਹੋਰਾਂ ਦੇ ਨਾਂ ਲਿਖ ਫੜਾਇਆ। ਹਫ਼ੀਜ਼ ਹੋਰਾਂ ਨੇ ਸ਼ਰੀਫ਼ ਸਾਹਿਬ ਵਿੱਚ ਛਪੇ ਹੁਨਰ ਤੇ ਕਮਾਲ ਨੂੰ ਆਪਣੇ ਪਿਆਰ ਤੇ ਸਲਾਹਣਾ ਨਾਲ ਹੋਰ ਤਿੱਖਿਆਂ ਕਰ ਦਿੱਤਾ। ਖੱਬੇ ਪੱਖੀ ਸੋਚਾਂ 'ਲੋਕ ਪਿਆਰ ਅਤੇ ਰਵਾਦਾਰੀ' ਉਹਨਾਂ ਦੀ ਪਛਾਣ ਬਣ ਗਈ। ਆਪਣੇ ਨਾਲੋਂ ਉਮਰੋਂ ਨਿੱਕੇ ਨੱਯਰ ਹੋਰਾਂ ਨਾਲ ਉਨ੍ਹਾਂ ਦੀ ਮਿਸਾਲੀ ਦੋਸਤੀ ਅੰਤਲੇ ਸਾਹਵਾਂ ਤੱਕ ਨਿਭੀ।

ਸ਼ਰੀਫ਼ ਕੁੰਜਾਹੀ ਹੋਰਾਂ ਦੀ ਕਵਿਤਾ ਦੀ ਟੋਰ ਤੇ ਕਾਮਯਾਬੀਆਂ ਵਿੱਚ ਪ੍ਰੋਫ਼ੈਸਰ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਦੀ ਸੱਜਣਾਈ ਦਾ ਵੀ ਭਰਵਾਂ ਹਿੱਸਾ ਏ 1945 ਈਸਵੀ ਵਿੱਚ ਜ਼ਿਮੀਂਦਾਰ ਕਾਲਜ ਦੇ ਪ੍ਰਿੰਸੀਪਲ ਤਾਜ ਮੁਹੰਮਦ ਖ਼ਿਆਲ ਵੱਲੋਂ ਕਰਾਏ ਗਏ ਇੱਕ ਕੁੱਲ ਹਿੰਦੁਸਤਾਨ ਮੁਸ਼ਾਅਰੇ ਵਿੱਚ ਸ਼ਰੀਫ਼ ਹੋਰਾਂ ਕੁੰਜਾਹੋਂ ਆਣ ਕੇ ਰਲ਼ਤ ਕੀਤੀ। ਏਥੇ ਈ ਬੀ. ਏ. ਦੇ ਪੜ੍ਹਿਆਰ ਚੌਧਰੀ ਫ਼ਜ਼ਲ ਹੁਸੈਨ ਸੁੱਚਲ਼ ਸ਼ਾਇਰੀ ਦੀ ਖਿੱਚ ਅਤੇ ਲਾਗਲੇ ਕਸਬੇ ਕੁੰਜਾਹ ਦਾ ਹੋਵਣ ਕਰਕੇ ਉਨ੍ਹਾਂ ਦੇ ਨੇੜੇ ਲੱਗੇ। ਜਾਣ ਪਛਾਣ ਹੋਈ ਅਤੇ ਫਿਰ ਨਿੱਘੇ ਮਿੱਤਰ ਬਣ ਗਏ। ਚੌਧਰੀ ਸਾਹਿਬ ਇਸ ਦੋਸਤੀ ਦੇ ਪੁੰਗਰਨ ਮਗਰੋਂ ਢੇਰ ਅਰਸਾ ਜ਼ਿਮੀਂਦਾਰ ਕਾਲਜ ਵਿੱਚ ਫ਼ਾਰਸੀ ਦੇ ਉਸਤਾਦ ਰਹੇ। ਕੁੱਝ ਸਾਲ ਇਸਲਾਮੀਆ ਕਾਲਜ ਗੁੱਜਰਾਂਵਾਲਾ ਦੇ ਪ੍ਰਿੰਸੀਪਲ ਬਣੇ ਤੇ ਅੰਤ ਨੂੰ ਫਿਰ ਜ਼ਿਮੀਂਦਾਰ ਕਾਲਜ ਦੇ ਪ੍ਰਿੰਸੀਪਲ ਦੀ ਹੈਸੀਅਤ ਨਾਲ 1983 ਈਸਵੀ ਤੋਂ 1988 ਈਸਵੀ ਤੀਕ ਰਹੇ। ਉਨ੍ਹਾਂ ਇਹ ਜ਼ਿੰਮੇਵਾਰੀ ਬੜੇ ਸ਼ਾਨਦਾਰ ਤਰੀਕੇ ਨਾਲ ਨਿਭਾਈ। ਅਤੇ ਕਾਲਜ ਨੇ ਵੀ ਇਸ ਸਮੇਂ ਢੇਰ ਨਸਾਬੀ ਅਤੇ ਗ਼ੈਰ ਨਸਾਬੀ ਕਾਮਯਾਬੀਆਂ ਦੇ ਟਿੱਕੇ ਮੱਥੇ ਉੱਪਰ ਸਜਾਏ। ਇਸ ਸਾਰੇ ਅਰਸੇ ਵਿੱਚ ਸ਼ਰੀਫ਼ ਕੁੰਜਾਹੀ ਜੀ ਅਤੇ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਦਾ ਪੈਰ ਪੈਰ ਤੇ ਜੋੜ ਮੇਲ ਟਿਕਿਆ ਰਿਹਾ ਜਿੱਥੇ ਜਿੱਥੇ ਵੀ ਸ਼ਰੀਫ਼ ਸਾਹਿਬ ਰਹੇ ਚੌਧਰੀ ਸਾਹਿਬ ਦਾ ਆਵਨ ਜਾਵਨ ਲੱਗਾ ਰਹਿੰਦਾ। ਚੌਧਰੀ ਸਾਹਿਬ ਦੇ ਸੱਜਣ ਪਾਲ ਸੁਭਾਅ, ਖ਼ਲੂਸ, ਨਿੱਘ, ਪਿਆਰ ਅਤੇ ਮਿੱਤਰਾਂ ਦੀਆਂ ਔਕੜਾਂ ਨਾਲ ਨਜਿੱਠਣ ਦੇ ਠਰਕ ਨੇ ਸ਼ਰੀਫ਼ ਸਾਹਿਬ ਨੂੰ ਆਪਣੇ ਵਲ਼ਗਣ ਵਿੱਚ ਵਲ਼ ਲਿਆ। ਉਹਨਾਂ ਦੇ ਪਰੇਰਨ ਤੇ ਈ ਸ਼ਰੀਫ਼ ਸਾਹਿਬ ਨੇ ਐਮ.ਏ. ਉਰਦੂ ਤੇ ਫਿਰ ਐਮ.ਏ. ਫ਼ਾਰਸੀ ਕੀਤਾ। ਚੌਧਰੀ ਸਾਹਿਬ ਦਾ ਸ਼ੁਮਾਰ ਜ਼ਿਮੀਂਦਾਰ ਕਾਲਜ ਦੇ ਧਰੰਤਰ ਪ੍ਰੋਫ਼ੈਸਰਾਂ ਵਿੱਚ ਹੁੰਦਾ ਸੀ। ਸ਼ਰੀਫ਼ ਸਾਹਿਬ

ਨੂੰ ਐਮ ਏ ਦੇ ਸਿਲੇਬਸ ਲਈ ਲੋੜੀਦੀਆਂ ਸਭ ਕਿਤਾਬਾਂ ਕਾਲਜ ਲਾਇਬਰੇਰੀ ਵਿੱਚ ਮੌਜੂਦ ਕਰਾਉਂਦੇ ਜਿੱਥੋਂ ਉਹ ਹਰ ਵੇਲੇ ਸ਼ਰੀਫ਼ ਸਾਹਿਬ ਦੀ ਪਹੁੰਚ ਵਿੱਚ ਹੁੰਦੀਆਂ ਇੰਝ ਸ਼ਰੀਫ਼ ਸਾਹਿਬ ਨੇ ਇਹ ਮੰਜ਼ਲਾਂ ਸੌਖ ਨਾਲ ਨਬੇੜ ਲਈਆਂ।

ਗੌਰਮਿੰਟ ਹਾਈ ਸਕੂਲ ਖ਼ੁਸ਼ਾਬ ਤੋਂ ਗੌਰਮਿੰਟ ਕਾਲਜ ਅੱਟਕ ਤੱਕ ਦਾ ਪੰਧ ਮੁਕਾਉਣ ਤੱਕ ਲੈਕਚਰਾਰ ਸ਼ਿੱਪ ਸ਼ੁਰੂ ਕਰਾਉਣ ਵਿੱਚ ਵੀ ਚੌਧਰੀ ਸਾਹਿਬ ਦੀ ਹੱਲਾਸ਼ੇਰੀ ਦਾ ਦਖ਼ਲ ਸੀ। ਸ਼ਰੀਫ਼ ਕੁੰਜਾਹੀ ਹੋਰੀ ਆਪਣੀ ਝਾਕਲ਼ ਸਭਾ ਪਾਰੋਂ ਮੇਲ ਮਿਲਾਪ ਵਾਲੇ ਮੁਆਮਲੇ ਵਿੱਚ ਢਿੱਲੇ ਸਣ ਪਰ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਉਨ੍ਹਾਂ ਨੂੰ ਨਿੱਤ ਦਿਹਾੜੇ ਮੁਸ਼ਾਅਰੇ ਅਤੇ ਅਦਬੀ ਮਹਿਫ਼ਲਾਂ ਵਿੱਚ ਸੱਦੀ ਰੱਖਣਾ। ਉਨ੍ਹਾਂ ਨੂੰ ਬੁਲਾ ਕੇ ਰੱਜਵੀਂ ਇੱਜ਼ਤ ਦੇਣੀ, ਢਿੱਡੋਂ ਇਹਤਰਾਮ ਕਰਨਾ ਅਤੇ ਆਪਣੇ ਆਪ ਨੂੰ ਹਮੇਸ਼ਾ ਉਹਨਾਂ ਦਾ 'ਬਸਤਾ ਬਰਦਾਰ' ਆਖਣਾ। ਆਪਣੀ ਕਲਾਸ ਵਿੱਚ ਪੜ੍ਹਿਆਰਾਂ ਸਾਹਮਣੇ ਉਹਨਾਂ ਦੀ ਸ਼ਾਇਰੀ ਦੇ ਗੁਣ ਗਾਉਂਦਿਆਂ ਰਹਿਣਾ। ਲੰਮੀਆਂ ਲੰਮੀਆਂ ਨਜ਼ਮਾਂ ਜ਼ਬਾਨੀ ਯਾਦ ਕਰਣ ਵਿੱਚ ਉਨ੍ਹਾਂ ਨੂੰ ਮੁਹਾਰਤ ਸੀ। ਸੁਣਾਉਣ ਦਾ ਢੰਗ ਜੱਗੋਂ ਵੱਖਰਾ ਸੀ। ਇਹਦਾ ਸਿੱਟਾ ਇਹ ਨਿਕਲਿਆ ਕਿ ਸ਼ਰੀਫ਼ ਸਾਹਿਬ ਦੀ ਸ਼ਾਇਰੀ ਦੀ ਵਾਸ਼ਨਾ ਚੌਧਰੀ ਸਾਹਿਬ ਦੇ ਸ਼ਾਗਿਰਦਾਂ, ਦੋਸਤਾਂ, ਮੇਲੀਆਂ ਅਤੇ ਸਾਕਾਂ ਸਕੀਰੀਆਂ ਵਿੱਚ ਹਰ ਪਾਸੇ ਖਿੱਲਰ ਗਈ। ਸ਼ਰੀਫ਼ ਸਾਹਿਬ ਨੂੰ ਪੰਜਾਬੀ ਅਦਬੀ ਬੋਰਡ ਦਾ ਮੈਂਬਰ ਵੀ ਚੌਧਰੀ ਸਾਹਿਬ ਨੇ ਧੱਕੋ ਜ਼ੋਰੀਂ ਬਣਵਾਇਆ ਸੀ।

ਚੌਧਰੀ ਫ਼ਜ਼ਲ ਹੁਸੈਨ ਹੋਰਾਂ ਦੀ ਸੰਗਤ ਵਿੱਚ ਈ ਸ਼ਰੀਫ਼ ਸਾਹਿਬ ਨੇ ਛਾਂਵਾਂ ਹੇਠ ਸੁਹਾਨੇ ਝੱਟ ਮਾਣੇ ਅਤੇ ਦੋ ਪਲ ਹੱਸਣ ਦਾ ਵੱਲ ਸਿੱਖਿਆ। ਪ੍ਰੋਫ਼ੈਸਰ ਚੌਧਰੀ ਫ਼ਜ਼ਲ ਹੁਸੈਨ ਠੇਕੇਦਾਰ ਕਰਾਮਤ ਅਤੇ ਚੌਧਰੀ ਅਸਗ਼ਰ ਅਲੀ ਘਰਾਲ ਹੋਰਾਂ ਨਾਲ ਮਜਲਸ ਵਿੱਚ ਬੈਠਿਆਂ ਸ਼ਰੀਫ਼ ਹੋਰਾਂ ਦੇ ਮੁੱਖ ਤੇ ਠਹਿਰੇ ਸ਼ਾਂਤੀ ਅਤੇ ਨਵੇਂ ਨਵੇਂ ਹਾਸੇ ਦੇ ਫੁੱਲ ਖਿੜਦੇ ਮੈਂ ਢੇਰ ਵਾਰਾਂ ਵੇਖੇ। ਵਾਰੀ ਸਿਰ ਲਤੀਫ਼ਾ ਵੀ ਸੁਣਾ ਲੈਂਦੇ। ਇਹ ਰੌਣਕਾਂ ਕਦੀ ਰਸ਼ੀਦ ਸਾਹਿਬ ਦੇ ਘਰ ਕਦੀ ਘਰਾਲ ਸਾਹਿਬ ਦੀ ਬੈਠਕ, ਕਦੀ ਮਰਗ਼ਜ਼ਾਰ ਕਾਲਜ ਦੀ ਪ੍ਰਿੰਸੀਪਲ ਸਾਹਿਬਾ ਦੇ ਦਫ਼ਤਰ ਵਿੱਚ ਜਗਦੀਆਂ ਤੇ ਕਦੀ ਮੇਰੇ ਕਲੀਨਿਕ ਜਾਂ ਘਰ ਨੂੰ ਭਾਗ ਲੱਗ ਜਾਂਦੇ।

ਸ਼ਰੀਫ਼ ਕੁੰਜਾਹੀ ਹੋਰਾਂ ਦੀ ਸ਼ਾਇਰੀ ਦੀ ਪਲੇਠੀ ਦੀ ਕਿਤਾਬ 'ਜਗਰਾਤੇ' 1960 ਈਸਵੀ ਵਿੱਚ ਪਹਿਲੀ ਵਾਰ ਡਾਕਟਰ ਜਗਤਾਰ ਸਿੰਘ ਹੋਰਾਂ ਨੇ ਲੁਧਿਆਣੇ ਤੋਂ ਛਾਪੀ। ਇਹ ਗੁਰਮੁਖੀ ਅੱਖਰਾਂ ਵਿੱਚ ਸੀ। ਲੋਕਮੁਖੀ (ਫ਼ਾਰਸੀ) ਲਿਪੀ ਵਿੱਚ ਇਹਦੇ ਲਾਹੌਰ ਤੋਂ ਛਪਣ ਦੀ ਵਾਰੀ 1963 ਈਸਵੀ ਵਿੱਚ ਆਈ। ਇਹਦਾ ਇੰਤਸਾਬ ਉਨ੍ਹਾਂ ਆਪਣੇ ਗੂੜ੍ਹੇ ਮਿੱਤਰ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਦੇ ਨਾਂ ਕੀਤਾ ਅਤੇ ਨਾਲ ਈ ਨਜ਼ਮਾਂ ਸੁਣਾਉਣ ਦੇ ਸਾਰੇ ਹਕੂਕ ਵੀ ਉਹਨਾਂ ਦੇ ਨਾਂਵੇਂ ਈ ਲਾ ਦਿੱਤੇ। ਇਹ ਇੱਕ ਤਰ੍ਹਾਂ ਚੌਧਰੀ ਸਾਹਿਬ ਦੀਆਂ ਉਸ ਵੇਲੇ ਤੱਕ ਦੀਆਂ ਸਭ ਮੁਹੱਬਤਾਂ ਤੇ ਉਲਫ਼ਤਾਂ ਦਾ ਜਵਾਬ ਸੀ।

'ਜਗਰਾਤੇ' ਦੀਆਂ ਲੱਗਭਗ ਸਾਰੀਆਂ ਨਜ਼ਮਾਂ ਪੰਜਾਬੀ ਰਹਿਤਲ ਦੇ ਰੰਗ ਵਿੱਚ ਰੰਗੀਆਂ ਹੋਈਆਂ ਨੇਂ। ਇਹਨਾਂ ਵਿੱਚ ਪੰਜਾਬ ਵਾਸੀਆਂ ਦੇ ਜਜ਼ਬੇ, ਰਵੇ, ਸੱਧਰਾਂ, ਥੁੜ੍ਹਾਂ, ਮਜਬੂਰੀਆਂ ਅਤੇ ਬੇਵਸੀਆਂ ਸਾਹ ਲੈਂਦੀਆਂ ਮਹਿਸੂਸ ਹੁੰਦੀਆਂ ਨੇਂ। ਸ਼ਰੀਫ਼ ਸਾਹਿਬ ਆਪਣੇ ਸਮਕਾਲੀਆਂ ਵਿੱਚੋਂ ਨਵੇਕਲਤਾ ਅਤੇ ਵੱਖਰਤਾ ਰੱਖਦੇ ਸਣ। ਉਨ੍ਹਾਂ ਸਭ ਤੋਂ ਵੱਧ ਪੇਂਡੂ ਜੀਵਨ ਹੰਢਾਇਆ ਸੀ ਇਸ ਲਈ ਉਹਨਾਂ ਦੀ ਸ਼ਾਇਰੀ ਵਿੱਚ ਥਾਂ ਥਾਂ ਪੰਜਾਬ ਦੇ ਗਰਾਂਵਾਂ ਦੀ ਰਹਿਤਲ ਦੇ ਮੰਜ਼ਰਨਾਮੇ ਖਿੱਲਰੇ ਪਏ ਨੇਂ। 'ਵੀਰ ਤੂੰ ਕੁੰਜਾਹ ਦਾ ਏਂ', 'ਖੇਡ ਲੈ', 'ਬਗਲੇ ਤੇ ਮੱਛੀਆਂ', 'ਤੇਰਾ ਪਿੰਡ' ਇਹਦੀਆਂ ਬੜੀਆਂ ਸੋਹਣੀਆਂ ਮਿਸਾਲਾਂ ਨੇਂ। ਸ਼ਰੀਫ਼ ਸਾਹਿਬ ਨੂੰ ਆਪ 'ਜਗਰਾਤੇ' ਵਿੱਚੋਂ ਇਹ ਲਾਈਨਾਂ ਬਹੋਂ ਪਸੰਦ ਸਨ:

ਕੀ ਹੋਇਆ ਪੰਧ ਸਾਰਾ ਅੱਗੇ
ਕੀ ਹੋਇਆ ਦਿਨ ਸਿਰ ਤੋਂ ਢਲਿਆ
ਜੀਵਨ ਪੈਂਡਾ ਡੂੰਘਾ ਮੰਨਿਆ
ਪਰ ਇੰਝ ਧੁੱਪੇ ਸੜਿਆਂ, ਦੁਧਲ਼ ਫੱਕਿਆਂ
ਕੁੱਝ ਨਹੀਂ ਬਣਦਾ
ਉਹੀਓ ਝੱਟ ਸੁਹਾਣੇ
ਜਿਹੜੇ ਛਾਂਵਾਂ ਹੇਠ ਵਿਹਾਣੇ

ਉਨ੍ਹਾਂ ਆਪਣੇ ਅੰਦਰਲੇ ਬਾਗ਼ੀ ਦੀ ਆਵਾਜ਼ ਨੂੰ ਕਦੀ ਵੀ ਨਾ ਦਬਾਇਆ ਅਤੇ ਮਾੜੇ ਨਿਜ਼ਾਮ ਦੇ

ਕੋੜ ਅਤੇ ਜਬਰ ਨੂੰ ਨਿੰਦਦੇ ਰਹੇ।

ਕੋਈ ਕਿਸੇ ਦੀ ਸੁਣਦਾ ਨਾਹੀਂ ਏਥੇ ਕੂਕ ਰਵਾਲ
ਅੰਨ੍ਹੇ ਰਾਜੇ ਦੀ ਨਗਰੀ ਉਂਜ ਹਰ ਕੋਈ ਕੋਤਵਾਲ।

ਸ਼ਰੀਫ਼ ਹੋਰਾਂ ਦੀ ਪੰਜਾਬੀ ਸ਼ਾਇਰੀ ਦੀ ਦੂਜੀ ਕਿਤਾਬ 'ਓੜਕ ਹੁੰਦੀ ਲੋਅ' ਦੇ ਨਾਂ ਨਾਲ 1995 ਈਸਵੀ ਵਿੱਚ ਛਾਪੇ ਚੜ੍ਹੀ। ਅਸਲੋਂ ਇਹ ਉਹਨਾਂ ਦੀਆਂ 1980 ਈਸਵੀ ਤੋਂ ਪਹਿਲਾਂ ਸਿਰਜੀਆਂ ਨਜ਼ਮਾਂ ਅਤੇ ਗ਼ਜ਼ਲਾਂ ਦਾ ਭਰਵਾਂ ਪੂਰ ਏ। ਵੰਨਗੀ ਲਈ ਕੁੱਝ ਸ਼ਿਅਰ

ਮੂਹੋਂ ਭਾਵੇਂ ਗੱਲ ਨਾ ਨਿਕਲੇ ਹੋਂਠ ਫੜਕ ਕੇ ਰਹਿ ਜਾਂਦੇ ਨੇਂ
ਕਹਿਣੇ ਵਾਲੇ ਇੰਝ ਵੀ ਆਪਣੇ ਦਿਲ ਦੀਆਂ ਗੱਲਾਂ ਕਹਿ ਜਾਂਦੇ ਨੇਂ
ਤੇਰੇ ਇੰਟਰਕੰਟੀਨੈਂਟਲ ਤੂੰ ਕੀ ਜਾਣੇ ਗੁਨ੍ਹ ਪਕਾਉਣਾ
ਨਾ ਤੋਂ ਵੱਢ ਚੁਣੇ ਨਾ ਸਰਘੀ ਉੱਠ ਕੇ ਚੱਕੀ ਝੋਈ।

1962 ਈਸਵੀ ਵਿੱਚ ਸ਼ਰੀਫ਼ ਕੁੰਜਾਹੀ ਹੋਰਾਂ ਮਗ਼ਰਬੀ ਪੰਜਾਬ ਵਿੱਚ ਤਨਕੀਦ ਦੀ ਪਹਿਲੀ ਕਿਤਾਬ ਲਿਖ ਕੇ ਇੱਕ ਘਾਟੇ ਨੂੰ ਪੂਰਨ ਦਾ ਚਾਰਾ ਕੀਤਾ। ਇਸ ਅਣਮੁੱਲੀ ਕਿਤਾਬ ਦਾ ਨਾਂ 'ਝਾਤੀਆਂ' ਏ। ਮਾਰਕਸੀ ਅਤੇ ਨਫ਼ਸੀਆਤੀ ਤਨਕੀਦ ਦਾ ਸੋਹਣਾ ਨਮੂਨਾ ਏ। ਇਹਦੇ ਰਾਹੀਂ ਪੰਜਾਬੀ ਪੜ੍ਹਤ ਕਾਰ ਸੋਹਣੀ ਅਤੇ ਨਵੇਕਲੀ ਪੰਜਾਬੀ ਨਸ਼ਰ ਦੇ ਸਵਾਦ ਦੇ ਜਾਣੂੰ ਬਣੇ। ਬੀ. ਟੀ. ਕਰਦਿਆਂ ਸੈਂਟਰਲ ਟਰੇਨਿੰਗ ਕਾਲਜ ਦੇ ਉਸਤਾਦਾਂ ਦੀ ਪਿਆਰ ਭਰੀ ਤਵੱਜੋ ਮਾਰਕਸ ਤੇ ਈਡਲਰ ਵਿੱਚ ਦਿਲਚਸਪੀ ਅਤੇ ਕਾਲਜ ਦੀ ਲਾਇਬਰੇਰੀ ਤੋਂ ਪੂਰਾ ਪੂਰਾ ਲਾਭ ਚੁੱਕਣ ਦੇ ਸਿੱਟੇ ਈ ਸ਼ਰੀਫ਼ ਸਾਹਿਬ ਵਿੱਚ ਪਰਖ ਦਾ ਸੁਭਾਅ ਉੱਸਰਿਆ ਅਤੇ ਅਟਕਲ ਪਕੇਰੀ ਹੋਈ ਜੀਹਦੇ ਪਾਰੋਂ ਇਹ ਤਨਕੀਦੀ ਮਜ਼ਮੂਨ ਲਿਖੇ ਜਿਹੜੇ 'ਝਾਤੀਆਂ' ਦੇ ਗਹਿਣੇ ਨੇਂ।

1977 ਈਸਵੀ ਵਿੱਚ ਉਹਨਾਂ ਦੀ ਤਬਾਅ ਨੇ ਇੱਕ ਨਵਾਂ ਰਾਹ ਫੜਿਆ ਅਤੇ ਤਰਜਮਾ ਕਾਰੀ ਦੇ ਮੈਦਾਨ ਵਿੱਚ ਆਪਣੀ ਧਾਕ ਬਠਾ ਦਿੱਤੀ। ਉਹਨਾਂ ਅਲਾਮਾ ਇਕਬਾਲ ਦੀਆਂ ਤਿੰਨ ਕਿਤਾਬਾਂ 'ਜਾਵੇਦ ਨਾਮਾ' 'ਖ਼ੁਤਬਾਤੇ ਇਕਬਾਲ' ਅਤੇ 'ਇਲਮ ਅਲ ਇਕਤਸਾਦ' ਦਾ ਪੰਜਾਬੀ ਨਸਰ ਵਿੱਚ ਤਰਜੁਮਾ ਕਰ ਵਿਖਾਇਆ। ਇਹ ਉਨ੍ਹਾਂ ਦੀ ਪੰਜਾਬੀ ਜ਼ੁਬਾਨ ਨਾਲ ਮੁਹੱਬਤ ਤੇ ਹੈ ਈ ਸੀ ਜਿੰਨੇ ਓਹਨਾਂ ਕੋਲੋਂ ਆਪਣੇ ਮੰਨ ਪਸੰਦ ਸ਼ਾਇਰ ਨੂੰ ਆਪਣੇ ਪੰਜਾਬੀ ਪੜ੍ਹਾਕਾਂ ਦੇ ਹੋਰ ਨੇੜੇ ਕਰਨ ਦਾ ਜਤਨ ਕਰਾ ਦਿਤਾ। ਇਹ ਕਿਤਾਬਾਂ 'ਬਜ਼ਮ ਇਕਬਾਲ' ਨੇ ਛਾਪੀਆਂ ਸਨ ਜਿਹਦੇ ਸੈਕਟਰੀ ਤਦੋਂ ਅਹਿਮਦ ਨਦੀਮ ਕਾਸਮੀ ਸਨ ਇਹ ਇੱਕ ਸੌਖਾ, ਸਲੀਸ ਅਤੇ ਬਾ-ਮੁਹਾਵਰਾ ਤਰਜੁਮਾ ਕਾਰੀ ਦਾ ਉਮਦਾ ਤਜਰਬਾ ਸੀ। ਸ਼ਰੀਫ਼ ਸਾਹਿਬ ਨੇ ਬੜੀਆਂ ਔਖੀਆਂ ਇਸਤਲਾਹਵਾਂ ਤੇ ਤਰਕੀਬਾਂ ਲਈ ਨਵੇਂ ਨਵੇਂ ਲਫ਼ਜ਼ਾਂ ਦੀ ਘੜਤ ਪੰਜਾਬੀ ਨੂੰ ਦਾਨ ਕੀਤੀ। ਗੰਭੀਰ ਤਰਕੀਬਾਂ ਦੇ ਵਟੇ ਵਿੱਚ ਇੰਝ ਦੇ ਜਚਵੀਂ ਅਤੇ ਢੁਕਵੇਂ ਅੱਖਰ ਕੱਢ ਲਿਆਉਂਦੇ ਨੇਂ ਕਿ ਇਲ ਆਨੇ ਅੱਡ ਖਲੋਂਦੀ ਏ। ਇਲਮ ਅਲ ਇਕਤਸਾਦ ਇੱਕ ਖ਼ੁਸ਼ਕ ਤੇ ਤਕਨੀਕੀ ਜਿਹਾ ਮਜ਼ਮੂਨ ਏ। ਪਰ ਸ਼ਰੀਫ਼ ਸਾਹਿਬ ਨੇ ਇਹਦੀਆਂ ਟਰਮਾਂ ਲਈ ਆਪਣੇ ਸੋਹਣੇ ਵਟਾਵੇਂ ਲਫ਼ਜ਼ ਘੜੇ ਨੇਂ ਕਿ ਰਹੇ ਨਾਮ ਸਾਈਂ ਦਾ।

1978 ਈਸਵੀ ਵਿੱਚ ਉਹਨਾਂ ਆਪਣੀ ਅੰਮਾਂ ਜੀ ਦੀ ਤਾਂਘ ਨੂੰ ਆਦਰ ਦਿੰਦਿਆਂ ਸਿਵੀਆਂ ਪੰਜ ਸਵਰਾ ਦਾ ਪੰਜਾਬੀ ਨਸ਼ਰ ਵਿੱਚ ਤਰਜੁਮਾ ਕੀਤਾ। ਖ਼ੁਤਬਾਤੇ ਨੱਬਵੀ ਨੂੰ ਵੀ ਸੋਹਣਾ ਪੰਜਾਬੀ ਰੂਪ ਦਿੱਤਾ। 1979 ਈਸਵੀ ਵਿੱਚ ਉਹਨਾਂ ਪੰਜਾਬੀ ਲੁਗ਼ਤ ਡੋਲੀ। ਇਹ ਵੀ ਉਹਨਾਂ ਦੇ ਪੰਜਾਬੀ ਨਾਲ ਪਿਆਰ ਅਤੇ ਔਖ ਪਸੰਦ ਤਬਾਅ ਦੀ ਕਰਾਮਾਤ ਸੀ ਕਿ ਵੱਡੇ ਅਦਾਰਿਆਂ ਦੇ ਕਰਨ ਵਾਲੇ ਕੰਮਾਂ ਦਾ ਭਾਰ ਆਪਣੇ ਮੋਢਿਆਂ ਉੱਤੇ ਚਾ ਲੈਂਦੇ ਅਤੇ ਪੰਜਾਬੀ ਦੀ ਛੱਤ ਦੇ ਮਘ ਮਾਰਦੇ ਰਹਿੰਦੇ।

1985 ਈਸਵੀ ਵਿੱਚ ਸ਼ਰੀਫ਼ ਸਾਹਿਬ ਮਹਿਕਮਾਂ ਔਕਾਫ਼ ਪੰਜਾਬ ਦੇ ਮਿਲ ਵਰਤਣ ਨਾਲ਼ ਇੱਕ ਕਿਤਾਬ 'ਸ਼ਾਹਦੌਲਾ, ਹਯਾਤੀ ਔਰ ਤਾਲੀਮਾਤ' ਸਿਰੇ ਚਾੜ੍ਹੀ ਜਿਦੇ ਵਿੱਚ ਉਹਨਾਂ ਦੀ ਹਯਾਤੀ, ਕਰਨੀਆਂ ਅਤੇ ਵਿਚਾਰਾਂ ਉੱਪਰ ਚਾਨਣ ਪਾਉਣ ਤੋਂ ਵੱਖ ਸ਼ਾਹਦੌਲਾ ਸਾਹਿਬ ਨਾਲ ਮਨਸੂਬ ਨਿੱਕ ਸਿਰੇ ਚੂਹਿਆਂ ਦੀ ਬੀਮਾਰੀ ਦਾ ਜੀਨੀਆਤੀ ਵੇਰਵਾ ਵੀ ਸ਼ਾਮਲ ਸੀ।

ਸ਼ਰੀਫ਼ ਦਾ ਫ਼ਿਕਰੀ ਮਹਿਵਰ ਲਸਾਨੀਆਤ ਵੱਲ ਹੋਣ ਦੀ ਵਜਾਹ ਕਰਕੇ ਉਨ੍ਹਾਂ ਲਫ਼ਜ਼ਾਂ ਦੀ

ਸਾਖ਼ਤ ਅਤੇ ਮਮਾਸਲਤ ਅਤੇ ਗੌਰ ਕਰਨਾ ਸ਼ੁਰੂ ਕੀਤਾ 1991 ਈਸਵੀ ਵਿੱਚ ਉਹਨਾਂ ਦੀ ਪੰਜਾਬੀ ਸਕੈਂਡਿਨੈਵਿਅਨ ਲੈਂਗੁਏਜ ਕਾਂਟੈਕਟ ਨਾਂ ਦੀ ਇੱਕ ਪੌਣੇ ਦੋ ਸੌ ਸਫ਼ਿਆਂ ਦੀ ਕਿਤਾਬ ਛਪੀ। ਇਹ ਉਹਨਾਂ ਦੀ ਇਕਲੌਤੀ ਅੰਗਰੇਜ਼ੀ ਕਿਤਾਬ ਏ ਜੀਹਦੇ ਵਿੱਚ ਉਹਨਾਂ ਪੰਜਾਬੀ ਅਤੇ ਸਕੈਨਡੇਨੇਵੀਅਨ ਜ਼ੁਬਾਨਾਂ ਨਾਰਵੀਜਨ, ਡੇਨਿਸ਼ ਅਤੇ ਸਵੀਡਸ਼ ਵਿਚਕਾਰ ਲੱਗਭਗ 2000 ਸਾਂਝੇ ਲਫ਼ਜ਼ਾਂ ਦਾ ਵੇਰਵਾ ਕੀਤਾ ਏ ਅਤੇ ਨਾਲ ਈ ਇਹ ਨਜ਼ਰੀਆ ਵੀ ਪੇਸ਼ ਕੀਤਾ ਏ ਕਿ ਆਰੀਆਵਾਂ ਤੋਂ ਵੀ ਅਲਰੋਂ ਉਹਨਾਂ ਅਲਾਕਿਆਂ ਦੇ ਲੋਕਾਂ ਹਿੰਦੁਸਤਾਨ ਦੀ ਜੂਹ ਵੱਲ ਮੂੰਹ ਕੀਤਾ ਅਤੇ ਏਥੇ ਆਨ ਵਸੇ ਸਨ। ਕੁਰਾਨ ਸ਼ਰੀਫ਼ ਦਾ ਪੰਜਾਬੀ ਤਰਜੁਮਾ 1996 ਈਸਵੀ ਵਿੱਚ ਛਪ ਕੇ ਕਿਤਾਬੀ ਸ਼ਕਲ ਵਿੱਚ ਸਾਹਮਣੇ ਆਇਆ। ਇਹ ਉਹਨਾਂ ਦੀ ਇੱਕ ਰਮਜ਼ਾਨ ਸ਼ਰੀਫ਼ ਤੋਂ ਟੁਰ ਕੇ ਦੂਜੇ ਰਮਜ਼ਾਨ ਸ਼ਰੀਫ਼ ਤੱਕ ਪੂਰੇ ਇੱਕ ਸਾਲ ਦੇ ਕਸ਼ਟ ਦਾ ਨਤੀਜਾ ਸੀ। ਇਹ ਇੱਕ ਅਣਮੁੱਲਾ ਮੁਕੱਦਸ ਜਤਨ ਸੀ ਜਿਹਦੇ ਵਿੱਚ ਨੇਕੀ ਦੀ ਰਾਹ ਉੱਤੇ ਟੁਰਨ ਦਾ ਅਹਿਸਾਸ ਕਦਮ ਕਦਮ ਤੇ ਮੌਜੂਦ ਸੀ ਪਰ ਇਹਦੇ ਪਾਰੋਂ ਪੰਜਾਬੀ ਜ਼ੁਬਾਨ ਤੇ ਅਦਬ ਉੱਤੇ ਵੀ ਢੇਰ ਅਹਿਸਾਨ ਚਾ ਕੀਤੇ ਨੇਂ।

ਤਰਜੁਮੇ ਦੇ ਇਸ ਢੰਗ ਨੂੰ ਨਾ ਤੇ ਅਸੀਂ ਸਿੱਧੀ ਸਾਵੀਂ ਨਸਰ ਆਖ ਸਕਦੇ ਆਂ ਤੇ ਨਾ ਨਜ਼ਮ ਦਾ ਅੰਗ। ਸਗੋਂ ਇਹ ਆਜ਼ਾਦ ਸ਼ਾਇਰੀ ਦਾ ਇੱਕ ਮਨਮੋਹਣਾ ਨਮੂਨਾ ਏ ਜਿਹਦੇ ਵਿੱਚ ਕੁਰਾਨ ਸ਼ਰੀਫ਼ ਵਰਗੀ ਰਵਾਨੀ ਤੇ ਰਿਦਮ ਮੌਜੂਦ ਏ ਜਿਹੜੀ ਅਲਹਮਦ ਤੋਂ ਲੈ ਕੇ ਵੱਨਾਸ ਤੱਕ ਇੱਕੋ ਜਿਹੀ ਕਾਇਮ ਏ।

ਇਹ ਪੰਜਾਬੀ ਨਸ਼ਰ ਲਿਖਣ ਦਾ ਇੱਕ ਸੋਹਣਾ ਤੇ ਸਫ਼ਲ ਤਜਰਬਾ ਏ ਜਿਹਦੇ ਵਿੱਚ ਸ਼ਰੀਫ਼ ਸਾਹਿਬ ਨੇ ਹਜ਼ਾਰਾਂ ਨਵੇਂ ਲਫ਼ਜ਼ਾਂ ਤੇ ਤਰਕੀਬਾਂ ਦੀ ਘੜਤ ਪੰਜਾਬੀ ਦੀ ਝੋਲੀ ਪਾਈ ਏ। ਇਹ ਵੀ ਸਾਬਤ ਕਰ ਦਿੱਤਾ ਏ ਕਿ ਪੂਰੇ ਪੰਜਾਬ ਦੀ ਕਲਾ ਵਿੱਚ ਨਸਰ ਲਿਖਣ ਦਾ ਢੰਗ ਅਪਣਾਇਆ ਅਤੇ ਰਿਵਾਜ ਦਿੱਤਾ ਜਾ ਸਕਦਾ ਏ। ਅਜੇਹਾ ਢੰਗ ਜੀਹਦਾ ਖ਼ਮੀਰ ਪੰਜਾਂ ਦਰਿਆਵਾਂ ਦੀ ਧਰਤੀ ਵਿੱਚੋਂ ਉੱਠਿਆ ਹੋਵੇ ਅਤੇ ਜੀਹਦੀ ਸਿੰਧੀ ਨਾਲ ਵੀ ਜੜਤ ਹੋਵੇ।

'ਰਿਗ ਵੇਦ ਇੱਕ ਝਾਤ' 29 ਜਨਵਰੀ 2004 ਈਸਵੀ ਨੂੰ ਅਲਮੀਰ ਟਰੱਸਟ ਲਾਇਬਰੇਰੀ ਵੱਲੋਂ ਛਪ ਕੇ ਸਾਹਮਣੇ ਆਈ। ਇਹ ਲਸਾਨੀਆਤ ਦੇ ਜ਼ਾਵੀਏ ਤੋਂ ਇੱਕ ਮੁੱਢ ਕਦੀਮੀ ਕਿਤਾਬ ਨੂੰ ਸਮਝਣ ਸਮਝਾਵਣ ਦਾ ਇੱਕ ਚਾਰਾ ਏ ਅਤੇ ਸ਼ਰੀਫ਼ ਸਾਹਿਬ ਦੀ ਰਵਾਦਾਰੀ ਉੱਤੇ ਮਬਨੀ ਸੋਚ ਦਾ ਇੱਕ ਨਤੀਜਾ ਵੀ।

'ਜਪੁ ਜੀ ਇੱਕ ਝਾਤ' 29 ਜਨਵਰੀ 2005 ਈਸਵੀ ਨੂੰ ਵਰਤੀਜੀ। ਇਹ ਗੁਰੂ ਗਰੰਥ ਸਾਹਿਬ ਦੇ ਮੁਢਲੇ ਹਿੱਸੇ 'ਜਪੁ ਜੀ' ਦੇ ਸੌਖੀ ਪੰਜਾਬੀ ਅਤੇ ਉਰਦੂ ਵਿੱਚ ਤਰਜੁਮੇ ਉੱਤੇ ਮਸ਼ਤਮਲ ਏ। ਇਹ ਗੁਰੂ ਨਾਨਕ ਜੀ ਦੇ ਤੌਹੀਦੀ ਪੈਗ਼ਾਮ ਨੂੰ ਸੌਖੇ ਸੁਭਾਅ ਸਮਝਣ ਦੀ ਇੱਕ ਸੋਹਣੀ ਕੋਸ਼ਿਸ਼ ਏ।

ਅਕਤੂਬਰ 2005 ਈਸਵੀ ਵਿੱਚ ਈ ਸ਼ਰੀਫ਼ ਕੁੰਜਾਹੀ ਹੋਰਾਂ ਦੀ ਪੰਜਾਬੀ ਵਿੱਚ ਲਿਖੀ ਜੀਵਨੀ 'ਸਾਹਵਾਂ ਦਾ ਵੀਜ਼ਾ' ਦੇ ਨਾਂ ਨਾਲ ਇੱਕ ਬੜੀ ਸੋਹਣੀ ਕਿਤਾਬ ਦੀ ਸ਼ਕਲ ਵਿੱਚ ਸਾਹਮਣੇ ਆਈ। ਇਹ ਵੀ ਅਲਮੀਰ ਟਰੱਸਟ ਲਾਇਬਰੇਰੀ ਵਲੋਂ ਆਰਫ਼ ਅਲੀ ਮੀਰ ਹੋਰਾਂ ਦੀ ਬੜੀ ਅਣਮੁੱਲੀ ਤੇ ਬੇ ਮਿਸਾਲ ਕੋਸ਼ਿਸ਼ ਆਖੀ ਜਾ ਸਕਦੀ ਏ। ਇਹਨੂੰ ਅਸੀਂ ਅੱਜ ਤੀਕਰ ਦੀ ਪਹਿਲੀ ਪੰਜਾਬੀ ਜੀਵਨ ਕਥਾ ਕਹਿ ਸਕਦੇ ਆਂ ਕਮ ਅਜ ਕਮ ਲਹਿੰਦੇ ਪੰਜਾਬ ਵਿੱਚ। ਇਹਦੇ ਵਿੱਚ ਪਿਛਲੀ ਪੂਰੀ ਸਦੀ ਦੀ ਸਮਾਜੀ, ਮੁਆਸ਼ੀ, ਸਿਆਸੀ, ਮਜ਼ਹਬੀ ਅਤੇ ਅਦਬੀ ਤਾਰੀਖ਼ ਦੇ ਬੜੇ ਨਾਦਰ ਹਵਾਲੇ ਨੇਂ।

ਸ਼ਰੀਫ਼ ਕੁੰਜਾਹੀ ਕਿਸੇ ਸਿਲੇ ਸਤਾਅਸ਼ ਦੀ ਪਰਵਾਹ ਕੀਤਿਆਂ ਬਗ਼ੈਰ ਪੰਜਾਬੀ ਜ਼ੁਬਾਨ ਦਾ ਮੂੰਹ ਮੁਹਾਂਦਰਾ ਸੰਵਾਰਨ ਵਿੱਚ ਜੁਟੇ ਰਹੇ। ਉਹ ਆਪ ਮੁਹਾਰੇ ਈ ਇਹਦੇ ਘਾਟੇ ਕਮੀਆਂ ਪੂਰਨ ਦੇ ਵਾਹ ਲਾਉਂਦੇ ਨਾ ਥੱਕੇ। ਪੰਜਾਬੀ ਜ਼ੁਬਾਨ ਸਦਾ ਉਨ੍ਹਾਂ 'ਤੇ ਮਾਣ ਕਰੇਂਦੀ ਰਹੀ।

ਇੰਝ ਉਰਦੂ ਲਈ ਵੀ ਉਹਨਾਂ ਦਾ ਕੰਮ ਵਧੇਰੇ ਅਹਿਮੀਅਤ ਰੱਖਦਾ ਏ।

ਰਸਲ ਦੀ ਕਿਤਾਬ 'ਰੋਡਸ ਟੂ ਫ਼ਰੀਡਮ' ਦਾ ਉਰਦੂ ਤਰਜੁਮਾ, 'ਆਜ਼ਾਦੀ ਕੀ ਰਾਹੇਂ' 'ਆਜ਼ਾਦ ਸਮਾਜ' ਗੁਰੂ ਨਾਨਕ ਦੇ ਕਲਾਮ ਦਾ ਉਰਦੂ ਰੂਪ, 'ਕਹੇ ਫ਼ਰੀਦ' ਦੇ ਨਾਂ ਤੋਂ ਬਾਬਾ ਫ਼ਰੀਦ ਦੀ ਸ਼ਾਇਰੀ ਦਾ ਉਰਦੂ ਤਰਜੁਮਾ, 'ਖ਼ੁਤਬਾਤ ਇਕਬਾਲ' ਦਾ

ਉਰਦੂ ਤਰਜੁਮਾ ਨਸਰੀ ਤਰਜੁਮਾ ਅਤੇ ਪੀਰ ਵਾਰਸ ਸ਼ਾਹ ਦਾ ਉਰਦੂ ਨਸਰੀ ਤਰਜੁਮਾ ਇਹ ਸਭ ਤਰਜੁਮੇ ਨੇਂ। ਸ਼ਰੀਫ਼ ਸਾਹਿਬ ਦੇ ਉਰਦੂ ਕਲਾਮ ਦੇ ਦੋ ਮਜਮੂਏ 'ਲਮਹੋਂ ਕਾ ਸਹਿਰਾ' ਤੇ 'ਸੂਰਜ ਸੋਚ ਔਰ ਸਾਏ' ਨਾਂ ਨਾਲ ਛਪੇ ਜਿਨ੍ਹਾਂ ਵਿੱਚ ਜਿਆਦਾ ਤਰ ਚੜ੍ਹਦੀ ਜਵਾਨੀ ਦੇ ਦਿਨਾਂ ਦਾ ਕਲਾਮ ਸ਼ਾਮਲ ਏ।

ਸ਼ਰੀਫ਼ ਸਾਹਿਬ ਦੀ ਫ਼ਾਰਸੀ ਸ਼ਾਇਰੀ ਦੀ ਇੱਕ ਕਿਤਾਬ 'ਦੂਰ ਦਿਲ' ਦੇ ਨਾਂ ਨਾਲ ਛਪੀ।

ਸ਼ਰੀਫ਼ ਕੁੰਜਾਹੀ ਸ਼ਖ਼ਸੀ ਪੱਖੋਂ ਅੰਤਾਂ ਦੇ ਭਲੇ ਮਾਨਸ 'ਖ਼ਾਮੋਸ਼ ਤਬਾਅ' ਦੂਜਿਆਂ ਦਾ ਹਰ ਤਰ੍ਹਾਂ ਖ਼ਿਆਲ ਰੱਖਣ ਵਾਲੀ ਰੂਹ ਸਨ। ਕਿਸੇ ਦਾ ਦਿਲ ਨਹੀਂ ਸੀ ਦੁਖਾਉਂਦੇ। ਸ਼ਰਾਫ਼ਤ ਅਤੇ ਮੁਰੱਵਤ ਉਹਨਾਂ ਦੇ ਹੱਡਾਂ ਵਿੱਚ ਰਚੀ ਹੋਈ ਸੀ। ਲਫ਼ਜ਼ ਨਾਂ ਨੂੰ ਵੀ ਹਾਂ ਦੇ ਗੁੜ ਵਿੱਚ ਲੁਕਾ ਕੇ ਦਿੰਦੇ ਸਣ ਅਗਲਾ ਬੰਦਾ ਰੰਜ ਨਾ ਹੋ ਜਾਵੇ।

ਉੱਚ ਪੱਧਰ ਦਾ ਸ਼ਾਇਰ ਹੁੰਦਿਆਂ ਹੋਇਆਂ ਵੀ ਘਮੰਡ ਜਾ ਸ਼ਾਇਰਾਨਾ ਤਅੱਲੀ ਵਾਲ ਬਰੋਬਰ ਨਹੀਂ ਸੀ। ਆਪਣਾ ਸ਼ਿਅਰ ਸੁਣਾਉਂਦਿਆਂ ਵੀ ਝਕ ਜਾਂਦੇ ਸਨ। ਅਗਰ ਮਜਲਸ ਵਿੱਚ ਸ਼ਿਅਰ ਸੁਣਾਉਣ ਦੀ ਫ਼ਰਮਾਇਸ਼ ਹੁੰਦੀ ਤੇ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਵੱਲ ਇਸ਼ਾਰਾ ਕਰਕੇ ਆਖਦੇ ਓਧਰੋਂ ਸੁਣ ਲਵੋ।ਚੌਧਰੀ ਸਾਹਿਬ ਨੂੰ ਉਹਨਾਂ ਦਾ ਸਾਰਾ ਕਲਾਮ ਤਕਰੀਬਨ ਯਾਦ ਸੀ। ਸੁਣਾਉਂਦੇ ਇੰਝ ਸਨ ਕਿ ਹੱਕ ਅਦਾ ਕਰ ਛੱਡਦੇ ਸਨ ਸੁਣਾਉਨ ਦਾ। ਚੌਧਰੀ ਸਾਹਿਬ ਨੇ ਈ ਸ਼ਰੀਫ਼ ਸਾਹਿਬ ਨੂੰ ਜਗਰਾਤੇ ਦੀਆਂ ਦੋ ਮਸ਼ਹੂਰ ਨਜ਼ਮਾਂ ਵਿੱਚ ਦੋ ਲਫ਼ਜ਼ ਬਦਲਣ ਲਈ ਆਖਿਆ ਸੀ। ਆਪ ਹਮੇਸ਼ਾ ਉਹ ਬਦਲ ਕੇ ਈ ਸੁਣਾਉਂਦੇ ਸਨ।

ਪੰਜਾਬੀ ਜ਼ੁਬਾਨ ਤੇ ਅਦਬ ਵਿੱਚ ਸ਼ਰੀਫ਼ ਕੁੰਜਾਹੀ ਹੋਰਾਂ ਦਾ ਨਾਂ ਬਹੁੰ ਉੱਘੜਵਾਂ ਏ। ਉਹ ਨਵੀਂ ਪੰਜਾਬੀ ਸ਼ਾਇਰੀ ਦੇ ਮੋਢੀਆਂ ਅਤੇ ਮੈਅਮਾਰਾਂ ਵਿੱਚੋਂ ਇੱਕ ਨੇਂ। ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਅਹਮਦ ਰਾਹੀ ਅਤੇ ਸ਼ਰੀਫ਼ ਕੁੰਜਾਹੀ ਪੰਜਾਬੀ ਨਜ਼ਮ ਦੇ ਥੰਮ੍ਹ ਆਖੇ ਜਾ ਸਕਦੇ ਨੇਂ। ਮੇਰੀ ਜਾਚੇ ਉਹ ਜੇ 'ਜਗਰਾਤੇ' ਮਗਰੋਂ ਕੁੱਝ ਵੀ ਨਾ ਲਿਖਦੇ ਤੇ ਫ਼ਿਰ ਵੀ ਉਹਨਾਂ ਦੀ ਇਹੋ ਥਾਂ ਰਹਿਣੀ ਸੀ। ਬਾਕੀ ਰਚਨਾਵਾਂ ਨਾਲ ਤੇ ਉਹਨਾਂ ਪੰਜਾਬੀ ਜ਼ੁਬਾਨ 'ਤੇ ਅਦਬ ਸਿਰ ਦੇਣ ਤੇ ਦੇਣ ਪਏ ਚਾੜ੍ਹੇ ਨੇਂ। ਉਹਨਾਂ ਦਾ ਨਾਂ ਪੂਰੀ ਦੁਨੀਆ ਵਿੱਚ ਬੜੇ ਆਦਰ ਇੱਜ਼ਤ ਨਾਲ ਲਿਆ ਜਾਂਦਾ ਏ। ਅਤੇ ਇਹ ਗੱਲ ਗੁਜਰਾਤ ਤੇ ਕੁੰਜਾਹ ਦੇ ਵਾਸੀਆਂ ਲਈ ਬੜੀ ਮਾਣਯੋਗ ਏ। ਵਣ ਦੇ ਇਸ ਸੰਘਣੇ ਬੂਟੇ ਦੀ ਛਾਂ ਪੰਜਾਬੀ ਅਦਬ ਤੇ ਸਦਾ ਰਹਿਸੀ। 2007 ਈਸਵੀ ਨੂੰ ਉਹ ਮੋਏ ਨਹੀਂ ਚੌਧਰੀ ਫ਼ਜ਼ਲ ਹੁਸੈਨ ਹੋਰਾਂ ਦੇ ਲਫ਼ਜ਼ਾਂ ਵਿੱਚ 'ਪੂਰੇ ਹੋਏ ਨੇਂ'। ਉਹਨਾਂ ਨੂੰ ਕੁੰਜਾਹ ਵਿੱਚ ਅਲਾਮਹ ਗ਼ਨੀਮਤ ਕੁੰਜਾਹੀ ਦੀ ਸੱਜੀ ਬਾਹੀ ਦਫ਼ਨਾ ਕੇ ਕੁੰਜਾਹ ਦੇ ਵਫ਼ਾਕਸ਼ ਲੋਕਾਂ ਜਿਹੜਾ ਅਮਰ ਮਕਾਮ ਦਿੱਤਾ ਏ ਇਹ ਅਸਲੋਂ ਸ਼ਰੀਫ਼ ਕੁੰਜਾਹੀ ਹੋਰਾਂ ਦੀ ਕੀਤੀ ਲਾਹਣ ਦਾ ਇੱਕ ਹੀਲਾ ਏ।

ਸ਼ਰੀਫ਼ ਕੁੰਜਾਹੀ ਦੀ ਪਹਿਲੀ ਤੇ ਉੱਚੀ ਸੁੱਚੀ ਸ਼ਾਇਰੀ ਦੀ ਕਿਤਾਬ 'ਜਗਰਾਤੇ' ਆਈ ਪਰ ਜਦ ਇਹਦੀਆਂ ਧੁੰਮਾਂ ਚੁਫੇਰੇ ਖਿੱਲਰ ਗਈਆਂ ਤਦ ਉਹਨਾਂ ਇਹ ਜਗਰਾਤੇ ਬਾਕੀ ਦੀ ਸਾਰੀ ਹਿਆਤੀ ਲਈ ਸਹੇੜ ਲਏ। ਉਹਨਾਂ ਦਾ ਸਾਰਾ ਕੰਮ ਐਸ਼ ਆਰਾਮ ਦੀ ਜ਼ਿੰਦਗੀ ਨੂੰ ਤੱਜਣ ਤੇ ਜਗਰਾਤੇ ਮਨ ਵਿੱਚ ਵਸਾ ਲੈਣ ਪਾਰੋਂ ਈ ਸਿਰੇ ਚੜ੍ਹਿਆ। ਕਰਨਲ ਅਲੀਆਸ ਹੋਰਾਂ ਕਦੀ ਇਸ ਸ਼ਿਅਰ ਰਾਹੀਂ ਉਹਨਾਂ ਨੂੰ ਸਲਾਹਣਾ ਦੇ ਫੁੱਲ ਪੇਸ਼ ਕੀਤੇ ਸਨ:

ਸਦਾ ਨਾ ਚੰਨਨ ਬੂਰ ਰੁੱਖਾਂ ਨੂੰ ਸਦਾ ਨਾ ਸੰਗ ਹਮਰਾਹੀ
ਕਦ ਕਿਸੇ ਜਗਰਾਤੇ ਕੱਟਣੇ ਵਾਂਗ ਸ਼ਰੀਫ਼ ਕੁੰਜਾਹੀ।

■

ਨਹੀਂ ਲੱਭਣੇ ਲਾਲ ਗਵਾਚੇ

# ਮਰਨ ਦਾ ਸ਼ੌਕੀਨ : ਮੁਨੀਰ ਨਿਆਜ਼ੀ

**ਮਸੂਦ ਮੁਨੱਵਰ**

ਸਫ਼ਰ ਦੀ ਰਾਤ ਮੁੱਕ ਗਈ। ਸਾਈਂ ਮੁਨੀਰ ਨਿਆਜ਼ੀ ਰਹਿਮਤ ਅੱਲਾ ਅਲੇਹ ਹਯਾਤੀ ਦਾ ਦਰਿਆ ਪਾਰ ਕਰ ਗਏ। ਮੰਗਲ, 26 ਦਸੰਬਰ 2006 ਈਸਵੀ ਉਹਨਾਂ ਦੇ ਕੂਚ ਦਾ ਦਿਨ ਮਿਥਿਆ ਗਿਆ ਸੀ। ਉਹ ਉਣਾਸੀ ਸਾਲ ਦੇ ਸਨ। ਮੁਨੀਰ ਉਹਨਾਂ ਲੋਕਾਂ ਚੋਂ ਸਨ ਜਿਹੜੇ ਕਦੀ ਨਹੀਂ ਮਰਦੇ ਪਰ ਉਹਨਾਂ ਨੂੰ ਮਰਨ ਦਾ ਬੜਾ ਸ਼ੌਕ ਹੁੰਦਾ ਏ। ਉਹਨਾਂ ਨੇ ਆਪ ਹੀ ਕਿਹਾ ਸੀ:

ਕੁੱਝ ਉਂਜ ਵੀ ਰਾਹਵਾਂ ਔਖੀਆਂ ਸਨ
ਕੁੱਝ ਗੱਲ ਵਿੱਚ ਗ਼ਮ ਦਾ ਤੌਕ ਵੀ ਸੀ
ਕੁੱਝ ਸ਼ਹਿਰ ਦੇ ਲੋਕ ਵੀ ਜ਼ਾਲਿਮ ਸਨ
ਕੁੱਝ ਮੈਨੂੰ ਮਰਨ ਦਾ ਸ਼ੌਕ ਵੀ ਸੀ
ਤੇ ਓੜਕ ਮੁਨੀਰ ਦਾ ਸ਼ੌਕ ਪੂਰਾ ਹੋ ਗਿਆ।

ਮੌਤ ਝਾਤੀ ਪਾਈ ਤੇ ਮੁਨੀਰ ਨੂੰ ਨਾਲ ਲੈ ਗਈ। ਪਰ ਉਹ ਕਿਤੇ ਵੀ ਨਹੀਂ ਗਏ। ਕੁੱਝ ਲੋਕ ਅਜਿਹੇ ਹੁੰਦੇ ਨੇ ਜਿਨ੍ਹਾਂ ਦੀ ਜ਼ਿੰਦਗੀ ਮੌਤ ਨਾਲ ਮੁੱਕ ਨਹੀਂ ਜਾਂਦੀ। ਮੁਨੀਰ ਵੀ ਉਹਨਾਂ ਲੋਕਾਂ ਵਿੱਚੋਂ ਨੇਂ।

ਮੈਂ ਇਸ ਗੱਲ ਨੂੰ ਜ਼ਰਾ ਦੂਜੇ ਲਫ਼ਜ਼ਾਂ ਵਿੱਚ ਕਹਿਣਾ ਚਾਹਵਾਂਗਾ। ਜਦੋਂ ਕਮਿਊਨੀਕੇਸ਼ਨ ਦਾ ਕਾਰੀਕਰਮ ਚਲ ਰਿਹਾ ਹੋਵੇ ਉਸ ਵੇਲੇ ਸ਼ਬਦ ਤਾਂ ਕੰਨਾਂ ਵਿੱਚ ਘੁਲ ਜਾਂਦੇ ਨੇਂ ਪਰ ਸਮਝ ਆਪਣੀ ਥਾਂ ਤੋਂ ਨਹੀਂ ਹਿਲਦੀ। ਸੁਣਨ ਤੇ ਪੜ੍ਹਨ ਵਾਲਾ ਆਪਣੀ ਸਮਝ ਵਰਤਦਾ ਏ। ਇੰਝ ਦੂਜੇ ਬੰਦੇ ਕੋਲ਼ ਜਾ ਕੇ ਸ਼ਬਦਾਂ ਦਾ ਅਨੁਵਾਦ ਹੋ ਜਾਂਦਾ ਏ। ਸ਼ਬਦਾਂ ਦਾ ਅਰਥ ਬਦਲ ਜਾਂਦਾ ਏ। ਮੇਰਾ ਮਤਲਬ ਏ ਮੈਂ ਉਹਨਾਂ ਲੋਕਾਂ ਵਿੱਚੋਂ ਨਹੀਂ, ਜਿਨ੍ਹਾਂ ਲਈ ਲੋਕ ਮਰ ਜਾਂਦੇ ਨੇਂ। ਮੌਤ ਕਿਸੇ ਨੂੰ ਮਿਟਾ ਨਹੀਂ ਸਕਦੀ। ਮੌਤ ਇੱਕ ਟਰਾਂਜ਼ਿਟ ਲਾਊਂਜ ਏ ਜਿੱਥੋਂ ਲੋਕੀ ਜਹਾਜ਼ ਬਦਲਦੇ ਨੇਂ। ਮੁਨੀਰ ਨਿਆਜ਼ੀ ਅੱਜ ਵੀ ਹਯਾਤ ਏ ਪਰ ਓਹਨਾਂ ਬਾਰੇ ਗੱਲ ਕਰਨਾ ਇੰਜ ਈ ਏ ਜਿਵੇਂ ਕਿਸੇ ਡੂੰਘੀ ਤੇ ਤਲ ਪਾਟੀ ਝੀਲ ਵਿੱਚ ਕਿਸੇ ਟੁੱਟੇ ਹੋਏ ਡਲ਼ੇ ਦੀ ਬਿੱਬਰੀ ਸੁੱਟਣਾ। ਮੁਨੀਰ ਦੀ ਜ਼ਿੰਦਗੀ ਇੱਕ ਲੰਮੀ ਕਵਿਤਾ ਵਰਗੀ ਏ। ਇੱਕ ਅਜਿਹੀ ਲੋਕ ਦਾਸਤਾਨ ਜਿਹੜੀ ਹਰ ਦੁਪਹਿਰ ਨੂੰ ਤੂਤਾਂ ਦੀ ਸੰਘਣੀ ਛਾਂ ਥੱਲੇ ਵਤ ਵਤ ਪੜ੍ਹੀ ਜਾਂਦੀ

ਏ। ਕਦੀ ਲਗਦਾ ਏ ਮੁਨੀਰ ਦੀ ਸ਼ਾਇਰੀ ਇੱਕ ਜਿਊਂਦੀ ਜਾਗਦੀ ਕੁੜੀ ਏ ਜਿਹੜੀ ਰਸਤਾ ਭੁੱਲ ਗਈ ਏ ਤੇ ਉਹਨੂੰ ਰਾਹ ਵਿਖਾਉਣ ਲਈ ਕੁੱਲ ਜਹਾਨ ਉੱਠ ਕੇ ਟੁਰ ਪਿਆ ਏ।

ਮੁਨੀਰ ਨਿਆਜ਼ੀ ਦੀ ਹਯਾਤੀ ਦਾ ਪੈਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਨਿੱਕੇ ਜਿਹੇ ਪਿੰਡ ਖ਼ਾਨਪੁਰ ਤੋਂ ਸ਼ੁਰੂ ਹੋਇਆ ਸੀ। ਰਸਤੇ ਵਿੱਚ ਸ੍ਰੀਨਗਰ ਵੀ ਆਇਆ, ਬਹਾਵਲਪੁਰ ਤੇ ਸਾਹੀਵਾਲ਼ ਵੀ ਪਰ ਉਹਨਾਂ ਦੀ ਡਾਚੀ ਲਾਹੌਰ ਆ ਕੇ ਬਹਿ ਗਈ ਤੇ ਫਿਰ ਇਹ ਸ਼ਹਿਰ ਉਹਨਾਂ ਦਾ ਸ਼ਹਿਰ ਬਣ ਗਿਆ।

ਮੁਨੀਰ ਨੇ ਸਮੁੰਦਰੀ ਫ਼ੌਜ ਵਿੱਚ ਨੌਕਰੀ ਵੀ ਕੀਤੀ ਪਰ ਕਦੀ ਇਸ ਨੌਕਰੀ ਦਾ ਨਾਂ ਭੁੱਲ ਕੇ ਵੀ ਨਹੀਂ ਲਿਆ। ਇਹ ਮੁਲਾਜ਼ਮਤ ਉਹਨਾਂ ਦੀ ਹਯਾਤੀ ਦਾ ਇੱਕ ਗੁੱਝਾ ਪੱਖ ਸੀ। ਇਸ ਮੁਲਾਜ਼ਮਤ ਦੀ ਯਾਦ ਸ਼ਾਇਦ ਪਾਣੀ ਦਾ ਉਹ ਇਸਤਆਰਾ ਏ ਜਿਹੜਾ ਉਹਨਾਂ ਦੀ ਸ਼ਾਇਰੀ ਦਾ ਇੱਕ ਵੱਡਾ ਰਚਾ ਏ:

ਇਸ ਜ਼ਮੀਨ 'ਤੇ ਟੁਰਦੇ ਜਾਵੋ ਅੱਗੇ ਮਿਲੇਗਾ ਪਾਣੀ
ਇਸ ਜ਼ਮੀਨ ਨੂੰ ਪੁੱਟਦੇ ਜਾਵੋ ਥੱਲੇ ਹੋਵੇਗਾ ਪਾਣੀ
ਚਾਰੇ ਪਾਸੇ ਮਲ ਕੇ ਬੈਠਾ, ਲਾ ਕੇ ਫਾਹੀਆਂ ਪਾਣੀ
ਚੰਨ ਨੂੰ ਵੇਖ ਕੇ ਸ਼ੂਕਰਾਂ ਮਾਰੇ ਵਾਂਗ ਸੌਦਾਈਆਂ ਪਾਣੀ

ਮੁਨੀਰ ਨਿਆਜ਼ੀ ਦੀ ਸ਼ਾਇਰੀ ਤੇ ਸ਼ਖ਼ਸੀਅਤ ਦਾ ਦਾਇਰਾ ਐਨਾ ਵੱਡਾ ਏ ਜੋ ਮੇਰੇ ਜਿਹੇ ਬੌਣੇ ਦੀ ਨਿਗਾਹ ਓਥੇ ਤੀਕ ਨਹੀਂ ਅੱਪੜ ਸਕਦੀ। ਉਹ ਇੱਕ ਅਜਿਹਾ jade ਏ ਜੀਹਦੇ ਹਜ਼ਾਰਾਂ ਸ਼ੇਡ ਨੇਂ। ਸਮਝ ਨਹੀਂ ਆਉਂਦੀ ਕਿ ਕਿਹੜੇ ਕਿਹੜੇ ਸ਼ੇਡ ਦੀ ਗੱਲ ਕਰਾਂ। ਉਹਦੀ ਸ਼ਾਇਰੀ ਇਸ ਵੇਲੇ ਦਾ ਸਭ ਤੋਂ ਵੱਡਾ ਲੇਖਾ ਏ। ਉਹਦੇ ਨਾਲ ਬਿਤਾਏ ਹੋਏ ਸਮੇਂ ਕਹਾਣੀਆਂ ਵਰਗੇ ਨੇਂ। ਮੈਂ ਉਹ ਕਹਾਣੀਆਂ ਸੁਨਾਉਣੀਆਂ ਚਾਹਨਾਂ ਪਰ ਲੱਗੇਗਾ ਜੋ ਮੈਂ ਆਪਣੀ ਸੇਲਜ਼ਮੈਨਸ਼ਿੱਪ ਕਰ ਰਿਹਾ ਹਾਂ। ਇਹ ਕਹਾਣੀਆਂ ਮੈਂ ਜਰੂਰ ਲਿਖਾਂਗਾ ਤੇ ਤੁਹਾਨੂੰ ਸੁਣਾਵਾਂਗਾ। ਇਹ ਕਹਾਣੀਆਂ ਸੱਪ ਦੀਆਂ ਸਿਫ਼ਤਾਂ ਵਰਗੀਆਂ ਨੇ। ਕਲਾ ਦੇ ਉਸ ਸੱਪ ਦੀਆਂ ਸਿਫ਼ਤਾਂ ਵਰਗੀਆਂ ਜਿਹਨੂੰ ਮੁਨੀਰ ਕੀਲਿਆ ਹੋਇਆ ਸੀ। ਉਹ ਕਹਿੰਦਾ ਏ:

ਮਹਿਕ ਹੋਵੇ ਤੇ ਓਥੇ ਸੱਪ
ਸੁਰ ਹੋਵੇ ਤੇ ਓਥੇ ਸੱਪ
ਧਰਤੀ ਹੇਠ ਹਨੇਰਿਆਂ ਅੰਦਰ
ਜ਼ਰ ਹੋਵੇ ਤੇ ਓਥੇ ਸੱਪ

ਇੱਕ ਦਿਨ, ਸਿਖ਼ਰ ਦੁਪਹਿਰੀਂ ਮੈਂ ਤੇ ਇਜਾਜ਼ ਬਟਾਲਵੀ ਚੀਨੀ ਲੰਚ ਹੋਮ ਵਿੱਚ ਬੈਠੇ ਸ਼ਾਇਰੀ ਦੇ ਰੁੱਖ ਗਿਣ ਰਹੇ ਸਾਂ। ਇਜਾਜ਼ ਕਿਹਾ: ਮਸੂਦ! ਤੈਨੂੰ ਨਹੀਂ ਲਗਦਾ ਜੋ ਮੁਨੀਰ ਨੂੰ ਵੀਜ਼ਨ ਨਜ਼ਰ ਆਉਂਦੇ ਨੇਂ? ਮੈਨੂੰ ਉਸ ਵੇਲੇ ਮਜੀਦ ਅਮਜਦ ਹੋਰਾਂ ਦੀ ਗੱਲ ਯਾਦ ਆਈ ਜੋ ਮੁਨੀਰ ਦੀ ਸ਼ਾਇਰੀ ਅਸਮਾਨੀ ਤਾਕਤਾਂ ਦਾ ਚਮਤਕਾਰ ਨਹੀਂ, ਇਹ ਤੇ ਸੱਚ ਮੁੱਚ ਦੀ ਸ਼ਾਇਰੀ ਏ। ਪਰ ਇਜਾਜ਼ ਬਟਾਲਵੀ ਦਾ ਖ਼ਿਆਲ ਸੀ ਕਿ ਮੁਨੀਰ ਵੀਜ਼ਨਾਂ ਦੀ ਦੁਨੀਆ ਦਾ ਪਾਂਧੀ ਏ।

ਸਮੁੰਦਰ ਨੂੰ ਮੁਨੀਰ ਆਪਣਾ ਨਿੱਕਾ ਭਰਾ ਕਹਿੰਦੇ ਹੁੰਦੇ ਸੀ। ਇਕ ਵਾਰੀ ਕਰਾਚੀ ਵਿੱਚ ਪਾਕਿਸਤਾਨ ਨੇਵੀ ਦੇ ਇੱਕ ਜਹਾਜ਼ ਉੱਤੇ ਆਪਣੇ ਚਾਹਵਾਨਾਂ ਦੀ ਦਾਅਵਤ ਉੱਤੇ, ਜਿਨ੍ਹਾਂ ਨੂੰ ਉਹ admirers ਕਹਿੰਦੇ ਸਨ, ਉੱਮ-ਉਲ-ਖ਼ਬਾਅਸ ਨਾਲ ਸ਼ੁਗ਼ਲ ਕਰ ਰਹੇ ਸਨ। ਮੁਨੀਰ ਨਿਆਜ਼ੀ ਸ਼ਰਾਬ ਨੂੰ ਹਮੇਸ਼ਾ ਪਿਆਰ ਨਾਲ ਉੱਮ-ਉਲ-ਖ਼ਬਾਅਸ ਕਿਹਾ ਕਰਦੇ ਸਨ। ਜਹਾਜ਼ ਦੇ ਅਰਸ਼ੇ 'ਤੇ ਬਹਿ ਕੇ ਉਹਨਾਂ ਸ਼ਰਾਬ ਗਲਾਸ ਵਿੱਚ ਪਾਈ ਤੇ ਸਮੁੰਦਰ ਦੇ ਪਾਣੀ 'ਤੇ ਤਰੌਂਕਾ ਮਾਰ ਕੇ ਆਖਿਆ: ਲੈ ਕਾਕਾ! ਤੂੰ ਵੀ ਪੀ। ਮੁਨੀਰ ਜ਼ਿਆਦਾ ਤਰ ਸੁਕਰ ਦੀ ਹਾਲਤ ਵਿੱਚ ਰਹਿੰਦੇ ਸਨ। ਉੱਮ-ਉਲ-ਖ਼ਬਾਅਸ ਉਹਨਾਂ ਦੇ ਵਿਜ਼ਨ ਨੂੰ ਬਹੁਤ ਮੋਕਲਾ ਤੇ ਚੀੜ੍ਹਾ ਕਰ ਦਿੰਦੀ ਸੀ ਤੇ perception ਬਹੁਤ wide ਹੋ ਜਾਂਦਾ ਸੀ।

ਮੁਨੀਰ ਦੀ ਗੱਲਬਾਤ ਵਿੱਚ ਵੀ ਸ਼ਾਇਰੀ ਦਾ ਰੰਗ ਡਲ੍ਹਕਾਂ ਮਾਰਦਾ ਰਹਿੰਦਾ ਸੀ। ਉਹ ਲਫ਼ਜ਼ਾਂ ਨੂੰ ਸ਼ਾਇਰਾਨਾ ਰੰਗ ਵਿੱਚ ਵਰਤਦਾ ਸੀ ਤੇ ਉਹਦੀ ਗੱਲ ਬਾਤ ਵਿੱਚ ਇੱਕ ਨਵੇਕਲਾਪਨ ਪੈਦਾ ਹੋ ਜਾਂਦਾ ਸੀ। ਮੁਨੀਰ ਜਦੋਂ ਸੂਫ਼ੀ ਹੋਵੇ ਉਦੋਂ ਨੀਵੀਂ ਪਾ ਕੇ ਟੁਰਦਾ ਸੀ ਤੇ ਬੜੀ ਨਰਮੀ ਤੇ ਭੋਲ਼ੇਪਨ ਨਾਲ ਗੱਲ ਕਰਦਾ ਸੀ। ਇਹ ਹਾਲਤ ਇਕ ਇੰਟਰਵਲ ਵਰਗੀ ਹੁੰਦੀ ਏ ਜੀਹਦੇ ਵਿੱਚ ਉਹ ਬੋਲਣ ਦੀ

ਤਾਕਤ ਲੱਭ ਰਿਹਾ ਹੁੰਦਾ ਸੀ । ਬੋਲਣ ਦੀ ਇਸ ਤਾਕਤ ਨੂੰ ਉਹ ਕੁੱਵਤੇ ਗੋਯਾਈ ਕਹਿੰਦਾ ਸੀ ਤੇ ਕਦੀ ਪਿਆਰ ਨਾਲ ਉੱਮ-ਉਲ-ਖ਼ਬਾਅਸ। ਉੱਮ-ਉਲ-ਖ਼ਬਾਅਸ ਕਦੀ ਗਰਾਈਪ ਵਾਟਰ ਬਣ ਜਾਂਦੀ ਸੀ, ਤੇ ਸ਼ਾਇਰ ਉਸ ਬਾਲ ਵਿੱਚ ਤਬਦੀਲ ਹੋ ਜਾਂਦਾ ਸੀ ਜਿਹੜਾ ਪੰਘੂੜੇ ਵਿੱਚ ਪਿਆ ਪਿਆ ਬੁੱਢਾ ਹੋ ਗਿਆ ਹੋਵੇ। ਮੁਨੀਰ ਜਦੋਂ ਆਪਣੇ ਤੋਂ ਘੱਟ ਉਮਰ ਦੇ ਲੇਖਕਾਂ ਜਾਂ ਸ਼ਾਇਰਾਂ ਨਾਲ ਗੱਲ ਕਰਦਾ ਸੀ ਤਾਂ ਉਹਨਾਂ ਨੂੰ ਕਾਕਾ, ਬਗ਼ਲ ਬੱਚਾ ਜਾਂ ਗਲੈਕਸੋ ਬੇਬੀ ਕਹਿ ਕੇ ਬੁਲਾਉਂਦਾ ਸੀ। ਉਹਦੇ ਬਹੁਤ ਸਾਰਿਆਂ ਗਲੈਕਸੋ ਬੇਬੀਆਂ ਵਿੱਚੋਂ ਇੱਕ ਮੈਂ ਵੀ ਸੀ। ਸੱਤਰ ਦੇ ਦਹਾਕੇ ਵਿੱਚ ਮੈਂ ਜ਼ਰਾ ਚੋਖਾ ਸਿਹਤ ਮੰਦ ਸਾਂ ਤੇ ਮੁਨੀਰ ਮੇਰਾ ਨਾਂ ਗਲੈਕਸੋ ਬੇਬੀ ਪਾਇਆ ਹੋਇਆ ਸੀ।

ਮੁਨੀਰ ਨੂੰ ਮੈਂ ਪਹਿਲੀ ਵਾਰੀ ਸੱਠ ਦੇ ਦਹਾਕੇ ਦੀਆਂ ਛੇਕੜਲਿਆਂ ਸਾਲਾਂ ਵਿੱਚ ਲਾਹੌਰ ਵਿੱਚ ਵੇਖਿਆ ਸੀ। ਉਹ ਹਲਕਾ ਅਰਬਾਬਿ ਜ਼ੌਕ ਦਾ ਸੈਕਟਰੀ ਸੀ। ਬੈਠਕ ਮੁੱਕਣ ਮਗਰੋਂ ਸਾਰੇ ਲਿਖਾਰੀ ਟੀ ਹਾਊਸ ਵਿੱਚ ਜਾ ਬੈਠੇ ਤੇ ਚਾਹ ਦਾ ਦੌਰ ਚੱਲਣ ਵਾਲਾ ਸੀ। ਉਸ ਦਿਨ ਮੁਨੀਰ ਗੂੜ੍ਹੇ ਸਲੇਟੀ ਰੰਗ ਦਾ ਸੂਟ ਪਾਇਆ ਹੋਇਆ ਸੀ, ਤੇ ਵੇਖਣ ਵਿੱਚ ਅਦੀਬ ਘੱਟ ਤੇ ਬਿਉਰੋਕਰੇਟ ਬਹੁਤਾ ਲੱਗ ਰਿਹਾ ਸੀ। ਬਹਿਰੇ ਚਾਹ ਲਿਆ ਕੇ ਰੱਖੀ ਤੇ ਮੁਨੀਰ ਚਾਹ ਕੱਪਾਂ ਵਿੱਚ ਪਾਉਣ ਲੱਗ ਪਿਆ। ਅਚਨਚੇਤੀ ਉਸ ਨਿਗਾਹ ਮਾਰੀ, ਮੇਰੇ ਵੱਲ ਵੇਖਿਆ ਤੇ ਪੁੱਛਿਆ: "ਤੁਸੀਂ ਚਾਹ ਪੀਓਗੇ"? ਮੈਂ ਨਾਂਹ ਕਰ ਦਿੱਤੀ। ਮੈਂ ਉਸ ਵੇਲੇ ਲਾਹੌਰ ਦੇ ਕਿਸੇ ਵੀ ਲਿਖਾਰੀ ਨੂੰ ਜ਼ਾਤੀ ਤੌਰ ਤੇ ਨਹੀਂ ਸਾਂ ਜਾਣਦਾ ਤੇ ਉਹਨਾਂ ਦੇ ਨੇੜੇ ਬਹਿੰਦਾ ਵੀ ਸੰਗ ਰਿਹਾ ਸਾਂ। ਮੈਂ ਇੱਕ ਖ਼ਾਲੀ ਮੇਜ਼ ਵੇਖ ਕੇ ਬੈਠ ਗਿਆ। ਲਿਖਾਰੀ ਇੱਕ ਦੂਜੇ ਨਾਲ ਗਲੋ ਗਲੀ ਹੋ ਰਹੇ ਸਨ। ਚਾਹ ਦੀਆਂ ਪਿਆਲੀਆਂ ਵਿੱਚ ਚਮਚੇ ਭੰਵਾਟੀਆਂ ਲੈ ਰਹੇ ਸਨ। ਚੰਗਾ ਭਲਾ ਰੌਲਾ ਸੀ। ਮੈਨੂੰ ਮੁਨੀਰ ਦੀ ਇੱਕ ਨਜ਼ਮ ਯਾਦ ਆ ਗਈ:

ਆਦਮ ਸਣ, ਜਾਂ ਕੋਈ ਜਾਨਵਰ ਸਣ
ਰੋਟੀਆਂ ਖਾਈ ਜਾਂਦੇ ਸਣ
ਰੌਲਾ ਪਾਈ ਜਾਂਦੇ ਸਣ

ਮੁਨੀਰ ਆਮ ਗੱਲਬਾਤ ਸ਼ਾਇਰੀ ਦੀ ਜਿਸ ਪੱਧਰ ਤੇ ਕਰਦਾ ਸੀ ਉਹਨੂੰ ਸੁਣ ਕੇ ਦੂਜਾ ਸ਼ਾਇਰ ਵੀ ਭੰਬਲ ਭੂਸੇ ਵਿੱਚ ਪੈ ਜਾਂਦਾ ਸੀ।

ਇੱਕ ਸ਼ਾਮ ਦੀ ਗੱਲ ਏ। ਟੀ ਹਾਊਸ ਦੇ ਬਾਹਰ ਲਾਲ ਪਰੀ ਉਡਾ ਕੇ ਮੁਨੀਰ ਤੇ ਮੈਂ ਮਾਲ ਦੇ ਫ਼ੁੱਟ ਪਾਥ ਤੇ ਰਲਕਦੇ ਰਲਕਦੇ ਰੀਗਲ ਚੌਕ ਨੂੰ ਜਾ ਰਹੇ ਸਾਂ। ਜੀ ਪੀ ਓ ਦੇ ਕੋਲ ਹਬੀਬ ਜਾਲਬ ਮਿਲ ਪਿਆ। ਜਾਲਬ ਸਾਹਿਬ ਦਾ ਮੂਡ ਆਫ਼ ਸੀ। ਸ਼ਰਾਬ ਵੀ ਨਹੀਂ ਸੀ ਲੱਭੀ ਤੇ ਸਿਆਸੀ ਹਨੇਰੀ ਨੇ ਵੀ ਡਿਪਰੈਸ਼ਨ ਪੈਦਾ ਕੀਤਾ ਹੋਇਆ ਸੀ। ਜਾਲਬ ਸਮੇਂ ਦਾ ਸ਼ਿਕਵਾ ਸ਼ੁਰੂ ਕਰ ਦਿੱਤਾ ਮੁਨੀਰ ਦਿਲਾਸਾ ਦੇਣ ਲਈ ਜਾਲਬ ਨੂੰ ਕਿਹਾ: ਹਬੀਬ! ਫ਼ਿਕਰ ਨਾ ਕਰ। ਮੇਰੇ ਕੋਲ ਬੜੀ ਤਾਕਤ ਏ। ਮੈਂ ਸਾਰੇ ਦਲਿੱਦਰ ਦੂਰ ਕਰ ਸਕਨਾਂ।

ਮੁਨੀਰ ਦਾ ਤਾਕਤ ਦਾ ਇਸ਼ਾਰਾ ਜਾਲਬ ਨੂੰ ਕਿਸੇ ਹੋਰ ਦੁਨੀਆ ਵਿੱਚ ਲੈ ਗਿਆ ਤੇ ਉਸ ਵਲਦਾ ਦਿੱਤਾ: ਹਾਂ ਭਾਈ, ਤੇਰੇ ਨਾਲ ਫ਼ੌਜ ਤੇ ਹਕੂਮਤ ਜੋ ਹੋਈ।

ਜਾਲਬ ਦੀ ਇਹ ਟਿਚਕਰ ਸੁਣ ਕੇ ਮੁਨੀਰ ਨੂੰ ਗੁੱਸਾ ਆ ਗਿਆ। ਉਹ ਜਾਲਬ ਨੂੰ ਕਹਿਣ ਲੱਗਾ: ਉਇ ਬੁੱਢੇ ਰਿੱਛਾ! ਤੈਨੂੰ ਆਢਾ ਲਾਉਣ ਲਈ ਹਮੇਸ਼ਾ ਕੋਈ ਕਾਲਾ ਬਾਗ਼ ਜਾਂ ਕੋਈ ਅਯੂਬ ਖ਼ਾਨ ਚਾਹੀਦਾ ਹੁੰਦਾ ਏ। ਜਦੋਂ ਨਹੀਂ ਲੱਭਦਾ ਓਦੋਂ ਤੂੰ ਯਾਰਾਂ ਨਾਲ ਆਢਾ ਲਾਉਣ ਦੀ ਕੋਸ਼ਿਸ਼ ਕਰਨਾ ਏਂ। ਇਸ ਸ਼ਾਇਰਾਨਾ expression ਦੇ ਬਾਅਦ ਦੋਵੇਂ ਗੁਰੂ ਸ਼ਾਂਤ ਹੋ ਗਏ ਤੇ ਫਿਰ ਹਾਸਿਆਂ ਦਾ ਫੁਆਰਾ ਫੁੱਟ ਪਿਆ।

ਬਾਦਾ ਨੋਸ਼ੀ ਮੁਨੀਰ ਦੀ ਜ਼ਿੰਦਗੀ ਦਾ ਸਭ ਤੋਂ ਉਚੇਚਾ ਅਮਲ ਸੀ। ਸ਼ਰਾਬ ਉਹਦੇ ਲਈ ਸਵਾਰੀ ਸੀ ਜਿਹੜੀ ਉਹਨੂੰ ਪਰਿਸਤਾਨਾਂ ਤੇ ਅਪਸਰਾਵਾਂ ਦੀਆਂ ਵਾਸਾਂ ਵਾਲੇ ਹਰੇ ਭਰੇ ਜੰਗਲਾਂ ਵਿੱਚ ਲੈ ਜਾਂਦੀ ਸੀ। ਮੁਨੀਰ ਦੇ ਅੰਦਰ ਕਈ ਜਹਾਨ ਲੁੱਕੇ ਹੋਏ ਸਨ। ਉਹਦੇ ਇੰਟਲੈਕੱਟ ਦੀ ਬੰਦ ਦਰਵਾਜ਼ਿਆਂ ਵਾਲੀ ਹਵੇਲੀ ਦੇ ਅੰਦਰ ਕਈ ਸਦੀਆਂ, ਕਈ ਨਸਲਾਂ, ਕਈ ਵਨਕੋ ਵਨਕੀ ਖ਼ਲਕਤਾਂ ਆਬਾਦ ਸਣ। ਭੂਤਾਂ, ਚੁੜੇਲਾਂ, ਪਿੱਛਲ ਪੈਰੀਆਂ, ਨਿਸ਼ਾਨੀਆਂ ਛੱਡ ਜਾਨ ਵਾਲੇ ਜਿੰਨਾਤ, ਫ਼ਕੀਰ ਤੇ ਔਲੀਆ ਅੱਲਾ ਦੀ ਇੱਕ ਅਣਡਿੱਠੀ

ਕਾਇਨਾਤ ਸੀ ਜੀਹਦੇ ਵਿੱਚ ਮੁਨੀਰ ਰਹਿੰਦਾ ਸੀ। ਸ਼ਰਾਬ ਉਹਨੂੰ ਪਛਾਣਦੀ ਸੀ ਤੇ ਉਹਦਾ ਆਦਰ ਕਰਦੀ ਸੀ। ਸ਼ਰਾਬ ਉਹਦੀ ਦੋਸਤ ਸੀ। ਇੱਕ ਵਾਰੀ ਇਸਲਾਮ ਆਬਾਦ ਵਿੱਚ ਬਾਦਾਨੋਸ਼ੀ ਦੀ ਇੱਕ ਮਹਿਫ਼ਲ ਵਿੱਚ ਕਿਸੇ ਓਪਰੇ ਜਿਹੇ ਜਵਾਨ ਮੁਨੀਰ ਨੂੰ ਆਖਿਆ:

"ਖ਼ਾਂ ਸਾਹਿਬ! ਤੁਸੀਂ ਸ਼ਰਾਬ ਕਿਵੇਂ ਪੀ ਲੈਂਦੇ ਓ।

ਮੈਂ ਪੀਵਾਂ ਤਾਂ ਮੈਨੂੰ ਧੱਫੜ ਨਿਕਲ ਆਉਂਦੇ ਨੇ।"

ਮੁਨੀਰ ਪੂਰੀ ਸੰਜੀਦਗੀ ਨਾਲ ਉਹਨੂੰ ਵੇਖਿਆ ਤੇ ਆਖਿਆ: "ਪੁੱਤਰ! ਸ਼ਰਾਬ ਨੂੰ ਪਤਾ ਲੱਗ ਜਾਂਦਾ ਏ ਉਹਨੂੰ ਕੌਣ ਪੀ ਰਿਹਾ ਏ।"

ਦਾਰੂ ਛਕਣ ਵਾਲਿਆਂ ਦੇ ਮਹਾਰਾਜ ਹਕੀਮ ਬੂ ਅਲੀ ਸੀਨਾ ਦਾਰੂ ਉੱਤੇ ਫ਼ਾਰਸੀ ਵਿੱਚ ਇੱਕ ਚੌਕਾ ਮਾਰਿਆ ਸੀ। ਉਹਨਾਂ ਕਿਹਾ ਸੀ ਜੋ ਦਾਰੂ ਟੁੰਨ ਹੋ ਜਾਣ ਵਾਲ਼ਿਆਂ ਦਾ ਵੈਰੀ ਤੇ ਪੀ ਕੇ ਹੋਸ਼ ਵਿੱਚ ਰਹਿਣ ਵਾਲ਼ਿਆਂ ਦਾ ਯਾਰ ਏ। ਥੋੜ੍ਹਾ ਪੀਓ ਤਾਂ ਤਰਿਆਕ ਏ ਜੇ ਬਹੁਤਾ ਪੀਓ ਤਾਂ ਦਾਰੂ ਸੱਪ ਦੀ ਵਿਸ ਬਣ ਕੇ ਲੜ ਜਾਂਦਾ ਏ। ਮੇਰੇ ਹਿਸਾਬ ਨਾਲ ਦਾਰੂ ਮੁਨੀਰ ਨਾਲ ਹਮੇਸ਼ਾ ਵਫ਼ਾ ਕੀਤੀ ਏ। ਮੁਨੀਰ ਕਹਿੰਦਾ ਹੁੰਦਾ ਸੀ ਜੋ ਥੋੜ੍ਹੀ ਜੇਹੀ ਮੁੱਛਾਂ ਨੂੰ ਲਾਉਣ ਲਈ ਮਿਲ ਜਾਵੇ ਤੇ ਫਿਰ ਸ਼ਹਿਰ ਵਿੱਚ ਗੁਲਛਰੇ ਉਡਾਣ ਦਾ ਮੁੱਢ ਬੱਝ ਜਾਂਦਾ ਏ।

ਬੋਲਣ ਦੀ ਤਾਕਤ ਲੱਭਣ ਲਈ ਕਦੀ ਕਦੀ ਮੁਨੀਰ ਨੂੰ ਉਡੀਕ ਦਾ ਲੰਮਾ ਤੇ ਸੰਘਣਾ ਜੰਗਲ ਕੱਛਣਾ ਪੈਂਦਾ ਸੀ। ਜਿਸ ਸਮੇਂ ਜ਼ੁਲਫ਼ਕਾਰ ਅਲੀ ਭੁੱਟੋ ਮੌਲਵੀਆਂ ਦਾ ਮੂੰਹ ਬੰਦ ਕਰਨ ਲਈ ਉਹਨਾਂ ਨੂੰ ਖ਼ਾਲੀ ਬੋਤਲ ਦੀ ਚੂਸਣੀ ਲੁਆਈ ਤੇ ਸ਼ਰਾਬ 'ਤੇ ਪਾਬੰਦੀ ਲਾਈ ਓਦੋਂ ਮੁਨੀਰ ਨੂੰ ਇਸ ਦਾ ਬੜਾ ਦੁੱਖ ਹੋਇਆ। ਓਸ ਆਖਿਆ:

"ਏਡੀ ਸਖ਼ਤੀ ਤਾਂ ਹਜ਼ਰਤ ਉਮਰ ਨੇ ਵੀ ਨਹੀਂ ਸੀ ਕੀਤੀ ਜਿੰਨੀ ਭੁੱਟੋ ਨੇ ਕਰ ਛੱਡੀ ਏ।"

ਸ਼ਰਾਬ 'ਤੇ ਪਾਬੰਦੀ ਲੱਗ ਗਈ ਸੀ। ਟੀ ਹਾਊਸ ਦੀਆਂ ਪੌੜੀਆਂ ਤੇ ਸ਼ਾਮਾਂ ਨੂੰ ਖੁੱਲ੍ਹਣ ਵਾਲਾ ਮੈਖ਼ਾਨਾ ਬੰਦ ਹੋ ਗਿਆ ਸੀ। ਬਾਦਾਨੋਸ਼ੀ ਦਾ ਨਗਾਲ਼ ਸੁੱਕ ਗਿਆ ਸੀ। ਸ਼ਾਇਰ ਪਿਆਸੇ ਮਰਨ ਲੱਗ ਪਏ ਸਨ। ਉਸ ਵੇਲੇ ਪਾਣੀ ਨੂੰ ਸ਼ਰਾਬ ਸਮਝ ਕੇ ਪੀਣ ਦਾ ਜਾਦੂ ਈਜਾਦ ਹੋਇਆ:

ਸ਼ਾਮ ਕੇ ਰੰਗੋਂ ਮੇਂ ਰੱਖ ਕਰ ਸਾਫ਼ ਪਾਨੀ ਕਾ ਗਲਾਸ
ਆਬਿ ਸਾਦਾ ਕੋ ਹਰੀਫ਼ਿ ਰੰਗੇ ਬਾਦਾ ਕਰ ਲੀਆ

ਮੁਨੀਰ ਦੇ ਚਾਹੁਣ ਵਾਲ਼ਿਆਂ ਦਾ ਜੱਥਾ ਬੜਾ ਵੱਡਾ ਏ ਤੇ ਵੇਲੇ ਦੇ ਨਾਲ ਨਾਲ ਇਹ ਜਥਾ ਇੱਕ ਮਹਾਨ ਸੈਨਾ ਬਣਦਾ ਜਾ ਰਿਹਾ ਏ। ਮੁਨੀਰ ਇਹਨਾਂ ਸਾਰਿਆਂ ਲੋਕਾਂ ਨੂੰ ਨਾਲ ਲੈ ਕੇ ਟੁਰਨਾ ਚਾਹੁੰਦਾ ਏ ਤੇ ਉਹ ਇੱਕ ਵੱਡੇ ਪਰਿਵਰਤਨ ਦੇ ਨਕਸ਼ੇ ਵਾਹੁੰਦਾ ਰਹਿੰਦਾ ਏ। ਉਹ ਲੋਕਾਂ ਨੂੰ ਹਨ੍ਹੇਰੇ ਚੇਤਾ ਦਿਵਾ ਕੇ ਇੱਕ ਸੋਹਣਾ ਤੇ ਸੁਚੱਜਾ ਵਸੇਬ ਉਸਾਰਨ ਦਾ ਉਤਸਾਹ ਦਿੰਦਾ ਰਹਿੰਦਾ ਏ।

ਸਿਰ ਤੇ ਘੁੱਪ ਹਨੇਰ ਤੇ ਧਰਤੀ ਉੱਤੇ ਕਾਲ਼
ਪੈਰੀਂ ਕੰਡੇ ਜ਼ਹਿਰ ਦੇ, ਲਹੂ ਵਿੱਚ ਭਿੱਜੇ ਵਾਲ਼
ਜਤਨ ਕਰੋ ਕੁਛ ਦੋਸਤੋ, ਤੋੜੋ ਮੌਤ ਦਾ ਜਾਲ਼
ਫੜ ਮੁਰਲੀ ਓਏ ਰਾਂਝਿਆ, ਕੱਢ ਕੋਈ ਤਿੱਖੀ ਤਾਨ
ਮਾਰ ਕੋਈ ਤੀਰ ਉਏ ਮਿਰਜ਼ਿਆ, ਖਿੱਚ ਕੇ ਵੱਲ ਅਸਮਾਨ

ਮੁਨੀਰ ਨਿਆਜ਼ੀ, ਇਕਬਾਲ ਦੇ ਰਵਾਇਤ ਦਾ ਵਿਰੋਧ ਕਰਦਾ ਸੀ ਤੇ ਤਾਊਸ ਤੇ ਰਬਾਬ ਦੀ ਨਿੰਦਿਆ ਨਹੀਂ ਸੀ ਕਰਦਾ। ਪਰ ਉਹ ਰਾਂਝੇ ਦੀ ਵੰਝਲੀ ਦੀਆਂ ਸੁਰਾਂ ਨੂੰ ਬਦਲਨਾ ਚਾਹੁੰਦਾ ਏ। ਉਹ ਐਸੀ ਸੁਰ ਲੱਭ ਰਿਹਾ ਸੀ ਜੀਹਦੇ ਵਿੱਚ ਕਿਸੇ ਉੱਡਦੇ ਹੋਏ ਤੀਰ ਦੀ ਸ਼ਕਤੀ ਹੋਵੇ, ਜਿਹੜੀ ਸੀਨੇ ਦੇ ਆਰ ਪਾਰ ਹੋ ਕੇ ਮੌਤ ਦਾ ਜਾਲ ਤੋੜ ਸਕੇ, ਉਸ ਮੌਤ ਦਾ ਜਿਹੜੀ ਵਸੇਬ ਤੇ ਲੱਥੀ ਹੋਈ ਸੀ ਤੇ ਸ਼ਹਿਰਾਂ ਨੂੰ ਕਬਰਸਤਾਨ ਬਣਾ ਰਹੀ ਸੀ। ਮੁਨੀਰ ਲਈ ਤੀਰ, ਸੁਰ ਤੇ ਹਰਫ਼ ਇੱਕੋ ਚਿੱਤ ਦੇ ਤਿੰਨ ਨਾਂ ਨੇਂ। ਉਹ ਇਹਨਾਂ ਨਾਂਵਾਂ ਦਾ ਜਾਪ ਕਰ ਕੇ ਘਣੀ ਪੂਰਨਤਾ ਤੇ ਲਗਨ ਨਾਲ ਅਪਣੇ ਸੁਫ਼ਨੇ ਚਿਤਰਦਾ ਸੀ। ਇਹ ਸੁਫ਼ਨੇ ਇੱਕ ਸਨੇਹਾ ਨੇਂ, ਇੱਕ ਅਣਡਿੱਠੀ ਦੁਨੀਆ ਦਾ ਪੈਗ਼ਾਮ ਨੇਂ। ਪਰ ਇਹ ਪੈਗ਼ਾਮ ਪਿੜਾਇਆਂ ਵੀ ਨਹੀਂ ਅੱਪੜ ਰਿਹਾ:

ਹਰਫ਼ ਇੱਕ ਦੂਜੇ ਹਰਫ਼ ਦਾ ਪਰਦਾ ਮੈਥੋਂ ਕਿਆਸ ਨਾ ਹੋਇਆ
ਸਾਰੀ ਹਯਾਤੀ ਹਰਫ਼ ਲਿਖੇ ਪਰ ਹਰਫ਼ ਸ਼ਨਾਸ ਨਾ ਹੋਇਆ।

ਇਹ ਮੁਨੀਰ ਦੀ ਕਲਾ ਤੇ ਉਹਦੀ ਅਨਾ ਜਾਂ

ਮੈਂ ਦੀ ਆਜਜ਼ੀ ਵੀ ਏ। ਮੈਂ ਦੀ ਆਜਜ਼ੀ? ਓਪਰਾ ਨਹੀਂ ਲਗਦਾ ਇਹ ਸ਼ਬਦ? ਪਰ ਇਹ ਆਜਜ਼ੀ ਵੱਡਪੁਣਾ ਏ, ਮਹਾਨਤਾ ਏ। ਹਰਫ਼ ਸ਼ਨਾਸੀ ਦੇ ਦਾਅਵੇ ਤੋਂ ਇਨਕਾਰ ਸੱਚ ਦਾ ਸਭ ਤੋਂ ਵੱਡਾ ਗਵਾਹ ਏ। ਉਹਦੀ ਇਹ ਗੱਲ ਸੁਣ ਕੇ ਸੁਕਰਾਤ ਯਾਦ ਆਉਂਦਾ ਏ, ਜਿਹਨੇ ਕਿਹਾ ਸੀ ਜੋ ਉਹ ਇੱਕ ਗੱਲ ਜਾਣਦਾ ਏ ਜੋ ਉਹ ਕੁੱਝ ਵੀ ਨਹੀਂ ਜਾਣਦਾ।

ਮੁਨੀਰ ਦੀ ਮੈਂ ਜਾਂ ਅਨਾ ਦਾ ਵੇਰਵਾ ਕਰੀਏ ਤਾਂ ਉਹਦੀ ਮੈਂ ਜ਼ਾਤੀ ਘੱਟ ਤੇ ਸਿਧਾਂਤ ਪੂਰਵਕ ਬਹੁਤੀ ਲਗਦੀ ਏ। ਨਜ਼ਰੀਆਤੀ ਮੈਂ ਉਹਦੀ ਧਾਰਮਿਕ ਮੈਂ ਏ। ਉਹ ਕਹਿੰਦਾ ਏ:

ਸਬ ਸੇ ਬੜਾ ਹੈ ਨਾਮ ਖ਼ੁਦਾ ਕਾ,
ਉਸ ਕੇ ਬਾਅਦ ਹੈ ਮੇਰਾ ਨਾਮ

ਇਹ ਕੁਰਾਨ ਦਾ ਫ਼ਲਸਫ਼ਾ ਏ। ਮੁਨੀਰ ਅਪਣੇ ਅੰਦਰ ਇੱਕ ਧਾਰਮਿਕ ਸੂਫ਼ੀ ਸੀ। ਉਸ ਆਪਣੀ ਇੱਕ ਕਿਤਾਬ ਰਸੂਲ ਕਰੀਮ ਦੇ ਨਾਂ ਵੀ ਕੀਤੀ ਹੋਈ ਏ। ਇੱਕ ਵਾਰੀ ਉਹਦੇ ਅਲ ਮਿਸਾਲ ਦੇ ਦਫ਼ਤਰ ਵਿੱਚ ਅਸੀਂ ਦੋਵੇਂ ਰਸੂਲਿ ਕਰੀਮ ਦੇ ਜ਼ਿਕਰ ਤੇ ਰੋ ਪਏ ਸਾਂ ਤੇ ਮੁਨੀਰ ਨੇ ਕਿਹਾ: ਤੇਰੀਆਂ ਅੱਖਾਂ ਵਿੱਚ ਰਸੂਲਿ ਕਰੀਮ ਦੇ ਨਾਂ ਤੇ ਹੰਝੂ ਆਏ ਨੇਂ ਤੇ ਮੈਨੂੰ ਬੜਾ ਚੰਗਾ ਲੱਗਾ ਏ। ਇਹ ਇੱਕ ਖ਼ੂਬਸੂਰਤੀ ਦੀ ਗੱਲ ਏ।

ਕੁਰਾਨ ਦੀ ਅਸਤੂਰ ਮੁਤਾਬਕ ਰੱਬ ਨੇ ਫ਼ਰਿਸ਼ਤਿਆਂ ਨੂੰ ਦੱਸਿਆ ਸੀ ਜੋ ਉਹ ਜ਼ਮੀਨ 'ਤੇ ਆਪਣਾ ਨਾਇਬ ਬਣਾਉਣ ਲੱਗਾ ਏ। ਉਸ ਨਾਇਬ ਜਾਂ ਖ਼ਲੀਫ਼ੇ ਦਾ ਤਸੱਵਰ ਮੁਨੀਰ ਦੀ ਸ਼ਾਇਰੀ ਵਿੱਚ ਖ਼ੁਦਾ ਤੇ ਇਨਸਾਨ ਦੇ ਰਿਸ਼ਤੇ ਨੂੰ ਬਿਆਨ ਕਰਦਾ ਏ ਤੇ ਰੱਬ ਦੇ ਨਾਂ ਦੇ ਬਾਅਦ ਆਪਣੇ ਨਾਂ ਦੀ ਵਡਿਆਈ ਕਰਦਾ ਏ। ਪਰ ਉਹ ਮੈਂ ਮੁਨੀਰ ਦੀ ਜ਼ਾਤੀ ਮੈਂ ਨਹੀਂ ਇਨਸਾਨ ਦੀ ਮੈਂ ਏ। ਉਹ ਇਨਸਾਨ ਜੀਹਦਾ ਇੱਕ ਚਿਹਰਾ ਮੁਹੰਮਦ ਦਾ ਚਿਹਰਾ ਅਨਵਰ ਵੀ ਏ।

ਇਹ ਤਾਂ ਸੀ ਨਜ਼ਰੀਆਤੀ ਗੱਲ। ਹੁਣ ਜ਼ਾਤੀ ਗੱਲ ਵੀ ਕਰਨੀ ਚਾਹੀਦੀ ਏ। ਮੈਨੂੰ ਦਿਨ ਤੇ ਤਾਰੀਖ਼ ਯਾਦ ਨਹੀਂ। ਲਾਹੌਰ ਨੈਸ਼ਨਲ ਸੈਂਟਰ ਵਿੱਚ ਮੁਨੀਰ ਦੀ ਕਿਤਾਬ 'ਮਾਹਿ ਮੁਨੀਰ' ਦੀ ਮੂੰਹ ਵਿਖਾਈ ਜਾਂ ਉਦਘਾਟਨ ਸੀ। ਕਿਸ਼ਵਰ ਨਾਹੀਦ ਸੈਂਟਰ ਦੀ ਡਾਇਰੈਕਟਰ ਹੁੰਦੀ ਸੀ। ਫ਼ੈਜ਼ ਸਾਹਿਬ ਮਰਹੂਮ ਬੈਠਕ ਦੇ ਪ੍ਰਧਾਨ ਸਨ। ਮੁਨੀਰ ਉਹਨਾਂ ਦੇ ਨਾਲ ਕੁਰਸੀ 'ਤੇ ਬੈਠਾ ਹੋਇਆ ਸੀ। ਲੇਖਕ ਆਪਣੀ ਆਪਣੀ ਵਾਰੀ ਤੇ ਮੁਨੀਰ ਦੀ ਕਿਤਾਬ ਬਾਰੇ ਆਪਣੇ ਵਿਚਾਰ ਦੱਸ ਰਹੇ ਸਨ ਜਾਂ ਲੇਖ ਪੜ੍ਹ ਕੇ ਸੁਣਾ ਰਹੇ ਸਨ। ਮੁਨੀਰ ਦੇ ਕੁੜਤੇ ਦੀ ਜੇਬ ਵਿੱਚ ਵਿਸਕੀ ਦਾ ਅੱਧਾ ਸੀ, ਉਹ ਥੋੜ੍ਹੀ ਥੋੜ੍ਹੀ ਦੇਰ ਬਾਅਦ ਕੁਰਸੀ ਤੋਂ ਉੱਠ ਕੇ ਵਾਸ਼ ਰੂਮ ਵਲ ਜਾਂਦਾ ਸੀ ਤੇ ਘੁੱਟ ਲਾ ਕੇ ਆ ਜਾਂਦਾ ਸੀ। ਇੱਕ ਵਾਰੀ ਉਹ ਘੁੱਟ ਲਾ ਕੇ ਮੁੜਿਆ ਤੇ ਵੇਖਿਆ ਜੋ ਫ਼ੈਜ਼ ਸਾਹਿਬ ਆਪਣੀ ਤਕਰੀਰ ਕਰ ਰਹੇ ਹਨ। ਮੁਨੀਰ ਬੇਚੈਨ ਹੋ ਗਿਆ। ਉਹਨੇ ਬੈਠਕ ਵਿੱਚ ਬੈਠੇ ਸੁਹੇਲ ਅਹਿਮਦ ਖ਼ਾਨ ਕੋਲੋਂ ਪੁਛਿਆ: ਇਸ ਗਿੱਠੂ ( ਫ਼ੈਜ਼ ਸਾਹਿਬ ) ਨੇ ਮੇਰੀ ਅਦਮ ਮੌਜੂਦਗੀ ਵਿੱਚ ਮੇਰੇ ਖ਼ਿਲਾਫ਼ ਤਾਂ ਕੋਈ ਗੱਲ ਨਹੀਂ ਕੀਤੀ? ਇਹ ਉਸ ਸ਼ੱਕ ਦਾ ਇਜ਼ਹਾਰ ਸੀ ਜੀਹਦੇ ਵਿੱਚ ਉਹ ਰਹਿੰਦਾ ਸੀ। ਆਪਣੀ ਕਿਤਾਬ "ਦੁਸ਼ਮਨੋਂ ਕੇ ਦਰਮਿਆਨ ਸ਼ਾਮ" ਦਾ ਮਜ਼ਲੂਮ ਮੁਨੀਰ ਆਪ ਏ। ਮੁਨੀਰ ਸਾਰੀ ਉਮਰ ਇਸੇ ਸ਼ੱਕ ਸ਼ੁਬੇ ਦਾ ਸ਼ਿਕਾਰ ਰਿਹਾ ਤੇ ਇਸ ਸ਼ੱਕ ਤੋਂ ਕਦੀ ਵੀ ਚੁੰਡ ਨਾ ਛੜਾ ਸਕਿਆ।

ਬੈਠਕ ਮੁੱਕਣ ਮਗਰੋਂ ਫ਼ੈਜ਼ ਸਾਹਿਬ ਆਖਿਆ: ਮੁਨੀਰ! ਕੋਈ ਤਾਜ਼ਾ ਕਲਾਮ ਸੁਣਾ: ਮੁਨੀਰ ਨਿਆਜ਼ੀ ਇਹ ਸ਼ਿਅਰ ਪੜ੍ਹਿਆ:

ਜੋ ਮੁਝੇ ਭੁਲਾ ਦੇਂਗੇ, ਮੈਂ ਉਨ੍ਹੇਂ ਭੁਲਾ ਦੂੰ ਗਾ
ਸਭ ਗ਼ਰੂਰ ਉਨ ਕਾ ਮੈਂ, ਖ਼ਾਕ ਮੇਂ ਮਿਲਾ ਦੂੰਗਾ।

ਫ਼ੈਜ਼ ਸਾਹਿਬ ਇਹ ਸ਼ਿਅਰ ਸੁਣ ਕੇ ਕਿਹਾ: ਮੁਨੀਰ! ਇਹ ਸ਼ਿਅਰ ਤਾਂ ਪੰਜਾਬੀ ਦਾ ਹੋਇਆ। ਇੱਕ ਉਰਦੂ ਦਾ ਵੀ ਸੁਣਾ। ਸ਼ਿਅਰ ਵਿੱਚ ਪੰਜਾਬੀ ਪੁਣੇ ਦਾ ਖੜਕਾ ਦੜਕਾ ਏਨਾ ਸੀ ਕਿ ਉਹ ਉਰਦੂ ਹੁੰਦਿਆਂ ਹੋਇਆਂ ਵੀ ਉਰਦੂ ਨਹੀਂ ਸੀ ਲਗਦਾ। ਨਾਲੇ ਮੁਨੀਰ ਦੇ ਅੰਦਰ ਬਦਲਾ ਲੈਣ ਦੀ ਪਠਾਣੀ ਰਵਾਇਤ ਵੀ ਪੂਰੀ ਤਰ੍ਹਾਂ ਰਚੀ ਹੋਈ ਸੀ। ਉਹ ਪਸਤੌਲ ਨਹੀਂ ਸੀ ਚਲਾਉਂਦਾ ਪਰ ਜੁਮਲਾ ਮਾਰ ਕੇ ਤਰਾਹ ਵੀ ਕੱਢ ਦਿੰਦਾ ਸੀ ਤੇ ਸਾਹ ਵੀ। ਉਹਦੀ ਗੱਲ ਥੱਲੇ ਆ ਕੇ ਬੜੇ ਬੜਿਆਂ ਦੀ ਪੀਂ ਨਿੱਕਲ

ਜਾਂਦੀ ਸੀ। ਬਾਬੇ ਜ਼ਹੀਰ ਕਸ਼ਮੀਰੀ ਨੂੰ ਵੇਖ ਕੇ ਸ਼ਾਇਦ ਮੁਨੀਰ ਦੀ ਕੋਈ ਸ਼ਰਾਰਤ ਦੀ ਰਗ ਫੜਕਦੀ ਸੀ ਤੇ ਉਹਨੂੰ ਬਾਬਾ ਸੁਨਹਿਰੀ ਬਿੱਛੂ ਕਹਿੰਦਾ ਹੁੰਦਾ ਸੀ। ਜ਼ਹੀਰ ਨੂੰ ਇਸ ਛੇੜ ਤੇ ਬੜੀ ਕੌੜ ਚੜ੍ਹਦੀ ਹੁੰਦੀ ਸੀ। ਇੱਕ ਵਾਰੀ ਲਾਹੌਰ ਟੈਲੀਵਿਜ਼ਨ 'ਤੇ ਕੋਈ ਪ੍ਰੋਗਰਾਮ ਰਿਕਾਰਡ ਕਰਾਉਣਾ ਸੀ। ਮੈਂ ਤੇ ਮੁਨੀਰ ਸਟੂਡੀਓ ਵੱਲ ਜਾ ਰਹੇ ਸਾਂ ਤੇ ਰਸਤੇ ਵਿੱਚ ਇੱਕ ਮੰਡਲੀ ਬੈਠੀ ਵੇਖੀ। ਸੂਫ਼ੀ ਗ਼ੁਲਾਮ ਮੁਸਤਫ਼ਾ ਤਬੱਸਮ ਕੁੱਝ ਚਾਹੁਣ ਵਾਲਿਆਂ ਵਿੱਚ ਘਿਰੇ ਹੋਏ ਸਨ। ਮੈਂ ਕਿਹਾ, ਜੇ ਖ਼ਾਨ ਸਾਹਿਬ ਇਜਾਜ਼ਤ ਦੇਣ ਤਾਂ ਮੈਂ ਸੂਫ਼ੀ ਸਾਹਿਬ ਨੂੰ ਸਲਾਮ ਕਰ ਲਵਾਂ? ਮੁਨੀਰ ਕਿਹਾ, ਮੈਂ ਵੀ ਚਲਾਂਗਾ। ਸੂਫ਼ੀ ਸਾਹਿਬ ਦੇ ਕੋਲ਼ ਜਾ ਕੇ ਮੁਨੀਰ ਨੇ ਕਿਹਾ: ਹੈਲੋ ਬੇਬੀ ਤਬੱਸਮ! ਸੂਫ਼ੀ ਸਾਹਿਬ ਅੱਗੋਂ ਬੋਲੇ! ਹਾਂ ਬੇਬੇ। ਤੇ ਫਿਰ ਸੂਫ਼ੀ ਸਾਹਿਬ ਮੈਨੂੰ ਆਖਣ ਲੱਗੇ, ਓਏ ਇਸ ਬਦਮਾਸ਼ ਨੂੰ ਇੱਥੋਂ ਲੈ ਜਾ। ਤੇ ਮੁਨੀਰ ਸੂਫ਼ੀ ਸਾਹਿਬ ਨੂੰ ਅੱਖ ਮਾਰੀ ਤੇ ਫਿਰ ਅਸੀਂ ਦੋਵੇਂ ਅੱਗੇ ਖਿਸਕ ਗਏ।

ਮੁਨੀਰ ਦੇ ਜੁਮਲੇ ਤੋਂ ਵੱਡੇ ਬਜ਼ੁਰਗ ਤੇ ਓਲੀਆ ਵੀ ਨਹੀਂ ਸਨ ਬਚ ਸਕਦੇ। ਇੱਕ ਰਾਤ ਸ਼ਰਾਬ ਦੀ ਤਲਾਸ਼ ਵਿੱਚ ਅਸੀਂ ਭਾਟੀ ਦਰਵਾਜ਼ੇ ਤੋਂ ਲੰਘ ਕੇ ਦਾਤਾ ਦਰਬਾਰ ਵੱਲ ਨਿਕਲੇ। ਦਾਤਾ ਦਰਬਾਰ ਦਾ ਸੁਨਹਿਰੀ ਬੂਹਾ ਨਵਾਂ ਨਵਾਂ ਲੱਗਾ ਸੀ। ਮੁਨੀਰ ਦਰਵਾਜ਼ੇ ਨੂੰ ਵੇਖ ਕੇ ਰੁਕ ਗਿਆ। ਫਿਰ ਠੰਢਾ ਸਾਹ ਭਰ ਕੇ ਆਖਣ ਲੱਗਾ: ਅੱਛਾ ਭਾਈ ਅਲੀ ਹਜਵੇਰੀ! ਅੱਲਾ ਮੁਹੰਮਦ ਦੇ ਸਦਕੇ ਮੇਰੇ ਤੇ ਤੇਰੇ ਦੋਹਾਂ ਦੇ ਗੁਨਾਹ ਮੁਆਫ਼ ਕਰੇ। ਸ਼ਾਇਦ ਮੁਨੀਰ ਲਈ ਉਹ ਦਰਵਾਜ਼ਾ ਜੀਹਦੇ ਉੱਤੇ ਸੋਨਾ ਲੱਗਾ ਹੋਇਆ ਸੀ ਇੱਕ ਗੁਨਾਹ ਦਾ ਅਨਛਰ ਸੀ। ਭਲਾ ਕਿਸੇ ਫ਼ਕੀਰ ਨੂੰ ਸੋਨੇ ਨਾਲ ਕੀ ਲੱਗੇ। ਮਰਦ ਨੂੰ ਤਾ ਨਬੀ ਕਰੀਮ ਸੋਨਾ ਪਾਉਣ ਤੋਂ ਉਂਜ ਹੀ ਮਨ੍ਹਾਂ ਕੀਤਾ ਹੋਇਆ ਏ। ਜਦੋਂ ਮਜ਼ਹਬ ਲੋਕਾਂ ਦੀ ਜਹਾਲਤ ਦਾ ਅਖਾੜਾ ਬਣ ਜਾਵੇ, ਤੇ ਹੁਕਮ ਦੇ ਖ਼ਿਲਾਫ਼ ਸੋਨਾ ਵਰਤਿਆ ਜਾਣ ਲੱਗ ਪਵੇ ਤਾਂ ਮਜ਼ਹਬ ਬਾਕੀ ਨਹੀਂ ਰਹਿ ਜਾਂਦਾ।

ਮੁਨੀਰ ਦੂਜਿਆਂ ਨੂੰ ਤਾਂ ਇਹ ਨਸੀਹਤ ਕਰਦਾ ਹੁੰਦਾ ਸੀ ਕਿ ਰਦਿ ਅਮਲ ਵਿੱਚ ਮੁਬਤਲਾ ਨਹੀਂ ਹੋਣਾ ਚਾਹੀਦਾ ਪਰ ਆਪ ਹਰ ਵੇਲੇ ਰਦਿ ਅਮਲ ਦਾ ਸ਼ਿਕਾਰ ਰਹਿੰਦਾ ਹੁੰਦਾ ਸੀ। ਕਿਸੇ ਵੀ ਸੂਰਤ ਹਾਲ ਵਿੱਚ, ਕੋਈ ਵੀ ਬੰਦਾ ਹੋਵੇ ਤੇ ਉਹ ਮੁਨੀਰ ਦੀ ਪਸੰਦ ਦੇ ਖ਼ਿਲਾਫ਼ ਗੱਲ ਕਰੇ ਮੁਨੀਰ ਉਸ ਨੂੰ ਨਹੀਂ ਸੀ ਬਖ਼ਸ਼ਦਾ। ਉਹਦੇ ਤੇ ਮਕਰੂਹ ਹੋਣ ਦਾ ਲੇਬਲ ਲਾ ਦਿੰਦਾ ਸੀ। ਮੁਨੀਰ ਦੇ ਵੇਲੇ ਦਾ ਇੱਕ ਦੂਜਾ ਸ਼ਾਇਰ ਮੈਨੂੰ ਯਾਦ ਆਉਂਦਾ ਪਿਆ ਏ। ਨਾਸਰ ਕਾਜ਼ਮੀ। ਨਾਸਰ ਹਲਕੇ ਦੇ ਵਿੱਚ ਪੜ੍ਹੇ ਗਏ ਇੱਕ ਮਜ਼ਮੂਨ ਵਿੱਚ ਕਿਹਾ ਸੀ ਜੋ ਉਹ ਗਾਲ਼ ਦਾ ਜਵਾਬ ਗਾਲ਼ ਨਾਲ ਨਹੀਂ ਦੇ ਸਕਦਾ। ਉਹ ਗਾਲ਼ ਸੁਣ ਕੇ ਉਦਾਸ ਹੋ ਜਾਂਦਾ ਏ। ਪਰ ਮੁਨੀਰ ਦੀ ਜ਼ਾਤ ਦੇ ਅੰਦਰ ਯੁੱਧ ਤੇ ਮਜ਼ਾਹਮਤ ਦਾ ਇੱਕ ਸੋਮਾ ਸੀ ਜਿਹੜਾ ਹਰ ਵੇਲੇ ਸ਼ਰ ਸ਼ਰ ਵਗਦਾ ਰਹਿੰਦਾ ਸੀ।

ਮੁਨੀਰ ਬਾਰੇ ਕਹਿਣ ਦੀਆਂ ਹਜ਼ਾਰਾਂ ਗੱਲਾਂ ਨੇ। ਉਹ ਅਪਣੀ ਜ਼ਾਤ ਵਿੱਚ ਇੱਕ ਅਲਫ਼ ਲੈਲਾ ਸੀ। ਯਾਤਰਾ, ਅਣਡਿੱਠੀਆਂ ਸੀਮਾਵਾਂ ਦਾ ਹੌਲ, ਹਿਜਰਤ ਤੇ ਮੰਜ਼ਲ ਤੇ ਨਾ ਅੱਪੜ ਸਕਣ ਦਾ ਮਲਾਲ, ਉਸ ਦੀ ਸ਼ਾਇਰੀ ਤੇ ਜ਼ਾਤ ਦੀ ਸੱਤ ਰੰਗੀ ਪੀਂਘ ਦੇ ਹੁਲਾਰੇ ਨੇ। ਇਹਨਾਂ ਹੁਲਾਰਿਆਂ ਦੀ ਫਰੀਕੁਐਂਸੀ ਮਾਪਣਾ ਮੇਰੇ ਵਸ ਦੀ ਗੱਲ ਨਹੀਂ। ਪਰ ਮੈਂ ਚਾਹਨਾਂ ਜੋ ਮੈਂ ਬਾਰ੍ਹਾਂ ਵਰ੍ਹਿਆਂ ਵਿੱਚ ਮੁਨੀਰ ਨੂੰ ਵੇਖ ਕੇ, ਮਿਲ ਕੇ, ਉਹਦੇ ਨਾਲ ਸਫ਼ਰ ਕਰ ਕੇ ਜੋ ਕੁੱਝ ਵੇਖਿਆ ਏ ਉਹਦਾ ਮੰਜ਼ਰਨਾਮਾ ਲਿਖਾਂ। ਮੈਨੂੰ ਨਹੀਂ ਪਤਾ ਮੇਰੀ ਨਜ਼ਰ ਤੇ ਕੋਈ ਦੂਜਾ ਕਿੰਨਾ ਕੁ ਇਤਬਾਰ ਕਰ ਸਕੇਗਾ। ਜੇ ਕੋਈ ਇਤਬਾਰ ਨਾ ਵੀ ਕਰੇ ਤਾਂ ਕੀ। ਮੈਂ ਮੁਨੀਰ ਦੇ ਨਾਲ ਅਪਣੀ ਅਰਾਦਤ ਦੀ ਚਰਚਾ ਜ਼ਰੂਰ ਕਰਨੀ ਏ।

ਹੁਣ ਜਦੋਂ ਮੁਨੀਰ ਦਰਿਆ ਦੇ ਪਾਰ ਚਲਾ ਗਿਆ ਏ ਤੇ ਉਹਦੇ ਕਦਮਾਂ ਦੇ ਨਿਸ਼ਾਨ ਇਸ ਕੰਢੇ ਤੇ ਏਡੇ ਪੱਕੇ ਨੇ ਜਿਹੜੇ ਕਦੀਂ ਨਹੀਂ ਮਿਟ ਸਕਦੇ। ਚੱਲੋ ਰਸਮ ਪੂਰੀ ਕਰੀਏ ਤੇ ਮੁਨੀਰ ਲਈ ਫ਼ਾਤਿਆ ਆਖੀਏ।

■

ਨਹੀਂ ਲੱਭਣੇ ਲਾਲ ਗਵਾਚੇ

# ਜਾਵੇਦ ਜ਼ਕੀ ਦੀ ਯਾਦ ਵਿੱਚ

**ਜਮਸ਼ੇਦ ਉੱਪਲ**

ਜਾਵੇਦ ਨਾਲ ਜਿਹੜੀਆਂ ਯਾਦਾਂ ਜੁੜੀਆਂ ਹੋਈਆਂ ਨੇ ਉਨ੍ਹਾਂ ਦੀ ਮਿਠਾਸ ਤਾ ਹਯਾਤੀ ਮੇਰੇ ਨਾਲ ਰਹੇਗੀ। ਉਹ ਸ਼ੋਖ਼ ਤੇ ਰੰਗਲੀਆਂ ਮਹਿਫਲਾਂ ਹਮੇਸ਼ਾ ਯਾਦ ਰਹਿਣਗੀਆਂ, ਜਿਹੜੇ ਕੌਮ ਦੇ ਸਿਆਪੇ ਤੇ ਦੁਖੀ ਇਨਸਾਨੀਅਤ ਦੇ ਵੈਣ ਅਸਾਂ ਰਲ ਕੇ ਪਾਏ, ਉਨ੍ਹਾਂ ਦੀ ਟੀਸ ਵੀ ਦਿਲ ਵਿੱਚ ਰਹੇਗੀ। ਪਰ ਇਹ ਸਭ ਕੁਝ ਇਕ ਜ਼ਾਤੀ ਮਾਮਲਾ ਏ। ਅੱਜ ਇੱਥੇ ਜਾਵੇਦ ਦੀ ਸ਼ਾਇਰੀ ਤੇ ਜ਼ਿੰਦਗੀ ਦੇ ਹਵਾਲੇ ਨਾਲ ਮੈਂ ਇੱਕ ਦੋ ਗੱਲਾਂ ਕਰਾਂਗਾ।

ਕਿਸੇ ਨੇ ਆਖਿਆ ਏ ਕਿ ਜਦ ਤੀਕ ਦਿਲ ਕਹਿਰ ਤੇ ਮੇਹਰ ਨਾਲ ਨਾ ਭਰਿਆ ਹੋਵੇ, ਸੱਚੇ ਸ਼ੇਰ ਨਹੀਂ ਹੁੰਦੇ। ਜ਼ਕੀ ਦੇ ਸ਼ੇਰ ਕਹਿਰ ਤੇ ਮੇਹਰ ਦੋਹਾਂ ਵਿੱਚ ਡੂੰਘੇ ਡੁੱਬੇ ਹੋਏ ਨੇਂ, ਤਾਂ ਕਰ ਕੇ ਸੱਚੇ ਤੇ ਸੁੱਚੇ ਨੇ। ਉਸ ਦੇ ਸ਼ੇਰ ਉਸ ਦੇ ਦਿਲ ਵਿੱਚ ਲੱਗੇ ਹੋਏ ਭਾਂਬੜ ਵਿੱਚ ਪਿਘਲੇ ਨੇ ਤੇ ਖ਼ਾਲਸ ਸੋਨਾ ਬਣ ਕੇ ਫੁੱਟੇ ਨੇ।

ਪਰ ਇਹਦੇ ਅੰਦਰ ਕਿਹੜੀ ਅੱਗ ਲਗੀ ਏ, ਜਿਹਦਾ ਸੇਕ ਦੂਰ ਦੂਰ ਤੀਕ ਜਾਂਦਾ ਏ। ਇਹ ਕਿਹੜੀ ਲਾਮ ਏ ਜਿਹਦੇ ਸੱਦੇ ਜਾਵੇਦ ਪਿਆ ਦੇਂਦਾ ਏ ਕਿ "ਆ ਵੇ ਢੋਲਾ ਲਾਮ ਲਗੀ ਆ"। ਵੇਖਿਆ ਜਾਏ ਤਾਂ ਇਹ ਕੋਈ ਨਵੀਂ ਅੱਗ ਨਹੀਂ ਤੇ ਨਾ ਕੋਈ ਨਵੀਂ ਲਾਮ ਏ। ਇਹ ਅੱਗ ਤੇ ਦੁਖੀ ਇਨਸਾਨੀਅਤ ਦੇ ਦਰਦ ਦੀ ਅੱਗ ਏ। ਇਹ ਨਾਇਨਸਾਫ਼ੀ ਤੇ ਜ਼ੁਲਮ ਦੇ ਨਾਲ ਅਜ਼ਲਾਂ ਤੋਂ ਲੱਗੀ ਹੋਈ ਲਾਮ ਏ। ਜਾਵੇਦ ਜ਼ਕੀ ਨੇ ਸ਼ੁਰੂ ਤੋਂ ਈ ਇਨਸਾਫ਼ ਤੇ ਹੱਕ ਦੇ ਜਹਾਦ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਤੇ ਮੰਦਾ ਚੰਗਾ ਸਭੇ ਜਰ ਕੇ, ਆਪਣੀ ਸੂਲੀ ਮੋਢੇ ਧਰ ਕੇ, ਸਾਰੀ ਹਯਾਤੀ ਟੁਰਦਾ ਰਿਹਾ। ਇਹ ਉਸ ਦੀ ਆਪਣੀ ਚੋਣ ਸੀ, ਲਿਖਦਾ ਏ।

"ਅਸਾਂ ਰਤੜੇ ਆਪ ਰੰਗਾਏ,
ਰੰਗਾਂ ਦੀ ਸਾਨੂੰ ਥੋੜ ਨਾ ਕਾਈ"

ਜਾਵੇਦ ਦੀ ਪੈਦਾਇਸ਼ ਜ਼ਿਲਾ ਸ਼ੇਖ਼ੂਪੁਰਾ ਵਿੱਚ ਖ਼ਾਨਕਾਂ ਡੋਗਰਾਂ ਦੀ ਏ। ਸਾਂਗਲਾ ਦੇ ਸਕੂਲ ਤੋਂ

ਮੈਟ੍ਰਿਕ ਪਾਸ ਕੀਤਾ ਤੇ ਇੰਟਰ ਵਾਸਤੇ ਬਹਾਵਲਪੁਰ ਟੁਰ ਗਿਆ। ਉੱਥੇ ਰਹਿੰਦਿਆਂ ਜਾਵੇਦ ਨੂੰ ਸਰਾਇਕੀ ਪੜ੍ਹਨ ਲਿਖਣ ਕਾ ਸ਼ੌਕ ਪੈ ਗਿਆ ਤੇ ਸੂਫੀ ਰੰਗ ਚੜ੍ਹਿਆ। ਜਾਵੇਦ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਸੋਸ਼ਿਆਲੋਜੀ ਵਿੱਚ ਐਮ.ਏ. ਕੀਤਾ ਤੇ ਇਸਲਾਮਾਬਾਦ ਵਿੱਚ ਪਾਕਿਸਤਾਨ ਇੰਸਟੀਟਯੂਡ ਆਫ ਡਵੈਲਪਮੈਂਟ ਇਕਨਾਮਿਕ ਨਾਲ ਕੰਮ ਸ਼ੁਰੂ ਕਰ ਲਿਆ।

ਹੱਕ ਤੇ ਇਨਸਾਫ਼ ਦੇ ਇਸ ਜੇਹਾਦ ਵਿੱਚ ਜਾਵੇਦ ਨੇ ਸਿਰਫ ਸ਼ਾਇਰੀ ਹੀ ਨਹੀਂ ਕੀਤੀ, ਬਲਕੇ ਅਮਲ ਵੀ ਕਰ ਕੇ ਵਿਖਾਇਆ ਏ। ਓਹਦੀ ਸ਼ਾਇਰੀ ਉਹਦੀ ਜ਼ਿੰਦਗੀ ਦਾ ਅਕਸ ਸੀ। ਕਾਲਜ ਦੇ ਜ਼ਮਾਨੇ ਉਹਨੇ ਦੋਸਤਾਂ ਬੇਲੀਆਂ ਨਾਲ ਪਿੰਡੋ ਪਿੰਡ ਜਾਣਾ ਤੇ ਗ਼ਰੀਬ ਮਜ਼ਦੂਰਾਂ ਤੇ ਕੰਮੀਆਂ ਨੂੰ ਇਕੱਠਾ ਕਰ ਕੇ ਸਿਆਸੀ ਤੇ ਸਮਾਜੀ ਗੱਲਾਂ ਦੱਸਣੀਆਂ। ਕਈ ਵਾਰ ਉਸ ਨੇ ਗ਼ਰੀਬ ਦਾ ਹੱਕ ਦਵਾਓਣ ਲਈ ਤਾਕਤਵਰਾਂ ਨਾਲ ਮੱਥਾ ਵੀ ਲਾਇਆ। ਤੇ ਕਈ ਵਾਰ ਗੱਲ ਡਾਂਗ ਸੋਟੇ ਤਕ ਵੀ ਅੱਪੜ ਗਈ ਤੇ ਲੋਕਾਂ ਝੂਠੇ ਪਰਚੇ ਵੀ ਕਰਵਾਏ।

ਕਾਲਜ ਤੋਂ ਬਾਦ ਜਾਵੇਦ ਨੇ ਥੋੜ੍ਹੀ ਦੇਰ ਇੱਕ ਵੱਡੇ ਕਾਰਖ਼ਾਨੇ ਵਿੱਚ ਮੈਨੇਜਰ ਦੀ ਨੌਕਰੀ ਵੀ ਕੀਤੀ। ਪਰ ਜਦੋਂ ਉਹਨੇ ਮਜ਼ਦੂਰਾਂ ਉੱਤੇ ਹੁੰਦੀ ਨਾਇਨਸਾਫ਼ੀ ਵੇਖੀ ਤਾਂ ਉਹ ਬਹੁਤਾ ਚਿਰ ਇਹ ਨੌਕਰੀ ਨਾ ਕਰ ਸਕਿਆ। 1977 ਤੋਂ 1988 ਦੇ ਦੌਰਾਨ ਜ਼ਿਆ ਉਲ ਹੱਕ ਦੀ ਹਨੇਰ ਨਗਰੀ ਦੇ ਖ਼ਿਲਾਫ਼ ਮੁਹਿੰਮ ਵਿੱਚ ਉਹ ਅੱਗੇ ਅੱਗੇ ਸਨ। ਇਸ ਦੌਰ ਦੀਆਂ ਉਸਦੀਆਂ ਬਹੁਤ ਸਾਰੀਆਂ ਨਜ਼ਮਾਂ ਇਨਕਲਾਬੀ ਰੰਗ ਵਿੱਚ ਰੰਗੀਆਂ ਹੋਈਆਂ ਨੇਂ। ਇਸ ਦੌਰ ਵਿੱਚ ਜਾਵੇਦ ਨੇ ਮਜ਼ਦੂਰ ਕਿਸਾਨ ਪਾਰਟੀ ਦੇ ਕਈ ਜਲਸਿਆਂ ਵਿੱਚ ਆਪਣੀਆਂ ਨਜ਼ਮਾਂ ਸੁਣਾਈਆਂ। ਉਹਦੀ ਇੱਕ ਨਜ਼ਮ "ਇਨਕਲਾਬ ਜ਼ਿੰਦਾਬਾਦ" ਖ਼ਾਸੀ ਮਕਬੂਲ ਹੋਈ। ਇਸਲਾਮਾਬਾਦ ਵਿੱਚ ਜਾਵੇਦ ਦੀ ਮੁਲਾਕਾਤ ਖ਼ਾਲਿਦਾ ਨਾਲ ਹੋਈ, ਜਿਹੜੀ ਫੇਰ ਉਸਦੀ ਜ਼ਿੰਦਗੀ ਦੀ ਸਾਥਣ ਬਣੀ। ਦੋਂਵੇ ਜੀ ਜ਼ਨਾਨੀਆਂ ਦੇ ਹਕੂਕ ਦੀ ਤਹਿਰੀਕ " ਵਿਮੈਨ ਐਕਸ਼ਨ ਫੋਰਮ" ਵਿੱਚ ਪੂਰੇ ਪੂਰੇ ਸ਼ਾਮਿਲ ਰਹੇ। ਜਾਵੇਦ ਨੇ ਏਸ ਤਹਿਰੀਕ ਦੇ ਇੱਕ ਜਲੂਸ ਵਿੱਚ ਆਪਣੀ ਨਜ਼ਮ "ਅੱਜ ਚਿੜੀਆਂ ਖੰਭ ਖਲਾਰੇ" ਪੜ੍ਹੀ ਜਿਹੜੀ ਬੜੀ ਮਸ਼ਹੂਰ ਹੋਈ।

ਜਾਵੇਦ ਨੇ ਵਜੀਫ਼ੇ ਉੱਤੇ ਸ਼ਿਕਾਗੋ ਯੂਨੀਵਰਸਿਟੀ ਤੋਂ 1974 ਵਿੱਚ ਐਮ. ਏ. ਕੀਤਾ ਤੇ ਫਿਰ 1984 ਵਿੱਚ ਈ ਯੂ.ਐਨ.ਓ ਦੇ ਵਜ਼ੀਫ਼ੇ ਉੱਤੇ ਯੂਨੀਵਰਸਿਟੀ ਆਫ਼ ਵਿਸਕਾਂਸਨ ਵਿੱਚ ਪੀ.ਐਚ. ਡੀ. ਸ਼ੁਰੂ ਕੀਤੀ, ਪਰ ਆਪਣੀ ਬੀਵੀ ਦਾ ਸਾਥ ਦੇਣ ਲਈ ਜਾਵੇਦ ਮਿਸ਼ੀਗਨ ਸਟੇਟ ਯੂਨੀਵਰਸਿਟੀ ਆ ਗਿਆ, ਜਿੱਥੇ ਖਾਲਿਦਾ ਵੀ ਪੀ.ਐਚ.ਡੀ. ਕਰਦੀ ਪਈ ਸੀ। ਉੱਥੇ ਦੋਹਾਂ ਪੀ.ਐਚ.ਡੀ. ਮੁਕਾਈ ਤੇ ਫਿਰ ਪ੍ਰੋਫ਼ੈਸਰੀ ਕੀਤੀ।

ਜਾਵੇਦ ਦੇ ਗੁਰਦੇ ਪੜ੍ਹਾਈ ਦੇ ਦੌਰਾਨ ਹੀ ਜਵਾਬ ਦੇ ਗਏ ਸਨ ਤੇ ਏਸੇ ਕਰ ਕੇ ਅਮਰੀਕਾ ਵਿੱਚ ਇਲਾਜ ਲਈ ਰੁਕਣਾ ਜ਼ਰੂਰੀ ਸੀ।

ਪਰ ਉਹਦੇ ਅਮਰੀਕਾ ਰਹਿ ਜਾਣ ਦਾ ਇੱਕ ਕਾਰਣ ਇਹ ਵੀ ਸੀ ਕਿ ਆਪਣੇ ਮੁਲਕ ਵਿੱਚ ਗੱਲ ਹੱਦੋਂ ਵੱਧ ਹੋ ਗਈ ਸੀ। ਇਹ ਉਸ ਦੀ ਇਕ ਕੁਰਬਾਨੀ ਸੀ ਕਿ ਆਪਣੇ ਅਸੂਲਾਂ ਪਿੱਛੇ ਆਪਣਾ ਮੁਲਕ ਛੱਡ ਦਿੱਤਾ। ਆਖ਼ਿਰੀ ਦਮਾਂ ਤਾਂਈ ਮੁਲਕ ਵਾਪਸ ਜਾਣ ਦੀ ਆਸ ਲਾਈ ਰੱਖੀ, ਪਰ ਬਿਮਾਰੀ ਹੱਥੋਂ ਮਜਬੂਰ ਰਿਹਾ।

ਜਾਵੇਦ ਨੇ ਜ਼ੁਲਮ ਤੇ ਨਾਇਨਸਾਫ਼ੀ ਦੇ ਛੜੇ ਵੈਣ ਹੀ ਨਹੀਂ ਪਾਏ, ਸਗੋਂ ਇਸ ਨਿਜ਼ਾਮ ਦੇ ਖ਼ਿਲਾਫ਼ ਲੜਨ ਲਈ ਰਾਹ ਵੀ ਦੱਸਿਆ। ਇਸ ਹਿਕਮਤ ਅਮਲੀ ਦੇ ਤਿਨ ਚਾਰ ਅਸੂਲ ਨੇ।

ਪਹਿਲਾ: ਨਾਇਨਸਾਫ਼ੀ ਤੇ ਜ਼ੁਲਮ ਤੋਂ ਮੂੰਹ ਨਾ ਫੇਰੋ। ਡਰੇ ਕਬੂਤਰ ਵਾਂਗੂੰ ਅੱਖਾਂ ਬੰਦ ਨਾ ਕਰੋ।

ਅੱਖੀਂ ਬੰਦ ਕਰੋ ਨਾ ਲੋਕੋ, ਅੰਨ੍ਹੇ ਥੀਸੋ
ਅੱਖੀਂ ਕੱਜਲ ਪਾਓ, ਪੈਰੀਂ ਘੁੰਘਰੂ ਬੰਨੋ
ਹੱਥ ਵਿੱਚ ਹੱਥ ਪਾ ਕੇ, ਘੁੰਮਣ ਘੇਰੇ ਦੇ ਵਿੱਚ ਨੱਚੋ
ਧਰਤੀ ਕੁੱਟੋ, ਚੀਕਾਂ ਮਾਰੋ
ਰੌਲਾ ਪਾਉ, ਸੁੱਤੇ ਲੋਕ ਜਗਾਉ

ਦੂਜਾ: ਹੱਕ ਦੀ ਗੱਲ ਕਰੋ। ਜਾਵੇਦ ਲਿਖਦਾ

ਏ:

ਮੈਨੂੰ ਸਿਕ ਏ ਨਾਬਰ ਲੋਕਾਂ ਦੀ
ਜਿਹੜੇ ਜ਼ੁਲਮ ਨੂੰ ਜ਼ੁਲਮ ਅਖੇਂਦੇ ਨੇ
ਜਿਹੜੇ ਮੌਤ ਕੜੀ ਪਰਨੇਂਦੇ ਨੇ

ਤੀਜਾ: ਹੱਕ ਦੀ ਗੱਲ ਕਰਣ ਵਿੱਚ ਵੀ ਬੜੀ ਤਾਕਤ ਹੈ। ਖ਼ਾਸ ਕਰਕੇ ਸ਼ਾਇਰ ਦੀ ਕਵਿਤਾ ਵਿੱਚ।

ਮੈਂ ਦੁੱਲੇ ਵਰਗਾ ਨਾਬਰ ਤਾਂ ਨਹੀਂ
ਪਰ ਮੈਂ ਵੀ ਸਾਂਦਲ ਬਾਰ ਦਾ ਜਮ ਹਾਂ
ਮੇਰੀ ਅੱਖੀਂ ਹਸ਼ਰ ਦੇ ਸੋਮੇ
ਮੇਰੇ ਸੀਨੇ ਰਾਵੀ ਛੱਲ
ਮੇਰੀ ਸ਼ੂਕਰ ਦੀ ਥਰਥਲ
ਜੰਗਲ ਬੇਲੇ, ਸ਼ਹਿਰ ਤਬੇਲੇ

ਚੌਥਾ: ਹੱਕ ਦੀ ਗੱਲ ਕਰਣ ਵਾਲੇ ਅਤੇ ਜ਼ਾਲਮ ਦਾ ਹੱਥ ਰੋਕਣ ਵਾਲਿਆਂ ਦੀ ਹੱਲਾ ਸ਼ੇਰੀ ਕਰੋ। ਹਰ ਜ਼ਮਾਨੇ ਵਿੱਚ ਕਈ ਸਿਰਫਿਰੇ ਨਾਬਰ ਤੇ ਗੱਭਰੂ ਜਵਾਨ ਜ਼ਾਲਮ ਦੇ ਸਾਮ੍ਹਣੇ ਹਿੱਕ ਤਾਣ ਕੇ ਖਲੋ ਜਾਂਦੇ ਨੇਂ। ਉਨ੍ਹਾਂ ਜਵਾਨਾਂ ਦੇ ਢੋਲੇ ਤੇ ਵਾਰਾਂ ਗਾਣੀਆਂ ਚਾਹੀਦੀਆਂ ਨੇ।

ਮਾਏ ਬਖ਼ਤ ਭਰੀਏ,
ਨਾਬਰ ਸ਼ਹੀਦਾਂ ਦੇ ਵੈਣ ਨਹੀਂ ਪਾਈਦੇ
ਉਨ੍ਹਾਂ ਦੇ ਢੋਲੇ ਗਾਈ ਦੇ ਨੇ
ਤੇ ਫੇਰ ਢੋਲੇ ਗਾਵਣ ਨਾਲ ਕੀ ਹੋਵੇਗਾ?

ਹਾਲਾਤ ਬਦਲਣ ਲਈ ਬਹਾਦੁਰ ਜਵਾਨਾਂ ਦੇ ਟੋਲਿਆਂ ਦੇ ਟੋਲੇ ਚਾਹੀਦੇ ਹੁੰਦੇ ਨੇ ਜਿਹੜੇ ਜ਼ਮਾਨੇ ਦਾ ਵਿਹਾਰ ਉਲਟਾ ਦੇਵਣ। ਜਾਵੇਦ ਦੱਸਦਾ ਏ।

ਐਂਵੇਂ ਬਲਸੀ ਦੀਵੇ ਤੋਂ ਦੀਵਾ
ਐਂਵੇਂ ਦੁੱਲੇ ਭੱਟੀ,
ਅਹਿਮਦ ਖਰਲ ਤੇ ਭਗਤ ਸਿੰਘ ਜੇਹੇ
ਨਾਬਰ ਗੱਭਰੂਆਂ ਦੇ ਝੁੰਡ ਉਗਸਨ

ਜਾਵੇਦ ਜ਼ਕੀ ਨੇ ਇਨਕਲਾਬੀ ਸ਼ਾਇਰੀ ਦੇ ਇਲਾਵਾ ਸੂਫ਼ੀਆਨਾ ਰੰਗ ਅਤੇ ਇਨਸਾਨੀਯਤ ਦੇ ਰਿਸ਼ਤੇ ਦੇ ਹਵਾਲੇ ਨਾਲ ਵੀ ਬੜਾ ਕੁਝ ਲਿਖਿਆ ਏ। ਮਜ਼ਹਬੀ ਤਫ਼ਰੀਕ ਤੇ ਇੰਤਿਹਾਪਸੰਦੀ ਦੇ ਖ਼ਿਲਾਫ਼ ਲਿਖਿਆ ਤੇ ਇਨਸਾਨੀ ਬੁਨਿਆਦਾਂ ਤੇ ਪਿਆਰ ਮੁਹੱਬਤ ਦੇ ਨਾਲ ਰਹਿਣ ਦਾ ਦਰਸ ਦਿੱਤਾ ਏ।

ਧਰਤੀ ਮਾਂ ਦੇ ਸਾਰੇ ਪੁੱਤਰੋ ਕਾਲੇ ਗੋਰੇ ਪੁੱਤਰੋ
ਆਪਣੇ ਆਪਣੇ ਅੰਦਰ ਵਾਲੇ
ਇੱਕੋ ਜਿਹੇ ਵਿੱਚ ਝਾਤੀ ਪਾਕੇ
ਇਹ ਤੇ ਦੱਸੋ ਕੀ ਸਾਰੇ ਇਨਸਾਨ ਨਹੀਂ ਮਿਤਰੋ।

ਜਾਵੇਦ ਦੀ ਇਨਸਾਨੀਯਤ ਪਰਸਤੀ ਦੇ ਕਾਰਣ ਪ੍ਰੋਫ਼ੈਸਰ ਸਤਨਾਮ ਸਿੰਘ ਬੋਗਰਾ ਉਸ ਦੀ ਬੜੀ ਕਦਰ ਕਰਦੇ ਸਨ। ਏਸੇ ਕਾਰਣ ਜਾਵੇਦ ਦੀ ਕਿਤਾਬ "ਕਾਂਗਾਂ" ਨੂੰ ਬੋਗਰਾ ਹੋਰਾਂ ਗੁਰਮੁਖੀ ਲਿਪੀ ਵਿੱਚ ਉਲੱਥਾ ਕਰ ਕੇ ਹਿੰਦੁਸਤਾਨ ਵਿੱਚ ਛਪਵਾਇਆ।

ਆਪਣੇ ਆਖ਼ਿਰੀ ਇੱਕ ਦੋ ਸਾਲਾਂ ਵਿੱਚ ਜਾਵੇਦ ਨੇ ਪਾਕਿਸਤਾਨ ਤੇ ਹਿੰਦੁਸਤਾਨ ਦੇ ਵਿੱਚ ਅਮਨ ਵਾਸਤੇ, ਤੇ ਇਰਾਕ ਜੰਗ ਦੇ ਖ਼ਿਲਾਫ਼ ਭਰਭੂਰ ਕੰਮ ਕੀਤਾ। ਬੀਮਾਰ ਹੋਵਣ ਦੇ ਬਾਵਜੂਦ ਜੰਗ ਦੇ ਖ਼ਿਲਾਫ਼ ਜਲੂਸ ਵਿੱਚ ਹਿੱਸਾ ਲਿਆ। ਆਪਣੇ ਆਖ਼ਿਰੀ ਵਕਤ ਤੀਕ ਜਾਵੇਦ ਦੀਆਂ ਸੋਚਾਂ ਏਹੀ ਸਨ ਕਿ ਨਵੀਂ ਨਸਲ ਨੂੰ ਮਜ਼ਹਬੀ ਇੰਤਿਹਾ ਪਰਸਤੀ ਤੋਂ ਕਿਵੇਂ ਬਚਾਇਆ ਜਾ ਸਕਦਾ ਏ।

ਜਾਵੇਦ ਮੌਤ ਨੂੰ ਜ਼ਿੰਦਗੀ ਦਾ ਇਕ ਮਰਹਲਾ ਸਮਝਦਾ ਸੀ ਤੇ ਉਸ ਨੂੰ ਇੱਕ ਮੁਸਬਤ ਨਜ਼ਰ ਨਾਲ ਦੇਖਦਾ ਸੀ। ਸਖ਼ਤ ਬੀਮਾਰੀ ਤੇ ਤਕਲੀਫ਼ ਵਿੱਚ ਵੀ ਯਾਰਾਂ ਬੇਲੀਆਂ ਦੀ ਖ਼ਾਤਿਰ ਮਹਿਫ਼ਲਾਂ ਸਜਾਉਂਦਾ ਰਿਹਾ ਤੇ ਗਾ ਗਾ ਕੇ ਰੌਣਕ ਲਾਉਂਦਾ ਰਿਹਾ। ਜਾਵੇਦ ਦੀਆਂ ਕੁਝ ਆਖ਼ਿਰੀ ਨਜ਼ਮਾਂ 2005 ਵਿੱਚ "ਪੰਚਮ" ਰਸਾਲੇ ਵਿੱਚ ਛਪੀਆਂ ਨੇ।

ਦੂਰ ਦੁਰਾਡੇ ਜਾਵਣ ਵਾਲੇ ਫੇਰ ਨਾ ਫੇਰਾ ਪਾਂਦੇ
ਹੰਜੂਵਾਂ ਦੇ ਵਿੱਚ ਭਿਜੀਆਂ ਸੋਚਾਂ ਮਿੱਤਰਾਂ ਲਈ ਛੱਡ ਜਾਂਦੇ
ਉਨ੍ਹਾਂ ਦੇ ਪਰਛਾਂਵੇਂ ਅੱਖੀਂ ਸਾਂਭ ਸਾਂਭ ਕੇ ਰੱਖਣੇ
ਤੇ ਅੱਥਰੂ ਛਮ ਛਮ ਵਸਣੇ।

ਪੇਸ਼ ਹਨ ਜਾਵੇਦ ਜ਼ਕੀ ਦੀਆਂ ਅਣਛਪੀਆਂ ਨਜ਼ਮਾਂ:-

## ਗੁਰੂ ਨਾਨਕ ਜੀ

ਨਾਨਕ ਰੂਪ ਸੁਬਾ ਦੀ ਲਾਲੀ
ਰੁਤਬਾ ਆਲੀ ਆਲੀ
ਮੁੱਖ ਰਿਸ਼ਮਾਂ ਦਾ ਧੋਤਾ ਹੋਇਆ
ਸੂਰਤ ਕਰਮਾਂ ਵਾਲੀ
ਤੇਰੀ ਮਹਿਕ ਝੱਲੀ ਜੱਗ ਸਾਰੇ
ਗਲ਼ੀਆਂ ਦਵਾਰੇ ਦਵਾਰੇ
ਇਕ ਦੁਨੀਆ 'ਤੇ ਚਾਨਣ ਕੀਤਾ
ਤੇਰੇ ਮੁੱਖ ਲਸ਼ਕਾਰੇ
ਸਾਡੇ 'ਤੇ ਵੀ ਕਰਮ ਕਰੀਂ ਚਾ
ਮੁੱਕ ਜਾਵੇ ਬਦ ਹਾਲੀ

ਆ ਵੰਜ ਮਾਹੀ ਅੰਦਰ ਵੱਸ ਚਾ
ਲੂੰ ਲੂੰ ਦੇ ਵਿੱਚ ਰੱਸ ਚਾ
ਮਨ ਥੀਵੇ ਚਾ ਹਰਿਆ ਭਰਿਆ
ਕਿਧਰੋਂ ਨਿੰਮਾ ਹੱਸ ਚਾ
ਪ੍ਰੇਮ ਜੋਤ ਦੀ ਰੰਗਲੀ ਜੋਤ ਜਗਾ ਦੇ
ਦੁਨੀਆ ਥੈ ਸੁਖਾਲ਼ੀ

ਮੈਂ ਔਗਣ ਮੇਰਾ ਸੀਨਾ ਭਰ ਚਾ
ਅੰਦਰ ਨੂਰੀ ਕਰ ਚਾ
ਮੁੱਕ ਜਾਵਣ ਸਭ ਰੋਲ਼ੇ ਗੋਲ਼ੇ
ਰੂਹ ਨੂੰ ਅੰਮ੍ਰਤ ਕਰ ਚਾ
ਤੂੰ ਪੰਜਾਬ ਦਾ ਸੁਰਜਨ ਤਾਰਾ
ਪੰਜ ਨਦੀਆਂ ਦਾ ਵਾਲੀ

■

## ਰੱਤੀਆਂ ਸੂਝਾਂ

ਝੁੱਲ ਪਈ ਲਾਲ ਹਨ੍ਹੇਰੀ
ਝੋਕਾਂ ਕੂਕਦਿਆਂ
ਦੱਬ ਰੱਤੀਆਂ ਸੂਝਾਂ ਸ਼ੂਕਦਿਆਂ
ਰੱਤ ਸੂਰਜ ਥਈ, ਸਮੇ ਸਿੱਲ੍ਹੇ ਦੀ
ਜੱਗ ਝੱਲੇ ਦੀ
ਸੱਤ ਲਾਂਘੇ ਥੈ ਆਬਾਦ
ਰੁੱਤ ਨਾਬਰ ਥਈ ਚਾਰੇ ਜੂਹਾਂ
ਮਨ ਸੱਧਰਾਂ ਥੱਈਆਂ ਸ਼ਾਦ

■

## ਨਾਬਰ ਤੇ ਨਿਰਵਾਰ

### (ਦਾਦਾ ਅਮੀਰ ਹੈਦਰ ਦੇ ਨਾਵੇਂ)

ਤੂੰ ਕਾਲ਼ਾ ਬੱਦਲ ਸਾਵਣ ਦਾ
ਤੂੰ ਚੇਤ ਨਰੋਈ ਰੁੱਤ
ਨਾਬਰ ਪੁੱਤ

ਤੂੰ ਸਾਂਝ ਸੁਨੇਹਾ ਖ਼ਲਕਤ ਲਈ
ਤੂੰ ਮੁਨਸਿਫ਼ ਤੂੰ ਨਿਰਵਾਰ
ਤੂੰ ਸਰਦਾਰ

ਤੂੰ ਰੁੱਤ ਕਭਦੇ ਭਾਰਾਂ ਦੇ ਵਿੱਚ
ਜ਼ੁਲਮ ਅੱਗੇ ਦੀਵਾਰ
ਤੂੰ ਜੀ ਦਾਰ

ਤੇਰੇ ਨਾਂ ਦੀਆਂ ਟਾਹਰਾਂ ਚਾਰੇ ਜੂਹਾਂ
ਤੂੰ ਸਾਂਵਲ ਦਿਲਦਾਰ
ਮਿਠੜਾ ਯਾਰ

ਤੂੰ ਢੋਲੀਆਂ ਵਿੱਚ ਗਵੀਂਦਾ ਐਂ
ਤੂੰ ਅਹਿਮਦ ਖਰਲ, ਭਗਤ ਸੱਜਣ
ਤੂੰ ਰਾਜਗੁਰੂ, ਸੁਖਦੇਵ ਅਮਰ
ਤੂੰ ਦੱਲਾ ਰਾਠ ਸਦੀਂਦਾ ਐਂ

ਤੂੰ ਖ਼ਲਕਤ ਮੰਨ ਵਸਨੀਂਦਾ ਐਂ
ਤੂੰ ਖ਼ਲਕਤ ਮੰਨ ਵਸਨੀਂਦਾ ਐਂ

■

## ਇਨਕਾਰ

ਭਾਂਵੇਂ ਸੀਖਾਂ ਵਿੰਨ੍ਹ ਕੇ ਸਾੜੋ
ਛੌਡੇ ਤਨ ਦੇ ਵਾਰੋ ਵਾਰੀ
ਲੱਖ ਲੱਖ ਵਾਰੀ
ਬਾਘ ਬਘੇਲੇ ਭੁੱਖੇ ਛੱਡੋ
ਪਿੰਡਾ ਛਾਂਗਣ ਲਈ ਲੱਖ ਭਾਂਵੇਂ
ਧੁਧਲ ਥੀਵਣ ਮੇਰੇ ਤੰਨ ਦੇ
ਅੰਗ ਅੰਗ ਭਾਂਵੇਂ
ਦੂੱਸਰ ਕਰ ਕੇ ਨੇਜ਼ੇ ਤਿੱਖੇ
ਟੰਗੋ ਮੈਨੂੰ ਅੱਧ ਅਸਮਾਨੇ
ਬਲਦੇ ਭਖ਼ਦੇ ਨੇੜੇ
ਦੇਹਿ ਮੇਰੀ ਨੂੰ ਪੁੱਠਿਆਂ ਕਰ ਕੇ
ਭਾਂਵੇਂ ਦੇਵੋ ਕੋਹਲੂ ਗੇੜੇ
ਮੈਂ ਨਾ ਲਾਸਾਂ ਥੋਹਰ ਸੂਝੀਂ

■

## ਸਾਂਦਲ ਬਾਰ ਦੀ ਸਿੱਕ

ਡੀਂਹ ਰਾਤੀਂ ਮੇਰੇ ਅੰਦਰ ਸ਼ੂਕਣ
ਸਾਵੀ ਰੁੱਤ ਦੇ ਬੇਲੇ
ਧੁਰ ਤਬੇਲੇ
ਸੂਝਾਂ ਦੀ ਵਾਟਾਂ ਤੇ ਪੁੰਘਰਨ
ਸੰਘਣੇ ਜੰਡ ਜੰਡੋਲੇ
ਝੁੱਲਣ ਵਾ ਵਰੋਲ਼ੇ
ਵਿੱਚ ਚੰਗਰੀਂਦੇ ਨਿੱਘਰ ਜੁੱਸੇ
ਝੁੰਮਰ ਪਾਊਂਦੇ
ਵਾਰਾਂ ਨਾਬਰ ਖਰਲਾਂ, ਭੱਟੀਆਂ ਜਹੇ
ਰਾਠਾਂ ਦੀਆਂ ਗਾਓਂਦੇ
ਨਿੱਤ ਖੜ ਖੜ ਖੜਕਣ ਢੋਲ
ਮੇਰਾ ਅੰਗ ਅੰਗ ਨੱਚੇ ਲੁੱਡੀ
ਜੁੱਸਾ ਥੀਵੇ ਨਰਮ ਨਰੋਲ

■

## 1983

ਕਾਲ ਬੁਲੇਂਦੀ
ਨਾਦਰ ਝੰਢ ਖਲਾਰੀ
ਜੰਡ ਜੰਡੋਲੇ ਬਾਰ ਦੇ
ਕੁਝ ਸ਼ਹਿ ਅਸਵਰਾਂ
ਮਾਣੀ ਛਿੰਜ ਵੰਗਾਰ
ਬੰਨ੍ਹ ਮਡਾਸੇ ਰੰਗਲੇ
ਹੱਥ ਟਕਵੇ ਚੱਕੇ
ਰੱਖ ਮੋਢੇ ਤੇ ਬਰਛਿਆਂ
ਲੱਕ ਤਰਕਸ਼ ਸੱਟੇ
ਮੁਸ਼ਕੀ ਅੱਥਰੇ ਘੋੜੇਆਂ
ਨੱਚ ਨੱਚ ਕਿੱਲੇ ਪੱਟੇ
ਵਾਹਰਾਂ ਚੜਿਆਂ ਚੜ੍ਹਦੇ ਲਹਿੰਦੇ
ਚਾਰੇ ਜੂਹਾਂ ਨ੍ਹੇਰੀ ਘੱਟੇ
ਵਿੱਚ ਕੂਕੇਂਦੇ ਨਾਬਰ
ਅਸਾਂ ਲੁਕਣਾ ਰਾਵਲ ਡੇਰੇ
ਕੋਈ ਤੁਰੱਟ ਨਾ ਪਏ ਸ਼ਾਲਾ ਹਿੰਮਤਾਂ ਨੂੰ
ਰੱਬ ਦਿਨ ਚਾ ਫੇਰੇ

■

## ਦੁੱਲੇ ਭੱਟੀ ਦੀ ਵਾਰ

ਢੋਲ ਵਜੇਂਦਾ ਢੋਲ
ਢੋਲ ਵਜੇਂਦਾ ਦੁੱਲੇ ਦਾ
ਤੇ ਨੱਚਦੇ ਨਿੱਗਰ ਕੰਮੀਂ ਕਾਮੇ
ਨੱਚਦੇ ਰਾਠ ਮਸੱਲੀ
ਸੱਚ ਸੁਰਤ ਦੀ ਜਲ਼ੀ
ਸਿਰ ਤੇ ਪੱਗੜ ਰੱਤੜੇ ਸੂਹੇ
ਰੰਗ ਬਸੰਤੀ ਚੋਲ਼ੇ
ਝੁੰਮਰ ਘੁੰਮਰ ਨਾਚ ਨਚੇਂਦੇ
ਝੁੱਲਣ ਵਾ ਵਰੋਲ਼ੇ

ਢੋਲ ਵਜੇਂਦਾ ਢੋਲ
ਤੇ ਨਿੱਤ ਵਜੇਂਦਾ ਸਾਂਦਲ ਬਾਰ
ਆਓ ਨੱਚੀਏ ਅੱਡੀ ਮਾਰ
ਨਾਬਰ ਰੰਗ ਜਮਾਈਏ
ਪਿੱਤਲ਼ ਕੋਕੇ ਵਿੰਨ੍ਹੀ ਡਾਂਗ ਘੁਮਾਈਏ
ਲਾਂਗੇ ਲਾਹੀਏ

■

## ਨਾਬਰ ਸਿੱਕ

ਮੇਨੂੰ ਸਿੱਕ ਨਹੀਂ ਰਹੀ
ਉਹਨਾਂ ਇਲਮਾਂ-ਇਲਮ ਕਿਤਾਬਾਂ ਦੀ
ਜਿਹੜੇ ਚੁੱਪ ਕੜਿੱਕੀ ਲਾਂਦੇ ਮੂੰਹੇ
ਹੱਥੀਂ ਪੈਰੀਂ ਸੌਖਾ
ਉਹਨਾਂ ਇਲਮਾਂ- ਇਲਮ ਕਿਤਾਬਾਂ ਦੀ
ਮੇਨੂੰ ਸਿੱਕ ਨਹੀਂ ਰਹੀ
ਮੇਨੂੰ ਸਿੱਕ ਏ ਨਾਬਰ ਲੋਕਾਂ ਦੀ
ਜਿਹੜੇ ਜ਼ੁਲਮ ਨੂੰ ਜ਼ੁਲਮ ਅਖੇਂਦੇ ਨੇਂ
ਜਿਹੜੇ ਮੌਤ ਕੁੜੀ ਪਰਨੀਂਦੇ ਨੇਂ
ਅੱਜ ਕਾਲ ਬੁਲੇਂਦੀ ਘਭਰੂ ਸਾਂਦਲ ਬਾਰ ਦਿਓ
ਕੋਈ ਉੱਠੇ ਦਰਦਮੰਦਾਂ ਦਾ ਦਰਦੀ
ਉੱਠੇ ਦੁੱਲਾ ਵੀਰ
ਅੱਜ ਸਾਵਿਆਂ ਰੁੱਤਾਂ ਡੁਸਕਦੀਆਂ
ਅੱਜ ਇਕ ਇਕ ਰੁੱਖ ਦਿਲਗੀਰ
ਕੋਈ ਅਹਿਮਦ ਖਰਲ ਚੜ੍ਹੇ ਨੀਲੀ
ਵੱਗ ਅੱਗੇ ਲਾਏ ਬਾਘੜ ਬਿੱਲੇ ਹਾਕਮਾਂ ਦਾ
ਤੇ ਕਰ ਦੈ ਸਿੱਧਾ ਤੀਰ
ਜਿਨ੍ਹਾਂ ਘਰ ਘਰ ਵੈਣ ਪਵਾਏ ਹਨ
ਇਹ ਕਾਤਲ ਸੱਧਰਾਂ ਸਾਰਾਂ ਦੇ
ਇਹ ਬਾਝ ਸੰਗੀਨਾਂ ਬਲਮਾਂ ਦੇ ਕੁਝ ਕਾਰ ਨਾਹੀਂ
ਇਹ ਮੁਲਖਾਂ ਦੇ ਸਰਦਾਰ ਨਾਹੀਂ

■

## ਲੱਗੀ ਰੁੱਤ ਦਾ ਗਾਉਣ

ਅੱਜ ਡੀਂਹ ਵੀ ਸੱਖਣਾ ਲੰਘਿਆ
ਕੁਝ ਵੀ ਕਾਰ ਨਾ ਕੀਤਾ
ਨਾ ਮੈਂ ਭਾਂਬੜ ਲਾਏ - ਨਾਬਰ ਸੋਚਾਂ ਦੇ
ਨਾ ਮੇਥੋਂ ਕੋਈ ਅੱਲ ਪਵੀਚੀ

ਨਾ ਮੈਂ ਡੌਂਡੀ ਪੱਟੀ ਕੜਮੇ ਮੁਲਖਾਂ ਦੀ
ਜਿਹਨਾਂ ਸੂਲ਼ੀਆਂ ਟੰਗੇ ਘਭਰੂ
ਮਾਣ ਤਰੋੜੇ ਮਾਂਵਾਂ ਭੈਣਾਂ ਦੇ
ਇਹ ਹੱਕ ਏ
ਇਹ ਸੱਚ ਏ
ਮੈਂ ਦੁੱਲੇ ਵਰਗਾ ਨਾਬਰ ਤਾਂ ਨਹੀਂ
ਪਰ ਮੈਂ ਵੀ ਸਾਂਦਲ ਬਾਰ ਦਾ ਜੰਮ ਆਂ
ਮੇਰੀ ਅੱਖੀਂ ਹਸ਼ਰ ਦੇ ਸੋਮੇ
ਮੇਰੇ ਰਾਵੀ ਛੱਲ
ਮੇਰੀ ਸ਼ੂਕਰ ਦੀ ਥਰਥਲ
ਜੰਗਲ ਬੇਲੇ, ਸ਼ਹਿਰ ਤਬੇਲੇ

■

## ਗੀਤ

ਤੇਰੇ ਨਾਲ਼ ਚਾ ਅੱਖੀਆਂ ਲਾਈਆਂ
ਪਈਆਂ ਰਾਤਾਂ ਜਾਗ ਲੰਘਾਈਆਂ

ਯਾਰ ਸੱਜਣ ਤੇਰੇ ਝੌਲ਼ੇ ਪੈਂਦੇ
ਕੰਨ ਵੱਜਦੇ ਤੇਰੇ ਬੋਲ ਸੁਣੀਂਦੇ
ਖਿੱਲੀਆਂ ਹਾਸੇ ਚੇਤੇ ਆਉਂਦੇ
ਕੀਹ ਜਿੰਦੜੀ ਈ ਬਿਨ ਸਾਈਆਂ

ਤੂੰ ਵੱਸਦਾ ਮੇਰੇ ਅੰਦਰ ਬਾਹਿਰ
ਤੂੰ ਐਂ ਮੇਰਾ ਅਜ਼ਲ ਤੇ ਆਖ਼ਰ
ਤੂੰ ਐਂ ਕਲਮਾ ਸਜਦਾ ਦਿਲਬਰ
ਨਿੱਤ ਤੇਰੀਆਂ ਮਾਲਾਂ ਪਾਈਆਂ

ਮੈਂ, ਮੈਂ ਨਹੀਂ ਬੱਸ ਮੈਂ ਤੂੰ ਹੋਈ
ਤੇਰੀ ਜ਼ਾਤ ਇੱਚ ਜ਼ਾਤ ਲਕੋਈ
ਮੇਨੂੰ ਮੈਂ ਦੀ ਲੋੜ ਨਾ ਕੋਈ
ਜਦ ਤੇਰੇ ਸੰਗ ਅਸ਼ਨਾਈਆਂ

■

## ਮਜ਼ਦੂਰਾਂ ਦੇ ਆਲਮੀ ਦਿਨ ਦੇ ਹਵਾਲੇ ਨਾਲ

ਧਰੋਈ ਆ ਮੁਲਖਾ ਧਰੋਈ
ਅਣਖ ਸ਼ੁਦਾ ਦਾ ਸੂਰਜ ਡੁੱਬਿਆ
ਜਿੰਦ ਭੈੜੀ ਅੱਧ ਮੋਈ
ਧਰੋਈ ਆ ਮੁਲਖਾ ਧਰੋਈ

ਆਸ ਉਮੀਦ ਦਾ ਚਾਨਣ ਗਦਲਾ
ਖ਼ੋਰੇ ਕਿਹੜੇ ਕਾਰ ਦਾ ਬਦਲਾ
ਰੱਤ ਸਾਥੋਂ ਪਈ ਮੰਗੇ
ਖ਼ਲਕਤ ਝੋਰੇ ਮੋਢੇ ਚਾ ਕੇ
ਮੂੰਹ ਤੇ ਸੋਚ ਨੂੰ ਜੰਦਰੇ ਲਾ ਕੇ
ਨੀਵੀਂ ਪਾ ਪਾ ਲੰਘੇ
ਸਿਰ ਨਾ ਚਾਵੇ ਕੋਈ
ਧਰੋਈ ਆ ਮੁਲਖਾ ਧਰੋਈ

ਸੋਚਾਂ ਦੀ ਲਓ ਮਟਿਆਲੀ ਜਹੀ
ਸੁਰਤ ਚਾਨਣੀ ਧੁਰ ਕਾਲ਼ੀ ਜਹੀ
ਸ਼ਾਲਾ ਸੂਰਜ ਉੱਗੇ
ਪੈਰਾਂ ਦੇ ਵਿੱਚ ਘੁੰਘਰੂ ਪਾ ਕੇ
ਭੰਗੜੇ ਗਿੱਧੇ ਨਾਚ ਨਚਾ ਕੇ
ਹਰ ਕੋਈ ਪਿਆ ਪੁੱਗੇ
ਜਾਗੇ ਖ਼ਲਕਤ ਸੋਈ
ਧਰੋਈ ਆ ਮੁਲਖਾ ਧਰੋਈ

ਭਾਂਵੇਂ ਰਾਤ ਤਵੇ ਦੀ ਕਾਲ਼ਕ
ਚੰਨ ਕਾਂਵਾਂ ਦੇ ਆਲ੍ਹਣੇ
ਜੁਲ੍ਹੇ ਲਾਲ ਹਨ੍ਹੇਰੀ
ਅੱਖਾਂ ਦੇ ਵਿੱਚ ਜੁਗਨੂ ਭਰ ਕੇ
ਦੀਵੇ ਥਾਂ ਥਾਂ ਬਾਲ਼ਨੇ
ਇਹ ਸਿੱਕ ਤੇਰੀ ਮੇਰੀ
ਇਹਦੇ ਬਾਝ ਨਾ ਢੋਈ
ਧਰੋਈ ਆ ਮੁਲਖਾ ਧਰੋਈ

■

## ਅੱਖੀਂ ਬੰਦ ਕਰੋ ਨਾ ਲੋਕੋ

ਅੱਖੀਂ ਬੰਦ ਕਰੋ ਨਾ ਲੋਕੋ
ਅੰਨ੍ਹੇ ਥੀਸੋ
ਅੱਖੀਂ ਕੱਜਲ਼ ਪਾਓ
ਪੈਰੀਂ ਘੁੰਘਰੂ ਬੰਨ੍ਹੋ
ਹੱਥਾਂ ਵਿੱਚ ਪਾ ਕੇ
ਘੁੰਮਣ ਘੇਰੇ ਦੇ ਵਿੱਚ ਨੱਚੋ
ਧਰਤੀ ਕੱਟੋ, ਚੀਕਾਂ ਮਾਰੋ
ਰੌਲ਼ਾ ਪਾਓ – ਸੁੱਤੇ ਲੋਕ ਜਗਾਓ
ਆਪਣੇ ਚਾਰ ਚੁਫੇਰੇ ਤੱਕੋ
ਰਾਹੀਂ ਰਾਹੀਂ ਖ਼ੂਨੀ ਛਿੱਟੇ
ਲਾਲ ਹਨ੍ਹੇਰੀ ਉਹ ਅਸਮਾਨੇ
ਕਿੰਨੇ ਨਿੱਗਰ ਨਿੱਗਰ ਜੁੱਸੇ ਜ਼ੁਲਮ ਦੀ ਸੂਲ਼ੀ ਚੜ੍ਹਦੇ
ਵਿੱਚੋਂ ਰੋਂਦੇ – ਉੱਤੋਂ ਹੱਸਦੇ
ਲੋਕੀ ਭੈੜੇ ਥੋੜ੍ਹ-ਦਿਲੇ ਨੇਂ
ਸਾਥ ਨਹੀਂ ਦੇਂਦੇ
ਇੰਜ ਤੇ ਭੈੜਿਓ ਜ਼ੁਲਮ ਨਾ ਮੁੱਕਸੀ
ਗੱਲ ਨਾ ਬਣਸੀ
ਆਓ ਰਲ਼ ਮਿਲ਼ ਢੋਲੇ ਗਾਈਏ
ਮੋਢੇ ਮੋਢਾ ਲਾ ਕੇ
ਅਪਣਾ ਪੰਧ ਮੁਕਾਈਏ
ਜ਼ੁਲਮ ਦੇ ਸੀਨੇ ਲਾਂਬੂ ਲਾਈਏ

■

## ਬਸੰਤ ਬਹਾਰ

ਆਈ ਏ ਬਸੰਤ ਬਹਾਰ
ਰੁੱਤ ਰੰਗਲੀ ਸਾਡਾ ਮੰਨ ਮਧਰਾਏ
ਅੱਖੀਆਂ ਅੰਤ ਖ਼ੁਮਾਰ
ਨੀਲੀਆਂ ਪੀਲ਼ੀਆਂ ਉੱਡਦੀਆਂ ਗੁੱਡੀਆਂ
ਅੱਲ੍ਹੜ ਹੀਰਾਂ ਪਾਵਣ ਲੁੱਡੀਆਂ
ਅੱਖੀਆਂ ਛਲਕੇ ਪਿਆਰ
ਤਿੱਤਲੀਆਂ ਨੱਚਦਿਆਂ ਫਿਰਦੀਆਂ ਥਾਂ ਥਾਂ
ਸੱਤ ਰੰਗੀ ਏ ਫੁੱਲਾਂ ਦੀ ਛਾਂ
ਝਰਨੇ ਗਾਣ ਮਲਹਾਰ
ਨਾਜ਼ੁਕ ਜੱਟੀਆਂ ਮਸਤ ਫਰੇਂਦਿਆਂ
ਭਰ ਭਰ ਬੁੱਕਾਂ ਹੁਸਨ ਲੁਟੇਂਦਿਆਂ
ਗੱਭਰੂਆਂ ਦੇ ਮੰਨ ਠਾਰ
ਕੋਸੀ ਕੋਸੀ ਧੁੱਪ ਦੀ ਚਾਦਰ
ਨਿੱਘੀ, ਮਾਂ ਦੀ ਬੁੱਕਲ਼ ਵਾਂਗਰ
ਤੰਨ ਮੰਨ ਚੈਨ ਕਰਾਰ
ਮੰਨ ਵਿੱਚ ਮੇਲੇ ਸੱਜਦੇ ਰਹਿੰਦੇ
ਉੱਚੀ ਉੱਚੀ ਵਜਦੇ ਰਹਿੰਦੇ
ਢੋਲਾਂ ਦੇ ਖੜਕਾਰ
ਪੰਜ ਦਰਿਆਵਾਂ ਦਾ ਰੱਬ ਵਾਲੀ
ਵੱਸਦੀ ਰਹੇ ਹਰ ਥਾਂ ਹਰਿਆਲੀ
ਜੀਵੇ ਸਾਂਦਲ ਬਾਰ

■

## ਕਰੜੀ ਰੁੱਤ ਦਾ ਵੈਣ

ਉਹੋ ਕਰੜੀ ਰੁੱਤ ਦਾ ਮੌਸਮ
ਉਹੋ ਰੁੱਤ ਕਬਦੀ
ਜਿਹੜੀ ਕਈ ਵਰ੍ਹਿਆਂ ਤੋਂ ਲੱਗੀ
ਹਰ ਬੰਦੇ ਦੇ ਚਾਰ ਦਵਾਲੇ
ਚੁੱਪ ਤੇ ਖ਼ੌਫ਼ ਦੀ ਵਲ਼ਗਣ
ਚਿੱਤੂ ਸੱਚ ਬੋਲਣ ਤੋਂ ਅਜਕਣ
ਪਿੰਡਾ ਟੁੱਟੇ, ਸੂਝਾਂ ਸੁਲਗਣ
ਏਡਾ ਖ਼ੌਫ਼ ਦੀ ਟੰਡ ਦਾ ਝੱਕੜ
ਬੁੱਲ੍ਹਾਂ ਦੀ ਦਹਿਲੀਜ਼ਾਂ ਪਿੱਛੇ
ਜੰਮ ਜੰਮ ਜਾਵਣ ਅੱਖਰ
ਵੇਲ਼ਾ ਖੱਖਰ
ਉੱਚੇ ਟਿੱਬੇ ਗਿੱਧਾਂ ਮੱਲੇ
ਸ਼ੇਰਾਂ ਮੱਲੇ ਝੱਕ
ਜੱਡੀ ਥੀ ਗਈ ਨਾਬਰ ਸਿੱਕ
ਆਓ ਗੱਜੀਏ ਚੁੱਪ ਦੇ ਬੇਲੇ
ਨਾਦਾਂ ਵੱਜਣ ਸ਼ਹਿਰ ਤਬੇਲੇ
ਨਾਬਰ ਕੂਕਣ ਚੜ੍ਹਦੇ ਲਹਿੰਦੇ

■

## ਗ਼ਜ਼ਲ

ਕੁਝ ਤਦਬੀਰਾਂ ਚੱਲੀਆਂ ਨਾ
ਸੁੱਖ ਤਕਦੀਰਾਂ ਫਲ਼ੀਆਂ ਨਾ

ਉਹੋ ਹਿਜਰ ਵਿਰਾਗ ਦਾ ਮੌਸਮ
ਵਸਲ ਬਰਾਤਾਂ ਵਲ਼ੀਆਂ ਨਾ

ਜਿਹਨੇ ਚਾਵਾਂ ਦਾ ਮੁੱਲ ਭਰਿਆ
ਉਹਦੀਆਂ ਰਾਤਾਂ ਢਲ਼ੀਆਂ ਨਾ

ਕਿੰਨੇ ਆਏ ਲੰਘ ਗਏ ਮੌਸਮ
ਸਾਡੀਆਂ ਰਾਹਵਾਂ ਰਲ਼ੀਆਂ ਨਾ

ਵੇਲ਼ਾ ਸੂਰਤ ਸੁਹਾਗਣ ਵੱਸੇ
ਰੁੱਤਾਂ ਹੋਵਣ ਝੱਲੀਆਂ ਨਾ

ਸ਼ਾਲਾ ਵੱਸਣ ਰਾਵੀ ਝੋਕਾਂ
ਸੁੰਞੀਆਂ ਹੋਵਣ ਗਲ਼ੀਆਂ ਨਾ

■



'ਸ਼ਾਹਮੁਖੀ 'ਤੇ ਗੁਰਮੁਖੀ' ਦੋਹਾਂ ਲਿੱਪੀਆਂ ਵਿੱਚ ਇੱਕੋ ਜਿਹਾ ਛਪਿਆ ਇਹ ਤਿਮਾਹੀ ਰਿਸਾਲਾ 'ਸਾਂਝ' ਜਿਹੜਾ ਲਾਹੌਰ ਤੋਂ ਸ਼ਾਹਮੁਖੀ ਵਿੱਚ ਤੇ ਲੁਧਿਆਣੇ ਤੋਂ ਗੁਰਮੁਖੀ ਵਿੱਚ ਛਪ ਰਿਹਾ ਹੈ, ਸਾਰੇ ਪੰਜਾਬੀਆਂ ਦੀ ਸਾਂਝ ਨੂੰ ਅੱਗੇ ਵਧਾਉਣ ਦਾ ਇਕ ਜਤਨ ਏ। ਤਾਂ ਜੇ ਪੰਜਾਬੀ ਦੀਆਂ ਦੋ ਵੱਖੋ ਵੱਖ ਲਿੱਪੀਆਂ ਹੋਵਣ ਦੇ ਕਾਰਣ ਲਫ਼ਜ਼ਾਲੀ ਦੇ ਵੱਧ ਰਹੇ ਵਖਰੇਵੇਂ ਨੂੰ ਡੱਕਾ ਲੱਗੇ। ਪੰਜਾਬੀ ਦੀਆਂ ਦੋਹਾਂ ਲਿੱਪੀਆਂ ਦੇ ਲਿਖਾਰੀਆਂ, ਸੂਝਵਾਨਾਂ ਅਤੇ ਪੜ੍ਹਨ ਹਾਰਾਂ ਵਿੱਚ ਸੁਰਤ ਤੇ ਵਿਚਾਰਾਂ ਦੀ ਸਾਂਝ ਵਧੇ ਤੇ ਪੰਜਾਬੀ ਕਲਚਰ ਤੇ ਬੋਲੀ ਦੀ ਸਾਂਭ ਸੰਭਾਲ ਤੇ ਵਧਾਅ ਲਈ ਪੱਕੀ ਪੀਢੀ ਸਾਂਝ ਬਣੇ। ਇਹ ਰਿਸਾਲਾ ਤਿੰਨਾਂ ਪੰਜਾਬਾਂ (ਲਹਿੰਦੇ, ਚੜ੍ਹਦੇ ਤੇ ਬਾਹਰਲੇ ਪੰਜਾਬ) ਦੇ ਲਿਖਾਰੀਆਂ ਦੀ ਸੋਚ ਵਿਚਾਰ ਦਾ ਨੁਮਾਇੰਦਾ ਏ ਤੇ ਦੁਨੀਆਂ ਦੇ ਹਰ ਓਸ ਮੁਲਕ ਵਿੱਚ ਵੰਡਿਆ ਜਾਂਦਾ ਏ ਜਿੱਥੇ ਪੰਜਾਬੀ ਵਸਦੇ ਨੇਂ।